ਮੰਗਲਵਾਰ, 18 ਅਗਸਤ, 2026
2 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 77

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 18 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 16

## ਵੱਡੇ ਹਾਦਸੇ ਦਾ ਖਤਰਾ



ਰੋਜ਼ਾਨਾ 'ਨਵਾਂ ਜ਼ਮਾਨਾ' ਤੇ 'ਅਜੀਤ' ਦੇ ਦਫਤਰਾਂ ਅੱਗੇ ਕੁੱਬੇ ਹੋਏ ਬਿਜਲੀ ਦੇ ਖੰਭੇ ਨੇ ਗੰਭੀਰ ਖਤਰਾ ਪੈਦਾ ਕਰ ਦਿੱਤਾ ਹੈ, ਜੋ ਕਦੇ ਵੀ ਤੇਜ਼ ਹਨੇਰੀ ਕਾਰਨ ਸੜਕ ਵੱਲ ਡਿੱਗ ਸਕਦਾ ਹੈ। ਇਸ ਖੰਭੇ ਨਾਲ ਹਾਈ ਵੋਲਟੇਜ ਵਾਲੀਆਂ ਤਾਰਾਂ ਪਾਸ ਹੋ ਰਹੀਆਂ ਹਨ।

# ਈ-10 ਪੈਟਰੋਲ ਦੀ ਵਿਕਰੀ ਮੁੜ ਸ਼ੁਰੂ ਕਰਨ ਦੀ ਵਕਾਲਤ

### ਮੁੱਖ ਆਰਥਿਕ ਸਲਾਹਕਾਰ ਵੱਲੋਂ ਸਕੂਟਰ-ਮੋਟਰਸਾਈਕਲਾਂ ਨੂੰ ਹੋ ਰਹੇ ਨੁਕਸਾਨ ਬਾਰੇ ਕੀਤਾ ਖ਼ਬਰਦਾਰ

**ਨਵੀਂ ਦਿੱਲੀ (ਨ ਜ਼ ਸ)**

ਕੇਂਦਰ ਸਰਕਾਰ ਦੇ ਦਾਅਵੇ ਦੇ ਉਲਟ ਇਸ ਦੇ ਮੁੱਖ ਆਰਥਿਕ ਸਲਾਹਕਾਰ (ਸੀ ਈ ਏ) ਵੀ. ਅਨੰਤ ਨਾਗੇਸ਼ਵਰਨ ਨੇ ਕਿਹਾ ਹੈ ਕਿ ਈ-20 ਪੈਟਰੋਲ ਵਾਹਨਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਪੁਰਾਣੇ ਦੋਪਹੀਆ ਵਾਹਨਾਂ ਲਈ ਈ-10 ਪੈਟਰੋਲ ਦੀ ਵਿਕਰੀ ਮੁੜ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।



'ਦੀ ਇੰਡੀਅਨ ਐਕਸਪ੍ਰੈਸ' ਲਈ ਲਿਖੇ ਆਪਣੇ ਲੇਖ ਵਿੱਚ ਨਾਗੇਸ਼ਵਰਨ ਨੇ ਕਿਹਾ ਕਿ ਭਾਰਤ ਨੇ ਆਪਣੇ ਪੈਟਰੋਲ ਮਿਸ਼ਰਣ ਦੇ ਟੀਚੇ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਪ੍ਰਾਪਤ ਕਰਕੇ ਅਰਬਾਂ ਰੁਪਏ ਦੀ ਬੱਚਤ ਕੀਤੀ, ਪਰ ਹੁਣ ਇੱਕ ਨਵਾਂ ਸੰਕਟ ਉੱਭਰ ਰਿਹਾ ਹੈ।

ਈਥਾਨੌਲ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਗੰਨਾ, ਮੱਕੀ ਅਤੇ ਚੌਲ ਵਰਗੀਆਂ ਵੱਡੀ ਮਾਤਰਾ ਵਿੱਚ ਖੁਰਾਕੀ ਫਸਲਾਂ ਈਥਾਨੌਲ ਫੈਕਟਰੀਆਂ ਨੂੰ ਭੇਜੀਆਂ ਜਾ ਰਹੀਆਂ ਹਨ। ਜੇ ਈਥਾਨੌਲ ਕੰਪਨੀਆਂ ਵੱਧ ਕੀਮਤਾਂ 'ਤੇ ਮੱਕੀ ਖਰੀਦਣਾ ਸ਼ੁਰੂ ਕਰ ਦਿੰਦੀਆਂ ਹਨ ਤਾਂ ਪੋਲਟਰੀ ਅਤੇ ਡੇਅਰੀ ਉਦਯੋਗਾਂ ਲਈ ਫੀਡ ਹੋਰ ਮਹਿੰਗੀ ਹੋ ਜਾਵੇਗੀ। ਨਤੀਜੇ ਵਜੋਂ, ਆਂਡੇ, ਚਿਕਨ ਅਤੇ ਦੁੱਧ ਦੀਆਂ ਕੀਮਤਾਂ ਵਧਣਗੀਆਂ, ਜੋ ਸਿੱਧੇ ਤੌਰ 'ਤੇ ਖੁਰਾਕੀ ਨੋਟਪਸਾਰੇ ਵਿੱਚ ਯੋਗਦਾਨ ਪਾਉਣਗੀਆਂ।

ਨਾਗੇਸ਼ਵਰਨ ਮੁਤਾਬਕ ਇਸ ਸਮੇਂ ਦੇਸ਼ ਵਿੱਚ ਲੱਗਭੱਗ 8 ਕਰੋੜ ਪੁਰਾਣੀਆਂ ਬਾਈਕ ਅਤੇ ਸਕੂਟਰ ਚੱਲ ਰਹੇ ਹਨ। ਇਹ ਪੁਰਾਣੀ ਕਾਰਬੋਰੇਟਰ ਤਕਨਾਲੋਜੀ 'ਤੇ ਚੱਲਦੇ ਹਨ, ਜੋ ਕਿ BS-IV ਇੰਜਣ ਨਿਯਮਾਂ ਦੇ ਆਉਣ ਤੋਂ ਪਹਿਲਾਂ ਬਣਾਈ ਗਈ ਸੀ।

ਸਰਕਾਰ ਹੁਣ 20 ਫੀਸਦੀ ਈਥਾਨੌਲ ਨਾਲ ਮਿਲਾਇਆ ਪੈਟਰੋਲ ਵੇਚ ਰਹੀ ਹੈ। ਹਾਲਾਂਕਿ ਕਾਰਬੋਰੇਟਰਾਂ ਵਾਲੇ ਪੁਰਾਣੇ ਵਾਹਨ ਇਸ ਈ-20 ਪੈਟਰੋਲ 'ਤੇ ਚੰਗੀ ਤਰ੍ਹਾਂ ਨਹੀਂ ਚੱਲਦੇ। ਈਥਾਨੌਲ ਵਿੱਚ ਜ਼ਿਆਦਾ ਆਕਸੀਜਨ ਹੁੰਦੀ ਹੈ। ਪੁਰਾਣੇ ਵਾਹਨ ਹਵਾ ਅਤੇ ਪੈਟਰੋਲ ਦੇ ਇਸ ਨਵੇਂ ਮਿਸ਼ਰਣ ਦੇ ਅਨੁਕੂਲ ਨਹੀਂ ਹੋ ਸਕਦੇ, ਜਿਸ ਕਾਰਨ ਇੰਜਣ ਤੇਜ਼ੀ ਨਾਲ ਗਰਮ ਹੋ ਜਾਂਦਾ ਹੈ। ਈ-20 ਪੈਟਰੋਲ ਦੀ ਵਰਤੋਂ ਕਰਨ ਨਾਲ ਵਾਹਨਾਂ ਦੇ ਅੰਦਰਲੇ ਰਬੜ ਪਾਈਪ ਅਤੇ ਪੁਰਜ਼ੇ ਹੌਲੀ-ਹੌਲੀ ਪਿਘਲ ਸਕਦੇ ਹਨ ਜਾਂ ਖਰਾਬ ਹੋ ਸਕਦੇ ਹਨ।

ਮੁੱਖ ਆਰਥਿਕ ਸਲਾਹਕਾਰ ਦਾ ਕਹਿਣਾ ਹੈ ਕਿ ਜਦੋਂ ਤੱਕ ਇਨ੍ਹਾਂ 8 ਕਰੋੜ ਪੁਰਾਣੇ ਵਾਹਨਾਂ ਨੂੰ ਮੋਡੀਫਾਈ ਨਹੀਂ ਕਰ ਲਿਆ ਜਾਂਦਾ, ਪੈਟਰੋਲ ਪੰਪਾਂ ਨੂੰ ਪੁਰਾਣੇ ਈ-10 ਪੈਟਰੋਲ ਨੂੰ ਵੇਚਣਾ ਜਾਰੀ ਰੱਖਣਾ ਚਾਹੀਦਾ ਹੈ। ਇਹ ਪੁਰਾਣੇ ਵਾਹਨਾਂ ਨੂੰ ਟੁੱਟਣ ਤੋਂ ਰੋਕੇਗਾ। ਪੈਟਰੋਲ ਵਿੱਚ ਈਥਾਨੌਲ ਮਿਲਾਉਣ ਦਾ ਪ੍ਰਭਾਵ ਹੁਣ ਰਸੋਈ ਦੇ ਬਜਟ ਅਤੇ ਪਾਣੀ 'ਤੇ ਵੀ ਪੈ ਰਿਹਾ ਹੈ। ਰਾਇਟਰਜ਼ ਦੀ ਇੱਕ ਰਿਪੋਰਟ ਦੇ ਅਨੁਸਾਰ ਇਸ ਸੀਜ਼ਨ ਵਿੱਚ ਦੇਸ਼ ਦੇ ਕੁੱਲ ਸਾਲਾਨਾ ਖੰਡ ਉਤਪਾਦਨ ਦਾ ਲੱਗਭੱਗ 10 ਫੀਸਦੀ (ਲੱਗਭੱਗ 30 ਲੱਖ ਟਨ) ਈਥਾਨੌਲ ਬਣਾਉਣ ਲਈ ਵਰਤਿਆ ਗਿਆ। ਨਤੀਜੇ ਵਜੋਂ ਸਰਕਾਰ ਆਉਣ ਵਾਲੇ ਸੀਜ਼ਨ ਵਿੱਚ ਈਥਾਨੌਲ ਲਈ ਗੰਨੇ ਦੀ ਵਰਤੋਂ 'ਤੇ ਪਾਬੰਦੀ ਲਗਾਉਣ 'ਤੇ ਵਿਚਾਰ ਕਰ ਰਹੀ ਹੈ, ਤਾਂ ਜੋ ਖੰਡ ਦੀ ਕਮੀ ਅਤੇ ਬੇਕਾਬੂ ਕੀਮਤਾਂ ਨੂੰ ਰੋਕਿਆ ਜਾ ਸਕੇ।

ਇਸ ਤੋਂ ਇਲਾਵਾ ਦੇਸ਼ ਦਾ ਪਾਣੀ ਦਾ ਪੱਧਰ ਈਥਾਨੌਲ ਦੇ ਉਤਪਾਦਨ ਕਾਰਨ ਤੇਜ਼ੀ ਨਾਲ ਘਟ ਰਿਹਾ ਹੈ। ਗੰਨਾ ਇੱਕ ਅਜਿਹੀ ਫਸਲ ਹੈ, ਜਿਸ ਨੂੰ ਉਗਾਉਣ ਲਈ ਕਾਫੀ ਮਾਤਰਾ ਵਿੱਚ ਪਾਣੀ ਦੀ ਲੋੜ ਹੁੰਦੀ ਹੈ। ਮੁੱਖ ਆਰਥਿਕ ਸਲਾਹਕਾਰ ਦਾ ਕਹਿਣਾ ਹੈ ਕਿ ਸਾਨੂੰ ਸਿਰਫ ਈਥਾਨੌਲ ਫੈਕਟਰੀਆਂ ਵਿੱਚ ਵਰਤੇ ਜਾਣ ਵਾਲੇ ਪਾਣੀ 'ਤੇ ਹੀ ਵਿਚਾਰ ਨਹੀਂ ਕਰਨਾ ਚਾਹੀਦਾ, ਸਗੋਂ ਗੰਨਾ ਉਗਾਉਣ ਲਈ ਵਰਤੇ ਜਾਣ ਵਾਲੇ ਅਰਬਾਂ ਲੀਟਰ ਭੂਮੀਗਤ ਪਾਣੀ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਜੋ ਪਾਣੀ ਹੋਰ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕਦਾ ਸੀ, ਉਸ ਨੂੰ ਵਾਹਨ ਈਂਧਣ ਪੈਦਾ ਕਰਨ ਲਈ ਮੋੜਿਆ ਜਾ ਰਿਹਾ ਹੈ।

ਦੂਜੇ ਪਾਸੇ, ਸਰਕਾਰ ਲਗਾਤਾਰ ਈਥਾਨੌਲ ਬਲੈਂਡਿੰਗ ਪ੍ਰੋਗਰਾਮ ਦਾ ਬਚਾਅ ਕਰਦੀ ਆ ਰਹੀ ਹੈ। ਉਹ ਇਹ ਦਲੀਲ ਦਿੰਦੀ ਹੈ ਕਿ ਈ-20 ਮਹੱਤਵਪੂਰਨ ਵਿਦੇਸ਼ੀ ਮੁਦਰਾ ਦੀ ਬੱਚਤ ਕਰ ਰਿਹਾ ਹੈ ਅਤੇ ਕਿਸਾਨਾਂ ਨੂੰ ਫਸਲਾਂ ਦੀਆਂ ਬਿਹਤਰ ਕੀਮਤਾਂ ਪ੍ਰਦਾਨ ਕਰ ਰਿਹਾ ਹੈ। ਸਰਕਾਰੀ ਟੈਸਟਿੰਗ ਦੇ ਆਧਾਰ 'ਤੇ, ਇਸ ਨੇ ਇਹ ਵੀ ਕਿਹਾ ਹੈ ਕਿ ਈ-20 ਨੇ ਵਾਹਨ ਇੰਜਣਾਂ ਨੂੰ ਮਹੱਤਵਪੂਰਨ ਨੁਕਸਾਨ ਦਾ ਕੋਈ ਸਬੂਤ ਨਹੀਂ ਦਿਖਾਇਆ ਹੈ।

ਇਸ ਤੋਂ ਇਲਾਵਾ ਸਰਕਾਰ ਨੇ ਦੇਸ਼ ਭਰ ਵਿੱਚ ਇੱਕੋ ਸਮੇਂ ਵੱਖ-ਵੱਖ ਕਿਸਮਾਂ ਦੇ ਪੈਟਰੋਲ (ਈ-10 ਅਤੇ ਈ-20) ਉਪਲੱਬਧ ਕਰਵਾਉਣ ਦੀ ਮੰਗ ਨੂੰ ਰੱਦ ਕਰ ਦਿੱਤਾ ਸੀ, ਇਹ ਕਹਿੰਦੇ ਹੋਏ ਕਿ ਇਸ ਨਾਲ ਲੌਜਿਸਟਿਕਸ ਅਤੇ ਸਪਲਾਈ ਚੇਨ ਦੀਆਂ ਲਾਗਤਾਂ ਵਿੱਚ ਕਾਫੀ ਵਾਧਾ ਹੋਵੇਗਾ।

ਨਾਗੇਸ਼ਵਰਨ ਈਥਾਨੌਲ ਪ੍ਰੋਜੈਕਟ ਨੂੰ ਛੱਡਣ ਦਾ ਸੁਝਾਅ ਨਹੀਂ ਦੇ ਰਹੇ ਹਨ, ਸਗੋਂ 20 ਫੀਸਦੀ ਮਿਸ਼ਰਣ ਤੋਂ ਬਾਅਦ ਸਾਵਧਾਨੀ ਵਰਤਣ ਦਾ ਸੁਝਾਅ ਦੇ ਰਹੇ ਹਨ। ਉਹ ਕਹਿ ਰਹੇ ਹਨ ਕਿ ਊਰਜਾ ਸੁਰੱਖਿਆ ਦੇ ਫਾਇਦਿਆਂ ਨੂੰ ਖੇਤੀਬਾੜੀ ਖੇਤਰ ਅਤੇ ਖੁਰਾਕ ਅਰਥਵਿਵਸਥਾ ਨੂੰ ਹੋਣ ਵਾਲੇ ਸੰਭਾਵੀ ਨੁਕਸਾਨਾਂ ਦੇ ਮੁਕਾਬਲੇ ਤੋਲਿਆ ਜਾਣਾ ਚਾਹੀਦਾ ਹੈ। ਇਹ ਬਹਿਸ ਸਿਰਫ ਮਾਈਲੇਜ ਜਾਂ ਇੰਜਣ ਦੀ ਉਮਰ ਬਾਰੇ ਨਹੀਂ ਹੈ, ਸਗੋਂ ਇਹ ਵੀ ਹੈ ਕਿ ਭਾਰਤ ਈਂਧਣ ਉਤਪਾਦਨ ਲਈ ਕਿੰਨੀ ਜ਼ਮੀਨ ਅਤੇ ਪਾਣੀ ਸਮਰਪਤ ਕਰਨ ਲਈ ਤਿਆਰ ਹੈ।

# ਮਨਪ੍ਰੀਤ ਬਾਦਲ ਭਾਜਪਾ ਦੇ ਕੌਮੀ ਮੀਤ ਪ੍ਰਧਾਨ

### ਡਾ. ਸੰਦੀਪ ਪਾਠਕ ਸਕੱਤਰ, ਅਨੁਰਾਗ ਠਾਕੁਰ ਨਜ਼ਰਅੰਦਾਜ਼, ਮਾਲਵੀਆ ਦੀ ਛੁੱਟੀ

**ਨਵੀਂ ਦਿੱਲੀ (ਨ ਜ਼ ਸ)**

ਜਨਵਰੀ ਵਿੱਚ ਭਾਜਪਾ ਪ੍ਰਧਾਨ ਚੁਣੇ ਗਏ ਨਿਤਿਨ ਨਬੀਨ ਨੇ ਸੋਮਵਾਰ ਆਪਣੀ ਨਵੀਂ ਟੀਮ ਦਾ ਐਲਾਨ ਕਰਦਿਆਂ ਵਿਧਾਨ ਸਭਾ ਚੋਣਾਂ ਦੇ ਇੱਕ ਮਹੱਤਵਪੂਰਨ ਦੌਰ ਤੋਂ ਪਹਿਲਾਂ ਤਜਰਬੇਕਾਰ ਨੇਤਾਵਾਂ ਅਤੇ ਨੌਜਵਾਨ ਚਿਹਰਿਆਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ। 65 ਮੈਂਬਰੀ ਐਗਜ਼ੈਕਟਿਵ ਵਿੱਚ 13 ਮੀਤ ਪ੍ਰਧਾਨ, 8 ਜਨਰਲ ਸਕੱਤਰ, 16 ਸਕੱਤਰ ਤੇ 28 ਮੈਂਬਰ ਸ਼ਾਮਲ ਕੀਤੇ ਗਏ ਹਨ। ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਆਰ ਐੱਸ ਐੱਸ ਦੇ ਸੀਨੀਅਰ ਆਗੂ ਰਾਮ ਮਾਧਵ, ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ, ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤੀਰਥ ਸਿੰਘ ਰਾਵਤ, ਡੀ ਪੁਰੰਦੇਸ਼ਵਰੀ, ਭਾਰਤੀ ਪਵਾਰ ਅਤੇ ਤਾਰਿਕ ਮਨਸੂਰ ਸਮੇਤ 13 ਕੌਮੀ ਮੀਤ ਪ੍ਰਧਾਨ ਬਣਾਏ ਗਏ ਹਨ।

ਸਾਬਕਾ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਨੇ ਕੌਮੀ ਜਨਰਲ ਸਕੱਤਰ ਵਜੋਂ ਵਾਪਸੀ ਕੀਤੀ ਹੈ। ਅੱਠ ਜਨਰਲ ਸਕੱਤਰਾਂ ਵਿੱਚ ਸਤੀਸ਼ ਪੂਨੀਆ, ਸੰਜੇ ਭਾਟੀਆ, ਬਿਪਲਬ ਦੇਬ, ਸੁਨੀਲ ਬਾਂਸਲ, ਵਿਨੋਦ ਤਾਵੜੇ, ਗਜੇਂਦਰ ਪਟੇਲ ਅਤੇ ਹਰੀਸ਼ ਦਿਵੇਦੀ ਵੀ ਸ਼ਾਮਲ ਹਨ।

ਆਰ ਐੱਸ ਐੱਸ ਦੇ ਤਜਰਬੇਕਾਰ ਬੀ ਐੱਲ ਸੰਤੋਸ਼ ਨੂੰ ਕੌਮੀ ਜਨਰਲ ਸਕੱਤਰ (ਸੰਗਠਨ) ਵਜੋਂ ਬਰਕਰਾਰ ਰੱਖਿਆ ਗਿਆ ਹੈ। ਸ਼ਿਵਪ੍ਰਕਾਸ਼ ਅਤੇ ਸੌਦਨ ਸਿੰਘ ਨੂੰ ਕੌਮੀ ਜਾਇੰਟ ਜਨਰਲ ਸਕੱਤਰ (ਸੰਗਠਨ) ਨਿਯੁਕਤ ਕੀਤਾ ਗਿਆ ਹੈ।

ਇੱਕ ਮਹੱਤਵਪੂਰਨ ਤਬਦੀਲੀ ਕੇਂਦਰੀ ਵਣਜ ਮੰਤਰੀ ਪਿਊਸ਼ ਗੋਇਲ ਨੂੰ ਭਾਜਪਾ ਖਜ਼ਾਨਚੀ ਨਿਯੁਕਤ ਕਰਨਾ ਹੈ। ਇਸ ਕਦਮ ਨਾਲ ਇਹ ਸਵਾਲ ਉੱਠ ਸਕਦੇ ਹਨ ਕਿ ਕੀ ਗੋਇਲ ਇੱਕ ਬੰਦਾ-ਇੱਕ ਅਹੁਦਾ ਸਿਧਾਂਤ ਦੇ ਮੱਦੇਨਜ਼ਰ ਕੇਂਦਰੀ ਮੰਤਰੀ ਮੰਡਲ ਵਿੱਚ ਬਣੇ ਰਹਿਣਗੇ? ਨਵੇਂ ਸਕੱਤਰਾਂ ਵਿੱਚ ਆਮ ਆਦਮੀ ਪਾਰਟੀ ਤੋਂ ਦਲ ਬਦਲੀ ਕਰਕੇ ਭਾਜਪਾ ਵਿੱਚ ਆਏ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਵੀ ਸ਼ਾਮਲ ਹਨ। ਉਹ ਕੇਜਰੀਵਾਲ ਦੇ ਕਰੀਬੀ ਰਹੇ ਹਨ। ਉਨ੍ਹਾ ਨੇ ਪੰਜਾਬ ਚੋਣਾਂ 'ਚ ਪ੍ਰਮੁੱਖ ਰਣਨੀਤੀਕਾਰ ਵਜੋਂ ਕੰਮ ਕੀਤਾ ਸੀ।

ਉਤਰਾਖੰਡ ਤੋਂ ਲੋਕ ਸਭਾ ਮੈਂਬਰ ਅਨਿਲ ਬਲੂਨੀ ਨੂੰ ਪਾਰਟੀ ਦਾ ਮੀਡੀਆ ਮੁਖੀ ਬਰਕਰਾਰ ਰੱਖਿਆ ਗਿਆ ਹੈ। ਇੱਕ ਹੋਰ ਸੰਗਠਨਾਤਮਕ ਬਦਲਾਅ ਵਿੱਚ, ਤਰੁਣ ਚੁੱਘ ਨੂੰ ਜਨਰਲ ਸਕੱਤਰਾਂ ਦੀ ਸੂਚੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਭਾਜਪਾ ਦੇ ਕੇਂਦਰੀ ਦਫਤਰ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਜਨਰਲ ਸਕੱਤਰ ਅਰੁਣ ਸਿੰਘ, ਦੁਸ਼ਯੰਤ ਗੌਤਮ ਅਤੇ ਰਾਧਾ ਮੋਹਨ ਅਗਰਵਾਲ ਨੂੰ ਨਵੀਂ ਟੀਮ ਵਿੱਚ ਨਹੀਂ ਰੱਖਿਆ ਗਿਆ ਹੈ।

ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਕੇਂਦਰੀ ਸਿੱਖਿਆ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਧਰਮਿੰਦਰ ਪ੍ਰਧਾਨ ਨੂੰ ਪਾਰਟੀ ਅਹੁਦਾ ਦਿੱਤੇ ਜਾਣ ਦੀ ਚਰਚਾ ਸੀ, ਪਰ ਉਨ੍ਹਾਂ ਦਾ ਨਾਂਅ ਨਹੀਂ ਆਇਆ। ਸਾਬਕਾ ਕੇਂਦਰੀ ਮੰਤਰੀ ਅਤੇ

• ਬਾਕੀ ਸਫਾ 2 'ਤੇ

## 'ਦਿਮਾਗੀ ਨਕਸਲ ਜਨਤਾ ਪਾਰਟੀ' ਦੀ ਐਂਟਰੀ

**ਨਵੀਂ ਦਿੱਲੀ :** ਜਿਵੇਂ ਦੇਸ਼ ਦੇ ਚੀਫ ਜਸਟਿਸ ਸੂਰੀਆ ਕਾਂਤ ਦੀ ਟਿੱਪਣੀ ਤੋਂ ਬਾਅਦ ਕਾਕਰੋਚ ਜਨਤਾ ਪਾਰਟੀ ਬਣਾਈ ਗਈ ਸੀ, ਉਸੇ ਤਰ੍ਹਾਂ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਜ਼ਾਦੀ ਦਿਵਸ ਦੇ ਭਾਸ਼ਣ ਵਿੱਚ 'ਦਿਮਾਗੀ ਨਕਸਲ' ਦੇ ਬਿਆਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇੱਕ ਵਿਅੰਗਾਤਮਕ 'ਦਿਮਾਗੀ ਨਕਸਲ ਜਨਤਾ ਪਾਰਟੀ' ਉੱਭਰ ਕੇ ਸਾਹਮਣੇ ਆ ਗਈ ਹੈ।




ਨਵੀਂ ਪਾਰਟੀ ਨੇ ਇੰਸਟਾਗ੍ਰਾਮ 'ਤੇ ਇੱਕ ਦਿਨ ਵਿੱਚ ਹੀ ਦੋ ਲੱਖ ਤੋਂ ਵੱਧ ਫਾਲੋਅਰਜ਼ ਹਾਸਲ ਕਰ ਲਏ। ਇੰਸਟਾਗ੍ਰਾਮ ਬਾਇਓ ਵਿੱਚ ਪਾਰਟੀ ਦੇ ਬਾਨੀ ਨੂੰ 'ਏ ਦਿਮਾਗੀ ਇੰਡੀਅਨ' ਅਤੇ ਸਹਿ-ਬਾਨੀ ਨੂੰ '56-ਇੰਚ ਕਾ' ਵਜੋਂ ਸੂਚੀਬੱਧ ਕੀਤਾ ਗਿਆ ਹੈ। ਹਾਲਾਂਕਿ, ਇਸ ਖਾਤੇ ਨੂੰ ਕੌਣ ਚਲਾਉਂਦਾ ਹੈ, ਇਸ ਬਾਰੇ ਕੋਈ ਅਧਿਕਾਰਤ ਜਾਣਕਾਰੀ ਜਾਰੀ ਨਹੀਂ ਕੀਤੀ ਗਈ। ਇੰਸਟਾਗ੍ਰਾਮ ਤੋਂ ਇਲਾਵਾ ਐੱਕਸ 'ਤੇ ਵੀ 'ਦਿਮਾਗੀ ਨਕਸਲ ਜਨਤਾ ਪਾਰਟੀ' ਨਾਂਅ ਦਾ ਇੱਕ ਖਾਤਾ ਬਣਾਇਆ ਗਿਆ ਹੈ। ਹਜ਼ਾਰਾਂ ਲੋਕ ਇਸ ਨੂੰ ਫਾਲੋ ਕਰ ਰਹੇ ਹਨ। ਪਾਰਟੀ ਦੇ ਸੋਸ਼ਲ ਮੀਡੀਆ

• ਬਾਕੀ ਸਫਾ 2 'ਤੇ

## ਪ੍ਰਧਾਨ ਮੰਤਰੀ ਨੇ ਭਗਤ ਸਿੰਘ ਤੇ ਅੰਬੇਡਕਰ ਨੂੰ ਵੀ ਦਿਮਾਗੀ ਨਕਸਲ ਗਰਦਾਨ ਦੇਣਾ ਸੀ : ਕੇਜਰੀਵਾਲ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**-ਆਮ ਆਦਮੀ ਪਾਰਟੀ ਨੇ ਆਜ਼ਾਦੀ ਦਿਹਾੜੇ 'ਤੇ ਪ੍ਰਧਾਨ ਮੰਤਰੀ ਵੱਲੋਂ ਦੇਸ਼ ਵਿੱਚ ਸਰਕਾਰ ਖਿਲਾਫ਼ ਉਠਣ ਵਾਲੀ ਹਰ ਆਵਾਜ਼ ਨੂੰ 'ਦਿਮਾਗੀ ਨਕਸਲ' ਕਹਿਣ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, 'ਹਾਂ, ਮੈਂ ਦਿਮਾਗੀ ਨਕਸਲ ਹਾਂ, ਕਿਉਂਕਿ ਮੈਂ ਦੇਸ਼ ਭਗਤ ਹਾਂ ਅਤੇ ਮੈਨੂੰ ਇਸ 'ਤੇ ਮਾਣ ਹੈ। ਇਸ ਦੇਸ਼ ਵਿੱਚ ਜੋ ਸਵਾਲ ਚੁੱਕੇ, ਗਲੀ-ਸੜੀ ਵਿਵਸਥਾ ਬਦਲਣਾ ਚਾਹੇ ਅਤੇ ਭ੍ਰਿਸ਼ਟਾਚਾਰ ਮੁਕਤ ਭਾਰਤ ਦਾ ਸੁਫਨਾ ਦੇਖੇ, ਪ੍ਰਧਾਨ ਮੰਤਰੀ

• ਬਾਕੀ ਸਫਾ 2 'ਤੇ

## ਭਗਦੜ 'ਚ 7 ਸ਼ਰਧਾਲੂਆਂ ਦੀ ਮੌਤ

**ਪਟਨਾ :** ਬਿਹਾਰ ਦੇ ਲਖੀਸਰਾਏ ਜ਼ਿਲ੍ਹੇ ਵਿੱਚ ਸਥਿਤ ਮਸ਼ਹੂਰ ਅਸ਼ੋਕ ਧਾਮ ਮੰਦਰ ਵਿੱਚ ਸਾਉਣ ਮਹੀਨੇ ਦੇ ਸੋਮਵਾਰ ਨੂੰ ਭਗਵਾਨ ਸ਼ਿਵ ਨੂੰ ਜਲ ਚੜ੍ਹਾਉਣ ਲਈ ਪਹੁੰਚੀ ਸ਼ਰਧਾਲੂਆਂ ਦੀ ਭਾਰੀ ਭੀੜ ਦਰਮਿਆਨ ਅਚਾਨਕ ਭਗਦੜ ਮਚ ਜਾਣ ਕਾਰਨ 7 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਕਈ ਹੋਰ ਗੰਭੀਰ ਜ਼ਖ਼ਮੀ ਹੋ ਗਏ। ਉਜੈਨ ਦੇ ਮਹਾਕਾਲੇਸ਼ਵਰ ਮੰਦਰ ਕੰਪਲੈਕਸ ਵਿੱਚ ਕਰੰਟ ਦੀ ਅਫਵਾਹ ਕਾਰਨ ਲੋਕ ਇੱਕ-ਦੂਜੇ ਦੇ ਉੱਪਰ ਡਿੱਗ ਪਏ। ਵਧੇ ਹੋਏ ਦਬਾਅ ਕਾਰਨ 13 ਲੋਕ ਜ਼ਖਮੀ ਹੋ ਗਏ। ਤਿੰਨ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਮੁੱਢਲਾ ਇਲਾਜ ਮਿਲਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਦੇ ਮਸ਼ਹੂਰ ਧਾਰਮਿਕ ਅਸਥਾਨ ਤਾਰਾਪੀਠ ਵਿੱਚ ਸੋਮਵਾਰ ਤੜਕੇ ਹੋਟਲ 'ਚ ਅੱਗ ਲੱਗਣ ਨਾਲ 7 ਲੋਕਾਂ ਦੀ ਮੌਤ ਹੋ ਗਈ, ਜਦੋਂਕਿ ਕਈ ਹੋਰ ਗੰਭੀਰ ਝੁਲਸ ਗਏ। ਹਾਦਸਾ ਚਾਰ-ਮੰਜ਼ਲਾ ਹੋਟਲ ਦੇ ਗਰਾਊਂਡ ਫਲੋਰ 'ਤੇ ਵਾਪਰਿਆ, ਜਦੋਂ ਜ਼ਿਆਦਾਤਰ ਮਹਿਮਾਨ ਗੂੜ੍ਹੀ ਨੀਂਦ ਵਿੱਚ ਸਨ। ਹੋਟਲ ਪ੍ਰਬੰਧਕਾਂ ਤੇ ਅਧਿਕਾਰੀਆਂ ਵੱਲੋਂ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ।

## ਦੋ ਪਾਇਲਟ ਡਰੱਗ ਪਾਜ਼ੇਟਿਵ ਨਿਕਲੇ

**ਨਵੀਂ ਦਿੱਲੀ :** ਏਅਰ ਇੰਡੀਆ ਗਰੁੱਪ ਦੇ ਦੋ ਹੋਰ ਪਾਇਲਟਾਂ ਦੇ ਸ਼ੁਰੂਆਤੀ ਡਰੱਗ ਟੈਸਟ ਦੇ ਨਤੀਜੇ ਪਾਜ਼ੇਟਿਵ ਆਉਣ ਨਾਲ ਹਵਾਬਾਜ਼ੀ ਖੇਤਰ ਵਿੱਚ ਹੜਕੰਪ ਮਚ ਗਿਆ ਹੈ। ਪਾਇਲਟਾਂ ਦੇ ਸੈਂਪਲਾਂ ਨੂੰ ਅੰਤਮ ਪੁਸ਼ਟੀ ਕਰਨ ਵਾਲੇ ਟੈਸਟਾਂ ਲਈ ਭੇਜ ਦਿੱਤਾ ਗਿਆ ਹੈ। 4 ਅਗਸਤ ਨੂੰ ਫੂਕੇਟ ਤੋਂ ਦਿੱਲੀ ਆ ਰਹੀ ਫਲਾਈਟ ਦਾ ਪਾਇਲਟ-ਇਨ-ਕਮਾਂਡ ਗਾਂਜਾ ਦੇ ਟੈਸਟ ਵਿੱਚ ਪਾਜ਼ੇਟਿਵ ਪਾਏ ਜਾਣ ਤੋਂ ਬਾਅਦ ਏਅਰ ਇੰਡੀਆ ਤੇ ਏਅਰ ਇੰਡੀਆ ਐਕਸਪ੍ਰੈਸ ਨੇ 13 ਅਗਸਤ ਤੋਂ ਆਪਣੇ ਸਾਰੇ ਪਾਇਲਟਾਂ ਲਈ ਲਾਜ਼ਮੀ ਡਰੱਗ ਜਾਂਚ ਸ਼ੁਰੂ ਕੀਤੀ ਸੀ। ਲੱਗਭੱਗ 400 ਪਾਇਲਟਾਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਟਾਟਾ ਗਰੁੱਪ ਦੀ ਮਾਲਕੀ ਵਾਲੀਆਂ ਦੋਵਾਂ ਏਅਰਲਾਈਨਾਂ ਕੋਲ 5,000 ਤੋਂ ਵੱਧ ਪਾਇਲਟ ਹਨ।

## ਆਈ ਏ ਐੱਸ ਅਫਸਰ ਕੰਵਲਪ੍ਰੀਤ ਬਰਾੜ ਈ ਡੀ ਵੱਲੋਂ ਤਲਬ

**ਨਵੀਂ ਦਿੱਲੀ :** ਈ ਡੀ ਨੇ ਮੁਹਾਲੀ ਦੇ ਸਨਟੈਕ ਸਿਟੀ ਪ੍ਰੋਜੈਕਟ ਦੀ ਜਾਂਚ ਦੇ ਸੰਬੰਧ 'ਚ ਪੰਜਾਬ ਕੇਡਰ ਦੀ ਆਈ ਏ ਐੱਸ ਅਫਸਰ ਕੰਵਲਪ੍ਰੀਤ ਬਰਾੜ ਨੂੰ 18 ਅਗਸਤ ਨੂੰ ਤਲਬ ਕੀਤਾ ਹੈ। ਪ੍ਰੋਜੈਕਟ ਲਈ ਸੋਧੇ ਹੋਏ ਸੀ ਐੱਲ ਯੂ (ਜ਼ਮੀਨ ਦੀ ਵਰਤੋਂ 'ਚ ਤਬਦੀਲੀ) ਦੀ ਮਨਜ਼ੂਰੀ 'ਚ ਮਨੀ ਲਾਂਡਰਿੰਗ ਦੀ ਜਾਂਚ ਨਾਲ ਇਹ ਮਾਮਲਾ ਜੁੜਿਆ ਹੋਇਆ ਹੈ। ਕੰਵਲਪ੍ਰੀਤ ਬਰਾੜ 2024 'ਚ ਟਾਊਨ ਐਂਡ ਕੰਟਰੀ ਪਲਾਨਿੰਗ ਦੇ ਡਾਇਰੈਕਟਰ ਵਜੋਂ ਜ਼ਿੰਮੇਵਾਰੀ ਨਿਭਾਅ ਰਹੇ ਸਨ ਅਤੇ ਉਸ ਸਮੇਂ ਸਨਟੈਕ ਸਿਟੀ ਨੂੰ ਮਿਲੀਆਂ ਮਨਜ਼ੂਰੀਆਂ ਕਾਰਨ ਹੁਣ ਉਨ੍ਹਾ ਨੂੰ ਤਲਬ ਕੀਤਾ ਗਿਆ ਹੈ। ਕੇਂਦਰੀ ਏਜੰਸੀ ਵੱਲੋਂ ਉਨ੍ਹਾਂ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਕਥਿਤ ਤੌਰ 'ਤੇ 'ਜਾਲ੍ਹੀ ਸਹਿਮਤੀ ਪੱਤਰਾਂ' ਦੇ ਆਧਾਰ 'ਤੇ ਪ੍ਰੋਜੈਕਟ ਲਈ ਪ੍ਰਵਾਨਗੀ ਦੇਣ ਦੇ ਮਾਮਲੇ 'ਚ ਸ਼ਾਮਲ ਹਨ।

## ਗੈਸ ਸਿਲੰਡਰ ਲਈ ਈ-ਕੇ ਵਾਈ ਸੀ ਦੀ ਆਖਰੀ ਮਿਤੀ ਵਧਾਈ

**ਨਵੀਂ ਦਿੱਲੀ :** ਗੈਸ ਸਿਲੰਡਰਾਂ ਲਈ ਈ-ਕੇ ਵਾਈ ਸੀ ਦੀ ਆਖਰੀ ਮਿਤੀ 16 ਅਗਸਤ ਤੋਂ ਵਧਾ ਕੇ 23 ਅਗਸਤ ਕਰ ਦਿੱਤੀ ਗਈ ਹੈ। ਇਸ ਦੇ ਬਾਵਜੂਦ ਤੇਲ ਕੰਪਨੀਆਂ ਦੇ ਸਰਵਰ ਡਾਊਨ ਹੋਣ ਕਾਰਨ ਪ੍ਰਕਿਰਿਆ ਠੱਪ ਹੋ ਗਈ। ਮੋਬਾਇਲ ਐਪਸ ਦੇ ਸਹੀ ਢੰਗ ਨਾਲ ਕੰਮ ਨਾ ਕਰਨ ਕਾਰਨ, ਲੋਕਾਂ ਨੂੰ ਅਜੇ ਵੀ ਆਪਣੀ ਤਸਦੀਕ ਪੂਰੀ ਕਰਨ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਜੰਸੀਆਂ 'ਤੇ ਲੰਮੀਆਂ ਕਤਾਰਾਂ ਲੱਗ ਗਈਆਂ ਹਨ।

## ਜਿਨਪਿੰਗ ਵੱਲੋਂ ਤਿਆਨਮਿਨ ਐਕਸ਼ਨ ਦਾ ਸਮਰਥਨ

**ਬੀਜਿੰਗ (ਨ ਜ਼ ਸ)**-ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ 1989 ਦੇ ਤਿਆਨਮਿਨ ਚੌਕ ਵਿੱਚ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਕਮਿਊਨਿਸਟ ਪਾਰਟੀ ਦੀਆਂ ਕਾਰਵਾਈਆਂ ਦਾ ਸਮਰਥਨ ਕੀਤਾ ਹੈ। ਉਨ੍ਹਾ ਸਾਬਕਾ ਰਾਸ਼ਟਰਪਤੀ ਜਿਆਂਗ ਜ਼ੇਮਿਨ ਦੀ ਵੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਜਿਆਂਗ ਨੇ ਉਸ ਸਮੇਂ ਪਾਰਟੀ ਦੇ ਫੈਸਲਿਆਂ ਨੂੰ ਲਾਗੂ ਕੀਤਾ ਸੀ ਅਤੇ ਸ਼ੰਘਾਈ ਵਿੱਚ ਸਥਿਤੀ ਨੂੰ ਕੰਟਰੋਲ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਸ਼ੀ ਨੇ ਇਹ ਟਿੱਪਣੀ ਸੋਮਵਾਰ ਜ਼ੇਮਿਨ ਦੀ 100ਵੀਂ ਜਨਮ ਵਰ੍ਹੇਗੰਢ ਦੇ ਮੌਕੇ 'ਤੇ ਇੱਕ ਸਮਾਗਮ ਵਿੱਚ ਕੀਤੀ। ਉਨ੍ਹਾ ਚੀਨ ਦੇ ਸਾਹਮਣੇ ਚੁਣੌਤੀਆਂ ਦਾ ਵੀ ਜ਼ਿਕਰ ਕੀਤਾ ਅਤੇ ਲੋ ਕਾਂ

• ਬਾਕੀ ਸਫਾ 2 'ਤੇ

# ਮੰਗਾਂ ਮੰਨਵਾਉਣ ਲਈ 8 ਨੂੰ ਪੀ ਆਰ ਟੀ ਸੀ ਦੇ ਮੁੱਖ ਦਫਤਰ ਅੱਗੇ ਧਰਨਾ

**ਪਟਿਆਲਾ (ਨ ਜ਼ ਸ)**-ਬਿਆਨ ਜਾਰੀ ਕਰਦਿਆਂ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਸੋਮਵਾਰ ਕਿਹਾ ਕਿ ਪੀ ਆਰ ਟੀ ਸੀ ਦੀ ਮੈਨੇਜਮੈਂਟ ਜਿੱਥੇ ਵਰਕਰਾਂ ਦੇ ਕਾਨੂੰਨੀ ਤੌਰ 'ਤੇ ਪ੍ਰਵਾਨਤ ਕਈ ਤਰ੍ਹਾਂ ਦੇ ਵਿੱਤੀ ਲਾਭ ਲਾਗੂ ਕਰਨ ਤੋਂ ਮੁਜਰਮਾਨਾ ਤਰੀਕੇ ਨਾਲ ਕੁਤਾਹੀ ਕਰਕੇ ਕਾਨੂੰਨ ਦੀ ਮਿੱਟੀ ਪਲੀਤ ਕਰ ਰਹੀ ਹੈ, ਉੱਥੇ ਹੁਣ ਮੈਨੇਜਮੈਂਟ ਅਦਾਰੇ ਦੀ ਬੇਹਤਰੀ ਅਤੇ ਸੰਚਾਲਨ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਸਪੱਸ਼ਟ ਤੌਰ 'ਤੇ ਅਦਾਰੇ ਦੇ ਹਰ ਪੱਖੋਂ ਦੁਰਪ੍ਰਬੰਧ ਕਾਰਨ ਘੋਰ ਅਣਦੇਖੀ ਕੀਤੀ



ਜਾ ਰਹੀ ਹੈ, ਜਿਸ ਤੋਂ ਸਾਫ ਨਜ਼ਰ ਆ ਰਿਹਾ ਹੈ ਕਿ ਅਦਾਰੇ ਦਾ ਭਵਿੱਖ ਬਹੁਤ ਧੁੰਦਲਾ ਹੋ ਜਾਣਾ ਹੈ ਅਤੇ ਵਿੱਤੀ ਸੰਕਟ ਖੜ੍ਹਾ ਹੋ ਜਾਏਗਾ, ਜਿਸ ਦਾ ਖਮਿਆਜ਼ਾ ਪੀ ਆਰ ਟੀ ਸੀ ਦੇ ਮੌਜੂਦਾ ਕਰਮਚਾਰੀ ਅਤੇ ਪੈਨਸ਼ਨਰ ਭੁਗਤਣਗੇ, ਪਰ ਇਸ ਦੁਰਪ੍ਰਬੰਧ ਲਈ ਅਦਾਰੇ ਦੇ ਕਿਸੇ ਅਧਿਕਾਰੀ ਨੂੰ ਇਸ ਭ੍ਰਿਸ਼ਟ ਨਿਜ਼ਾਮ ਵਿੱਚ ਕੁਝ ਨਹੀਂ ਕਿਹਾ ਜਾਵੇਗਾ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਸਖਤ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪੀ ਆਰ ਟੀ ਸੀ ਦੀ ਮੈਨੇਜਮੈਂਟ ਨੇ ਸਰਕਾਰ ਵੱਲੋਂ ਐੱਨ ਪੀ ਐੱਸ ਸੰਬੰਧੀ ਕੀਤੇ ਹੋਏ ਹੁਕਮਾਂ ਦੀ ਉਲੰਘਣਾ ਕਰਕੇ ਹੱਕਦਾਰ ਵਰਕਰਾਂ ਨੂੰ ਐੱਨ ਪੀ ਐੱਸ ਦਾ ਅਜੇ ਤੱਕ ਹੱਕਦਾਰ ਨਹੀਂ ਬਣਾਇਆ, ਜਿਸ ਨਾਲ ਵਰਕਰਾਂ ਦਾ ਭਵਿੱਖ ਦਾ ਅਣਕਿਆਸਿਆ ਨੁਕਸਾਨ ਹੋ ਰਿਹਾ ਹੈ। ਇਸੇ ਤਰ੍ਹਾਂ 50 ਕੁ ਕਰਮਚਾਰੀ, ਜਿਨ੍ਹਾਂ ਨੇ ਜਨਵਰੀ 2004 ਤੋਂ ਪਹਿਲਾਂ ਨੌਕਰੀ ਲਈ ਅਪਲਾਈ ਕੀਤਾ ਸੀ, ਪਰ ਨੌਕਰੀ ਜਨਵਰੀ 2004 ਤੋਂ ਬਾਅਦ ਮਿਲੀ ਸੀ, ਉਹ ਸਰਕਾਰ ਦੇ ਹੁਕਮਾਂ ਮੁਤਾਬਕ ਪੁਰਾਣੀ ਪੈਨਸ਼ਨ ਦੇ ਹੱਕਦਾਰ ਹਨ, ਪਰ ਪ੍ਰਬੰਧਕਾਂ ਨੇ ਅਜੇ ਤੱਕ ਵੀ ਉਹਨਾਂ ਨੂੰ ਪੈਨਸ਼ਨ ਦਾ ਲਾਭ ਨਹੀਂ ਦਿੱਤਾ। ਪੰਜਾਬ ਸਰਕਾਰ ਵੱਲੋਂ ਇਕ ਸਾਲ ਪਹਿਲਾਂ ਟੀ ਏ/ਡੀ ਏ ਦੇ ਰੇਟ ਰਿਵਾਈਜ ਕੀਤੇ ਸਨ, ਇਹ ਵੀ ਸਾਡੇ ਪ੍ਰਬੰਧਕਾਂ ਨੇ ਲਾਗੂ ਕਰਨ ਨੂੰ ਟਿੱਚ ਸਮਝਿਆ ਹੋਇਆ ਹੈ। ਸੇਵਾ-ਮੁਕਤ ਕਰਮਚਾਰੀਆਂ ਨੂੰ ਦੋ ਸਾਲ ਬਾਅਦ ਇੱਕ ਬੇਸਿਕ ਪੇ ਦੇ ਤੌਰ ਤੇ ਮਿਲਣ ਵਾਲਾ ਯਾਤਰਾ ਭੱਤਾ ਵੀ ਨਹੀਂ ਦਿੱਤਾ ਜਾ ਰਿਹਾ ਇਹ ਸਲੂਕ ਕਰ ਰਹੀ ਹੈ

• ਬਾਕੀ ਸਫਾ 2 'ਤੇ

# ਰਾਹੁਲ ਨੂੰ ਸੁਪਰੀਮ ਕੋਰਟ ਤੋਂ ਰਾਹਤ

**ਨਵੀਂ ਦਿੱਲੀ (ਨ ਜ਼ ਸ)**

ਰਾਹੁਲ ਗਾਂਧੀ ਨੂੰ ਵੱਡੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਸੋਮਵਾਰ ਇਲਾਹਾਬਾਦ ਹਾਈ ਕੋਰਟ ਨੂੰ ਉਨ੍ਹਾ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ਾਂ ਨਾਲ ਸੰਬੰਧਤ ਮਾਮਲੇ ਵਿੱਚ ਅੱਗੇ ਕਾਰਵਾਈ ਨਾ ਕਰਨ ਦੀ ਹਦਾਇਤ ਕੀਤੀ। ਉਸ ਨੇ ਸੀ ਬੀ ਆਈ ਅਤੇ ਈ ਡੀ ਨੂੰ ਵੀ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਦਰਜ ਇਸ ਮਾਮਲੇ ਵਿੱਚ ਹਾਈ ਕੋਰਟ ਦੀਆਂ ਹਦਾਇਤਾਂ ਤਹਿਤ ਕੋਈ ਵੀ ਰਿਪੋਰਟ ਦਾਖਲ ਨਾ ਕਰਨ ਲਈ ਕਿਹਾ ਹੈ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜਆਇਮਾਲਿਆ ਬਾਗਚੀ ਅਤੇ ਜਸਟਿਸ ਵੀ ਮੋਹਨਾ ਦੀ ਬੈਂਚ ਨੇ ਰਾਹੁਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਦੀਆਂ ਦਲੀਲਾਂ ਦਾ ਨੋਟਿਸ ਲਿਆ ਅਤੇ ਕਰਨਾਟਕ ਦੇ ਰਹਿਣ ਵਾਲੇ ਐੱਸ ਵਿਗਨੇਸ਼ ਸ਼ਿਸ਼ੀਰ (ਜਿਸ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਸੀ), ਸੀ ਬੀ ਆਈ ਅਤੇ ਈ ਡੀ ਨੂੰ ਨੋਟਿਸ ਜਾਰੀ ਕੀਤੇ। ਬੈਂਚ ਨੇ ਹਾਈ ਕੋਰਟ ਨੂੰ ਹਦਾਇਤ ਦਿੱਤੀ ਹੈ ਕਿ ਉਹ ਸੁਪਰੀਮ ਕੋਰਟ ਵਿੱਚ ਅਗਲੀ ਸੁਣਵਾਈ ਦੀ ਤਾਰੀਖ 20 ਅਗਸਤ ਤੱਕ ਆਪਣੀ ਅਗਲੀ ਸੁਣਵਾਈ ਨੂੰ ਮੁਲਤਵੀ ਰੱਖੇ। ਸਿੱਬਲ ਨੇ ਕਿਹਾ ਕਿ ਰਾਹੁਲ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ। ਪਟੀਸ਼ਨਰ ਨੇ ਆਪਣੇ ਪ੍ਰਮਾਣ ਪੱਤਰ ਵੀ ਪ੍ਰਗਟ ਨਹੀਂ ਕੀਤੇ। ਸੁਣਵਾਈ ਦੌਰਾਨ ਐਡੀਸ਼ਨਲ ਸਾਲਿਸਟਰ ਜਨਰਲ ਐੱਸ ਵੀ ਰਾਜੂ ਨੇ ਕਿਹਾ ਕਿ ਦੋਸ਼ ਗੰਭੀਰ ਸਨ। ਸੀ ਬੀ ਆਈ

• ਬਾਕੀ ਸਫਾ 2 'ਤੇ

## ਯੂਕਰੇਨ 'ਚ ਮਿੱਤਲ ਦੇ ਸਟੀਲ ਪਲਾਂਟ 'ਤੇ ਮਿਜ਼ਾਈਲ ਡਿੱਗੀ, 2 ਮੌਤਾਂ

**ਕੀਵ :** ਸ਼ਨੀਵਾਰ ਰਾਤ ਯੂਕਰੇਨੀ ਸ਼ਹਿਰ ਕ੍ਰਾਈਵੀ ਵਿੱਚ ਭਾਰਤੀ ਅਰਬਪਤੀ ਲਕਸ਼ਮੀ ਮਿੱਤਲ ਦੀ ਆਰਸੇਲਰ ਮਿੱਤਲ ਕੰਪਨੀ ਦੀ ਮਲਕੀਅਤ ਵਾਲੇ ਇੱਕ ਸਟੀਲ ਪਲਾਂਟ 'ਤੇ ਰੂਸੀ ਮਿਜ਼ਾਈਲ ਹਮਲੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ 13 ਕਾਮੇ ਤੇ ਠੇਕੇਦਾਰ ਜ਼ਖਮੀ ਹੋ ਗਏ। ਇਹ ਯੂਕਰੇਨ ਦਾ ਸਭ ਤੋਂ ਵੱਡਾ ਸਟੀਲ ਪਲਾਂਟ ਹੈ। ਹਮਲੇ ਕਾਰਨ ਪਲਾਂਟ ਵਿੱਚ ਕੁਝ ਉਤਪਾਦਨ ਰੋਕਣਾ ਪਿਆ।

ਪਲਾਂਟ ਦੇ ਪਾਵਰ ਸਿਸਟਮ ਅਤੇ ਬਲਾਸਟ ਫਰਨੇਸਾਂ ਦੇ ਮਹੱਤਵਪੂਰਨ ਹਿੱਸਿਆਂ ਨੂੰ ਨੁਕਸਾਨ ਪਹੁੰਚਿਆ। 2022 ਵਿੱਚ ਵੀ ਰੂਸੀ ਮਿਜ਼ਾਈਲ ਹਮਲੇ ਵਿੱਚ ਪਲਾਂਟ ਦੀ ਇੱਕ ਰੋਲਿੰਗ ਮਿੱਲ ਤਬਾਹ ਹੋ ਗਈ ਸੀ ਅਤੇ ਇੱਕ ਕਰਮਚਾਰੀ ਦੀ ਮੌਤ ਹੋ ਗਈ ਸੀ। ਮਿੱਤਲ ਨੇ ਇਹ ਯੂਕਰੇਨੀ ਸਟੀਲ ਪਲਾਂਟ 2005 ਵਿੱਚ ਖਰੀਦਿਆ ਸੀ। ਪਹਿਲਾਂ ਉਹ ਸਰਕਾਰ ਕੋਲ ਸੀ।

# ਨੌਜਵਾਨਾਂ ਦੇ ਭਵਿੱਖ ਲਈ ਪਹਿਲੀ ਨੂੰ ਦਿੱਲੀ ਚੱਲੋ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ ਦੀ ਇੱਕ ਸਤੰਬਰ ਦੀ ਦਿੱਲੀ ਵਿੱਚ 'ਬਦਲਾਅ ਜ਼ਰੂਰੀ ਹੈ' ਰੈਲੀ ਸੰਬੰਧੀ ਸਬ-ਡਵੀਜ਼ਨ ਮਾਨਸਾ ਦੇ ਸਕੱਤਰ ਰੂਪ ਸਿੰਘ ਢਿੱਲੋਂ ਤੇ ਸ਼ਹਿਰੀ ਸਕੱਤਰ ਰਤਨ ਭੋਲਾ ਦੀ ਅਗਵਾਈ ਹੇਠ ਲੋਕਤੰਤਰ ਤੇ ਧਰਮ ਨਿਰਪੱਖਤਾ ਨੂੰ ਬਚਾਉਣ, ਅਮਰੀਕਾ ਭਾਰਤ ਮੁਕਤ ਵਪਾਰ ਸਮਝੌਤੇ ਨੂੰ ਰੱਦ ਕਰਵਾਉਣ, ਰੁਜ਼ਗਾਰ ਗਰੰਟੀ ਕਾਨੂੰਨ ਦੀ ਸਥਾਪਨਾ, ਪੁਰਾਣੇ ਮਨਰੇਗਾ ਕਾਨੂੰਨ ਦੀ ਬਹਾਲੀ, ਐੱਮ ਐੱਸ ਪੀ, ਬੁਢਾਪਾ ਪੈਨਸ਼ਨ ਘੱਟੋ-ਘੱਟ 5,000 ਰੁਪਏ ਕਰਨ, ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਕਾਰੋਬਾਰੀਆਂ ਦੀ ਕਰਜ਼ ਮੁਆਫੀ ਆਦਿ ਮੰਗਾਂ ਸੰਬੰਧੀ ਪਦ ਯਾਤਰਾ ਦੌਰਾਨ ਮਾਨਸਾ ਖੁਰਦ, ਕੋਟ ਲੱਲੂ, ਬੱਪੀਆਣਾ, ਦਲੇਲ ਸਿੰਘ ਵਾਲਾ ਤੇ ਮੂਲਾ ਸਿੰਘ ਵਾਲਾ ਵਿਖੇ ਭਰਵੀਆਂ ਰੈਲੀਆਂ ਕੀਤੀਆਂ ਗਈਆਂ।



ਇਸ ਮੌਕੇ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਦੇਸ਼ ਅਨੇਕਾਂ ਹਮਲਿਆਂ ਤੇ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਜਿੱਥੇ ਆਰਥਿਕ ਮੰਦਹਾਲੀ ਦੇਸ਼ ਨੂੰ ਕੰਗਾਲੀ ਵੱਲ ਧੱਕ ਰਹੀ ਹੈ, ਉਥੇ 65 ਪ੍ਰਤੀਸ਼ਤ ਨੌਜਵਾਨਾਂ ਦੀ ਅਬਾਦੀ ਵਾਲੇ ਦੇਸ਼ ਦਾ ਭਵਿੱਖ ਹਨੇਰੇ ਵੱਲ ਧੱਕਿਆ ਜਾ ਰਿਹਾ ਹੈ, ਇਸ ਤੋਂ ਇਲਾਵਾ ਕਿਸਾਨ/ ਮਜ਼ਦੂਰ ਕਰਜ਼ ਦਾ ਬੋਝ ਸਹਿਣ ਤੋਂ ਅਸਮਰੱਥ ਹੋ ਕੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਬੇਰੁਜ਼ਗਾਰ ਨੌਜਵਾਨਾਂ

• ਬਾਕੀ ਸਫਾ 2 'ਤੇ

## ਛੇਤੀ ਹੀ 100 ਜੂਨੀਅਰ ਬੱਸਾਂ ਚਲਾਵਾਂਗੇ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**




ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਐਲਾਨ ਕੀਤਾ ਕਿ ਇਸ ਸਾਲ ਸਤੰਬਰ ਦੇ ਮੱਧ ਤੱਕ 100 ਵਿਸ਼ਵ ਪੱਧਰੀ 'ਪੀ ਆਰ ਟੀ ਸੀ ਜੂਨੀਅਰ' ਬੱਸਾਂ ਅਧਿਕਾਰਤ ਤੌਰ 'ਤੇ ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਦੇ ਬੇੜੇ ਵਿੱਚ ਸ਼ਾਮਲ ਹੋ ਜਾਣਗੀਆਂ। ਟਰਾਂਸਪੋਰਟ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਕੀਤੀ ਗਈ ਇੱਕ ਵਿਆਪਕ ਸਮੀਖਿਆ ਮੀਟਿੰਗ ਤੋਂ ਬਾਅਦ ਖੁਲਾਸਾ ਕੀਤਾ ਕਿ ਇਹ ਪੂਰੀ ਤਰ੍ਹਾਂ ਤਿਆਰ ਕੀਤੀਆਂ ਮਿਡੀ ਬੱਸਾਂ ਆਇਸ਼ਰ ਦੁਆਰਾ ਤਿਆਰ ਤੇ ਡਿਲਿਵਰ ਕੀਤੀਆਂ ਜਾ ਰਹੀਆਂ ਹਨ।

ਉਨ੍ਹਾ ਐਲਾਨ ਕੀਤਾ ਕਿ ਰਾਜ ਦੇ ਬੇੜੇ ਵਿੱਚ 1,279 ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਸਰਕਾਰੀ ਬੱਸਾਂ ਦੀ ਗਿਣਤੀ 2,267 ਤੋਂ ਵਧ ਕੇ 3,546 ਹੋ ਜਾਵੇਗੀ, ਜੋ ਕਿ 20 ਸਾਲਾਂ ਵਿੱਚ ਸਭ ਤੋਂ ਵੱਡਾ ਵਾਧਾ ਹੈ।

## ਅੱਜ-ਨਾਮਾ

ਜਿਹੜੇ ਦੇਸ਼ ਵਿੱਚ ਖੱਚਰ ਕੁਝ ਬੈਂਕ ਖਾਤੇ,
ਆਵਣ ਖਬਰਾਂ ਕਈ ਕੱਢਣ ਤਰਾਹ ਬੇਲੀ।
ਹਰ ਦਿਨ ਹੁੰਦੀ ਆ ਲੋਕਾਂ ਦੇ ਨਾਲ ਠੱਗੀ,
ਪੈਂਦਾ ਨਾਗਾ ਨਹੀਂ, ਆਵੇ ਨਾ ਸਾਹ ਬੇਲੀ।
ਘਰ ਵਿੱਚ ਜੱਜ ਸੀ ਨੋਟਾਂ ਦੇ ਢੇਰ ਲਾ ਲਏ,
ਲੱਗ ਗਈ ਤੀਲੀ ਫਿਰ ਹੋਏ ਸਵਾਹ ਬੇਲੀ।
ਰੌਲੇ-ਗੌਲੇ ਵਿੱਚ ਰੁਲਦਾ ਪਿਆ ਕੇਸ ਦਿੱਸੇ,
ਮਿਲੇ ਨਹੀਂ ਜਾਂਚ ਲਈ ਠੋਸ ਗਵਾਹ ਬੇਲੀ।
ਮੰਜੇ ਮਾਇਆ ਦੀ ਉੱਪਰ ਜਦ ਜੱਜ ਸੌਂਦਾ,
ਅਦਾਲਤ ਵਿੱਚ ਵੀ ਸੁਣੇ ਫਿਰ ਕੇਸ ਬੇਲੀ।
ਅਗੇਤਾ ਈ ਸੁੱਝ ਜਾਂਦਾ, ਏਥੇ ਹੋਊਗਾ ਕੀ,
ਨਿਆਂ ਇਹ ਭਾਲਦਾ ਹਾਲੇ ਵੀ ਦੇਸ ਬੇਲੀ।

-ਤੀਸ ਮਾਰ ਖਾਂ

# ਦਿੱਲੀ ਰੈਲੀ ਲਈ ਇਤਿਹਾਸਕ ਕਸਬਿਆਂ 'ਚ ਲਾਮਬੰਦੀ

**ਤਰਨ ਤਾਰਨ :** ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦੇਸ਼ ਭਰ ਵਿੱਚ ਜਨ-ਜਾਗਰਨ ਮੁਹਿੰਮ ਚੱਲ ਰਹੀ ਹੈ। ਇਸੇ ਮੁਹਿੰਮ ਤਹਿਤ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਧਰਤੀ ਖਡੂਰ ਸਾਹਿਬ ਦੇ ਇਲਾਕੇ ਵਿੱਚ ਪਾਰਟੀ ਵੱਲੋਂ ਸੀ ਪੀ ਆਈ ਦੇ ਬਲਾਕ ਸਕੱਤਰ ਬਲਜੀਤ ਸਿੰਘ ਫਤਿਹਾਬਾਦ, ਸੀ ਪੀ ਆਈ ਤਰਨ ਤਾਰਨ ਜ਼ਿਲ੍ਹੇ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ, ਮੀਤ ਸਕੱਤਰ ਜਗਤਾਰ ਸਿੰਘ ਜੱਗਾ ਅਤੇ ਕਿਸਾਨ ਸਭਾ ਦੇ ਆਗੂ ਬਲਦੇਵ ਸਿੰਘ ਧੂੰਦਾ ਦੀ ਅਗਵਾਈ ਹੇਠ ਜਥਾ ਮਾਰਚ ਦੌਰਾਨ ਗਦਰੀ ਦੇਸ਼ ਭਗਤ ਬਾਬਾ ਸ਼ੇਰ ਸਿੰਘ ਦੇ ਪਿੰਡ ਵੇਂਈਂਪੂੰਈਂ, ਗੁਰੂਆਂ ਦੀ ਧਰਤੀ ਫਤਿਹਾਬਾਦ, ਗੋਇੰਦਵਾਲ ਸਾਹਿਬ ਅਤੇ ਖਡੂਰ ਸਾਹਿਬ ਚੌਕ 'ਚ ਮੀਟਿੰਗਾਂ ਕੀਤੀਆਂ ਗਈਆਂ।



ਮੀਟਿੰਗਾਂ ਨੂੰ ਸੰਬੋਧਨ ਦੌਰਾਨ ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਤਰਨ ਤਾਰਨ ਜ਼ਿਲ੍ਹੇ ਦੇ ਮੀਤ ਸਕੱਤਰ ਬਲਕਾਰ ਸਿੰਘ ਵਲਟੋਹਾ ਅਤੇ ਸੂਬਾ ਕੌਂਸਲ ਮੈਂਬਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇਸ਼ ਵਿੱਚ ਵਸਦੀਆਂ ਘੱਟ ਗਿਣਤੀਆਂ ਦੀ ਕੱਟੜ ਵਿਰੋਧੀ ਹੈ ਅਤੇ ਸਰਕਾਰ ਦੀ ਕੋਸ਼ਿਸ਼ ਹੈ ਕਿ ਇਹ ਹਿੰਦੁਸਤਾਨ 'ਚੋਂ ਬਾਹਰ ਨਿਕਲ ਜਾਣ।ਆਰ ਐੱਸ ਐੱਸ ਹਿੰਦੁਸਤਾਨ ਨੂੰ ਹਿੰਦੂਆਂ ਦਾ ਦੇਸ਼ ਦੱਸ ਰਹੀ ਹੈ, ਜੋ ਇਤਿਹਾਸ ਨਾਲ ਖਿਲਵਾੜ ਹੈ।ਹਿੰਦੁਸਤਾਨ ਸ਼ਬਦ ਸਿੰਧੂ ਨਦੀ ਤੋਂ ਬਣਿਆ।ਫਾਰਸੀ ਵਿੱਚ ਸਿੰਧੂ ਨੂੰ ਹਿੰਦੂ ਉਚਾਰਿਆ ਜਾਂਦਾ ਸੀ।ਇਸ ਲਈ ਸੀ ਪੀ ਆਈ ਸੰਘ ਦੀ ਇਸ ਫਿਰਕੂ ਸੋਚ ਦੀ ਨਿੰਦਾ ਕਰਦੀ ਹੈ। ਕੇਂਦਰ ਸਰਕਾਰ ਵਿਰੁੱਧ ਜਿਹੜਾ ਵੀ ਕੋਈ ਬੁੱਧੀਜੀਵੀ ਜਾਂ ਲੇਖਕ ਲਿਖਦਾ ਜਾਂ ਬੋਲਦਾ ਹੈ, ਉਸ ਨੂੰ ਸਰਕਾਰ ਜੇਲ੍ਹ ਵਿੱਚ ਬੰਦ ਕਰ ਦਿੰਦੀ ਹੈ।ਕਈਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ।ਸਾਡੀ ਮੰਗ ਹੈ ਕਿ ਲੇਖਕ ਤੇ ਬੁੱਧੀਜੀਵੀਆਂ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ।ਕੇਂਦਰ ਦੀ ਹਕੂਮਤ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਵੀ ਸਾਡਾ ਅਧਿਕਾਰ ਖੋਹ ਲਿਆ ਹੈ। ਪਹਿਲਾਂ ਉਥੇ ਸਾਡਾ ਪਾਵਰ ਦਾ ਅਫ਼ਸਰ ਸੀ।ਇਹ ਹੱਕ ਪੰਜਾਬ ਦਾ ਬਹਾਲ ਹੋਣਾ ਚਾਹੀਦਾ ਹੈ।ਨਰੇਗਾ ਕਾਨੂੰਨ ਵੀ ਬਹਾਲ ਕੀਤਾ ਜਾਵੇ। ਮਾੜੀਮੇਘਾ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਆਵਾਜ਼ ਨਹੀਂ ਉਠਾ ਰਹੀ।ਪੰਜਾਬ ਦੇ ਦਰਿਆਵਾਂ ਦੇ ਪਾਣੀ 'ਤੇ ਸਿਰਫ ਪੰਜਾਬ ਦਾ ਹੱਕ ਹੈ, ਪਰ ਕੇਂਦਰ ਸਰਕਾਰ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਦੇ ਰਹੀ ਹੈ, ਜਦੋਂ ਕਿ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ।ਚੰਡੀਗੜ੍ਹ ਪੰਜਾਬ ਦੀ ਧਰਤੀ 'ਤੇ ਬਣਿਆ ਹੈ ਅਤੇ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਹੈ, ਪਰ ਕੇਂਦਰੀ ਹਕੂਮਤ ਉਹ ਪੰਜਾਬ ਨੂੰ ਨਹੀਂ ਦੇ ਰਹੀ।ਇਸੇ ਤਰ੍ਹਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਜਾ ਰਹੇ।ਇਸ ਤੋਂ ਇਲਾਵਾ ਨਰੇਗਾ ਕਾਮਿਆਂ ਨੂੰ ਕੰਮ ਪਹਿਲ ਦੇ ਆਧਾਰ 'ਤੇ ਦਿੱਤਾ ਜਾਵੇ।ਵਿਦਿਆ 10+02 ਤੱਕ ਮੁਫ਼ਤ ਤੇ ਲਾਜ਼ਮੀ ਦਿੱਤੀ ਜਾਵੇ। ਨੌਜਵਾਨਾਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ। ਡਾਕਟਰੀ ਸਹੂਲਤ ਮੁਫ਼ਤ ਹੋਣੀ

• ਬਾਕੀ ਸਫਾ 2 'ਤੇ

## ਮੋਦੀ ਸਰਕਾਰ ਕਾਰਪੋਰੇਟੀਆਂ ਦੀ ਸਰਕਾਰ : ਦੇਵੀ ਕੁਮਾਰੀ




**ਬੰਗਾ (ਅਵਤਾਰ ਕਲੇਰ)**

ਕੇਂਦਰ ਦੀ ਮੋਦੀ ਸਰਕਾਰ ਸਿਰਫ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ। ਇਸ ਸਰਕਾਰ ਦੌਰਾਨ ਅਮੀਰੀ ਅਤੇ ਗਰੀਬੀ ਦਾ ਪਾੜਾ ਵਧਿਆ ਹੈ। ਮੋਦੀ ਸਰਕਾਰ ਖ਼ਿਲਾਫ਼ ਲੋਕਾਂ ਨੂੰ ਲਾਮਬੰਦ ਕਰਨ ਲਈ 1 ਸਤੰਬਰ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ 'ਚ ਸੀ ਪੀ ਆਈ ਵੱਲੋਂ ਵਿਸ਼ਾਲ ਰੈਲੀ ਅਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਇਸ ਰੈਲੀ ਦੀ ਤਿਆਰੀ ਦੇ ਸੰਬੰਧ ਵਿੱਚ ਬੰਗਾ ਹਲਕੇ ਦੇ ਪਿੰਡ ਮੇਹਲੀ, ਬੁਰਜ ਕੰਧਾਰੀ, ਚੱਕ ਗੁਰੂ, ਬੀਕਾ ਵਿਖੇ ਪਾਰਟੀ ਵਰਕਰਾਂ ਅਤੇ ਸਮਰਥਕਾਂ ਨਾਲ ਮੀਟਿੰਗਾਂ ਦੌਰਾਨ ਕੀਤਾ। ਉਹਨਾ ਕਿਹਾ ਕਿ ਮੋਦੀ ਸਰਕਾਰ ਦੌਰਾਨ ਮਹਿੰਗਾਈ ਸਿਖਰਾਂ 'ਤੇ, ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ, ਗਰੀਬ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਹੀਂ ਨਸੀਬ ਹੋ ਰਹੀ। ਇਹਨਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਕੇਂਦਰ ਸਰਕਾਰ ਲੋਕਾਂ ਨੂੰ ਆਪਸ ਵਿੱਚ ਜਾਤ ਦੇ ਨਾਂਅ 'ਤੇ,ਧਰਮ ਦੇ ਨਾਂਅ 'ਤੇ ਲੜਾ ਰਹੀ ਹੈ। ਇਸ ਸਰਕਾਰ ਦੇ ਰਹਿੰਦਿਆਂ ਆਪਸੀ ਭਾਈਚਾਰਕ ਸਾਂਝ ਖ਼ਤਮ ਹੋ ਰਹੀ ਹੈ। ਘੱਟ ਗਿਣਤੀਆਂ ਆਪਣੇ ਆਪ ਨੂੰ

• ਬਾਕੀ ਸਫਾ 2 'ਤੇ

## ਮਾਊਂਟ ਲਿਟਰਾ ਜ਼ੀ ਸਕੂਲ ਨੇ ਆਜ਼ਾਦੀ ਦਿਵਸ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਨੇ ਆਜ਼ਾਦੀ ਦਿਵਸ ਮਨਾਇਆ।ਜਸ਼ਨਾਂ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਭੂਸ਼ਣ ਬਾਂਸਲ ਅਤੇ ਸਕੂਲ ਪ੍ਰਧਾਨ ਗਗਨ ਬਾਂਸਲ ਦੁਆਰਾ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ।ਇਸ ਤੋਂ ਬਾਅਦ ਸਾਰਿਆਂ ਨੇ ਰਾਸ਼ਟਰੀ ਗੀਤ ਗਾਇਆ।ਸਮਾਰੋਹ ਦੌਰਾਨ ਸਕੂਲ ਦੇ ਪ੍ਰਧਾਨ ਗਗਨ ਬਾਂਸਲ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਘੁਲਾਟੀਆਂ ਦੇ ਬਲੀਦਾਨ ਅਤੇ ਸਮਰਪਣ ਤੋਂ ਪ੍ਰੇਰਨਾ ਲੈਣ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ।ਇਸ ਤੋਂ ਬਾਅਦ ਵਿਦਿਆਰਥੀਆਂ ਨੇ ਆਜ਼ਾਦੀ ਸੰਘਰਸ਼ ਅਤੇ ਦੇਸ਼ ਭਗਤੀ ਦੀ ਭਾਵਨਾ 'ਤੇ ਅਧਾਰਤ ਇੱਕ ਨਾਟਕ ਪੇਸ਼ ਕੀਤਾ।ਪ੍ਰਭਾਵਸ਼ਾਲੀ ਅਦਾਕਾਰੀ ਅਤੇ ਸੰਵਾਦ ਰਾਹੀਂ ਵਿਦਿਆਰਥੀਆਂ ਨੇ ਆਜ਼ਾਦੀ ਘੁਲਾਟੀਆਂ ਦੇ ਸੰਘਰਸ਼, ਕੁਰਬਾਨੀ ਅਤੇ ਸਮਰਪਣ ਨੂੰ ਜੀਵਨ ਵਿੱਚ ਲਿਆਂਦਾ।ਨਾਟਕ ਤੋਂ ਬਾਅਦ ਵਿਦਿਆਰਥੀਆਂ ਨੇ ਦੇਸ਼ ਭਗਤੀ ਦਾ ਗੀਤ ਪੇਸ਼ ਕੀਤਾ।ਫਿਰ ਵਿਦਿਆਰਥੀਆਂ ਨੇ ਇੱਕ ਮਨਮੋਹਕ ਦੇਸ਼ ਭਗਤੀ ਨਾਚ ਪੇਸ਼ ਕਰਕੇ ਸਾਰਿਆਂ ਨੂੰ ਮੋਹਿਤ ਕਰ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਹੈੱਡ ਗਰਲ ਨੇ ਸਾਰੇ ਮਹਿਮਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਧੰਨਵਾਦ ਦਾ ਮਤਾ ਪੇਸ਼ ਕੀਤਾ।

## ਵਿੱਤ ਮੰਤਰੀ ਨੇ ਡਾ. ਅੰਸ਼ੂ ਕਟਾਰੀਆ ਨੂੰ ਸਨਮਾਨਤ ਕੀਤਾ



**ਰਾਜਪੁਰਾ (ਰਮੇਸ਼ ਕਟਾਰੀਆ)**- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਚੰਡੀਗੜ੍ਹ ਦੇ ਮੈਰੀਅਟ ਵਿਖੇ ਆਯੋਜਿਤ ਮਿਲੇਨੀਅਮ ਅਵਾਰਡਜ਼ 2026 ਦੌਰਾਨ ਪੰਜਾਬ ਅਨਏਡਿਡ ਕਾਲਜਿਜ਼ ਐਸੋਸੀਏਸ਼ਨ (ਪ੍ਰਧਾਨ ਤੇ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ (ਚੰਡੀਗੜ੍ਹ ਨੇੜੇ) ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੂੰ ਵੱਕਾਰੀ (ਪੰਜਾਬ ਦੇ ਨਿੱਜੀ ਗੈਰ-ਸਹਾਇਤਾ ਪ੍ਰਾਪਤ ਕਾਲਜਾਂ ਦੀ ਆਵਾਜ਼) ਅਵਾਰਡ ਨਾਲ ਸਨਮਾਨਤ ਕੀਤਾ। ਚੀਮਾ ਨੇ ਨਿੱਜੀ ਗੈਰ-ਸਹਾਇਤਾ ਪ੍ਰਾਪਤ ਕਾਲਜਾਂ ਦੇ ਮੁੱਦਿਆਂ ਨੂੰ ਉਠਾਉਣ ਅਤੇ ਵਿਦਿਆਰਥੀਆਂ ਤੇ ਵਿਦਿਅਕ ਸੰਸਥਾਵਾਂ ਦੀ ਭਲਾਈ ਲਈ ਕੰਮ ਕਰਨ ਵਿੱਚ ਡਾ. ਕਟਾਰੀਆ ਦੇ ਲਗਾਤਾਰ ਯਤਨਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਪੰਜਾਬੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਪੀਐਮ ਐਸ ਸਕੀਮ ਨੂੰ ਮੁੜ ਸੁਰਜੀਤ ਕਰਨ ਲਈ ਵਿੱਤ ਮੰਤਰੀ ਚੀਮਾ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਸਰਕਾਰ ਨੇ 2017-20 ਦੇ ਬਕਾਇਆ ਪੀਐਮ ਐਸ ਫੰਡਾਂ ਲਈ 432 ਕਰੋੜ ਰੁਪਏ ਮਨਜ਼ੂਰ ਕੀਤੇ ਹਨ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਬਕਾਇਆ ਫੰਡ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ।ਡਾ. ਕਟਾਰੀਆ ਨੇ ਪੰਜਾਬ ਦੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਪੀਐਮ ਐਸ ਮੁੱਦਿਆਂ ਨੂੰ ਹੱਲ ਕਰਨ ਲਈ ਚੀਮਾ ਦੇ ਯਤਨਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਵਿਚ ਆਰੀਅਨਜ਼ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਏਆਬਾ ਗਰੁੱਪ ਆਫ਼ ਕਾਲਜਿਜ਼, ਇੰਡੋ ਗਲੋਬਲ ਗਰੁੱਪ ਆਫ਼ ਕਾਲਜਿਜ਼ ਅਤੇ ਸਰਸਵਤੀ ਗਰੁੱਪ ਆਫ਼ ਕਾਲਜਿਜ਼ ਦੀਆਂ ਟੀਮਾਂ ਮੌਜੂਦ ਸਨ।

## ਦੁਤਾਲ ਸਕੂਲ 'ਚ ਅਜ਼ਾਦੀ ਦਿਹਾੜਾ ਤੇ ਤੀਆਂ ਦਾ ਤਿਉਹਾਰ ਮਨਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਦੁਤਾਲ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਅਜ਼ਾਦੀ ਦਿਹਾੜਾ ਅਤੇ ਤੀਆਂ ਦਾ ਤਿਉਹਾਰ ਮਨਾਇਆ। ਮਨਪ੍ਰੀਤ ਕੌਰ ਅਤੇ ਦਲੇਰ ਸਿੰਘ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਬੱਚਿਆਂ ਨੇ ਦੇਸ਼ ਭਗਤੀ ਅਤੇ ਸੱਭਿਆਚਾਰਕ ਗੀਤਾਂ 'ਤੇ ਦਿਲ ਟੁੰਬਵੀਂ ਪੇਸ਼ਕਾਰੀ ਕੀਤੀ ਅਤੇ ਲੋਕ ਨਾਚ ਗਿੱਧਾ ਪੇਸ਼ ਕੀਤਾ। ਮੁੱਖ ਅਧਿਆਪਕ ਸਿਕਲੀ ਰਾਣੀ ਅਤੇ ਸੀਨੀਅਰ ਅਧਿਆਪਕ ਜੈ ਦੇਵ ਸ਼ਰਮਾ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦੀ ਵਿਰਾਸਤ ਨਾਲ ਜੋੜਦਾ ਹੈ। ਆਜ਼ਾਦੀ ਦੇ 80 ਸਾਲਾਂ ਬਾਅਦ ਆਮ ਲੋਕ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿੱਚ ਅਸਮਰੱਥ ਹਨ।ਧਰਮਾਂ, ਜਾਤਾਂ ਤੇ ਖਿੱਤੇ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਬਣਾਉਣ ਲਈ ਇਕਜੁਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।ਅੰਤ ਵਿੱਚ ਸਟਾਫ ਨੇ ਪੇਸ਼ਕਾਰੀ ਕਰਨ ਵਾਲੇ ਬੱਚਿਆਂ ਨੂੰ ਕਾਪੀਆਂ ਦੇ ਕੇ ਸਨਮਾਨਤ ਕੀਤਾ ਗਿਆ।

## ਜੀ ਐੱਮ ਮਾਡਲ ਸਕੂਲ 'ਚ ਅਜ਼ਾਦੀ ਦਿਵਸ ਮਨਾਇਆ



**ਦਿੜ੍ਹਬਾ (ਜਸਵੀਰ ਲਾਡੀ)**- ਜੀ. ਐਮ ਮਾਡਲ ਹਾਈ ਸਕੂਲ ਫਾਜਲੀ ਵਿਖੇ ਅਜ਼ਾਦੀ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਮੈਡਮ ਰਣਧੀਰ ਕੌਰ ਮਾਨ ਨੇ ਦੱਸਿਆ ਕਿ ਇਸ ਮੌਕੇ ਬੱਚਿਆਂ ਨੇ ਗੀਤ-ਸੰਗੀਤ, ਗਿੱਧਾ, ਭੰਗੜਾ ਤੇ ਕੋਰਿਓਗ੍ਰਾਫੀ ਆਦਿ ਪੇਸ਼ ਕੀਤਾ ਗਿਆ।ਮੈਡਮ ਰਣਧੀਰ ਕੌਰ ਮਾਨ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਮਹਾਨ ਸ਼ਹੀਦਾਂ ਨੇ ਇਸ ਅਜ਼ਾਦੀ ਨੂੰ ਪ੍ਰਾਪਤ ਕਰਨ ਲਈ ਅਣਗਿਣਤ ਕੀਮਤੀ ਜਾਨਾਂ ਕੁਰਬਾਨ ਕਰਕੇ ਇਹ ਅਜ਼ਾਦੀ ਪ੍ਰਾਪਤ ਕੀਤੀ ਹੈ। ਸਾਨੂੰ ਉਨ੍ਹਾਂ ਸ਼ਹੀਦਾਂ ਦੇ ਸਿਰਜੇ ਸੁਪਨਿਆਂ ਨੂੰ ਪੂਰੇ ਕਰਨ ਲਈ ਇਸ ਮੌਕੇ ਅਹਿਦ ਕਰਨਾ ਚਾਹੀਦਾ ਹੈ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## ਦੇਸ਼ ਭਗਤੀ ਦੇ ਰੰਗ 'ਚ ਰੰਗਿਆ ਗੁਰੂ ਨਾਨਕ ਦੇਵ ਪਬਲਿਕ ਸਕੂਲ



**ਕੋਟਕਪੂਰਾ (ਰਛਪਾਲ ਢਿੱਲਰ)**-ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੀਵਨ ਵਾਲਾ-ਘਣੀਏ ਵਾਲਾ ਵਿਖੇ ਦੇਸ਼ ਦਾ 80ਵਾਂ ਆਜ਼ਾਦੀ ਦਿਵਸ ਬੜੇ ਹੀ ਉਤਸ਼ਾਹ, ਜੋਸ਼ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।ਸਮਾਗਮ ਦੌਰਾਨ ਸਕੂਲ ਦਾ ਮਾਹੌਲ ਦੇਸ਼ ਭਗਤੀ ਦੇ ਜਜ਼ਬੇ ਨਾਲ ਸਰਾਬੋਰ ਰਿਹਾ।ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਭਾਸ਼ਣ, ਨਾਟਕ ਤੇ ਸ਼ਾਨਦਾਰ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।ਇਨ੍ਹਾਂ ਪੇਸ਼ਕਾਰੀਆਂ ਰਾਹੀਂ ਵਿਦਿਆਰਥੀਆਂ ਨੇ ਆਜ਼ਾਦੀ ਘੁਲਾਟੀਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਪ੍ਰਤੀ ਪਿਆਰ, ਸਤਿਕਾਰ ਤੇ ਸਮਰਪਣ ਦੀ ਭਾਵਨਾ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਕੀਤਾ।ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਦੀਆਂ ਮਨਮੋਹਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਸਮਾਗਮ ਦੀ ਰੌਣਕ ਨੂੰ ਹੋਰ ਵੀ ਵਧਾ ਦਿੱਤਾ।ਸਕੂਲ ਦੇ ਪ੍ਰਿੰਸੀਪਲ ਸ੍ਰੀ ਸੁਖਜਿੰਦਰ ਸਿੰਘ ਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਗਿੱਲ ਨੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਅਤੇ ਅਧਿਆਪਕਾਂ ਦੀ ਮਿਹਨਤ ਤੇ ਸਮਰਪਣ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਘੁਲਾਟੀਆਂ ਦੇ ਆਦਰਸ਼ਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਏਕਤਾ, ਅਖੰਡਤਾ, ਸ਼ਾਂਤੀ ਤੇ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## ਐਸ ਆਰ ਐਸ ਚੈਂਪੀਅਨਜ਼ ਲੀਗ 'ਅੱਜ ਦਾ ਭਾਰਤ' ਥੀਮ ਨਾਲ ਸਮਾਪਤ



**ਸਮਾਣਾ (ਗੁਰਪਿਆਰ ਸਿੰਘ ਢੱਲ)**-ਐਸਆਰਐਸ ਵਿਦਿਆ ਪੀਠ ਵਿਖੇ ਪੰਜ ਦਿਨਾਂ ਦੀ ਐਸਆਰਐਸ ਚੈਂਪੀਅਨਜ਼ ਲੀਗ 2026 'ਅੱਜ ਦਾ ਭਾਰਤ' ਥੀਮ ਤਹਿਤ ਸ਼ਾਨਦਾਰ ਢੰਗ ਨਾਲ ਸੰਪੰਨ ਹੋਈ।ਸਮਾਗਮ ਵਿੱਚ ਪਲੇਵੇ ਤੋਂ ਜਮਾਤ 12 ਤੱਕ ਦੇ ਵਿਦਿਆਰਥੀਆਂ ਨੇ ਖੇਡਾਂ, ਸਿੱਖਿਆ, ਸਾਹਿਤ, ਕਲਾ, ਸੰਗੀਤ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ।ਸਮਾਗਮ ਦੀ ਸ਼ੁਰੂਆਤ ਸ਼ਾਨਦਾਰ ਮਾਰਚ-ਪਾਸਟ ਨਾਲ ਹੋਈ।ਵਿਦਿਆਰਥੀਆਂ ਨੇ ਕ੍ਰਿਕਟ, ਬਾਸਕਟਬਾਲ, ਫੁੱਟਬਾਲ, ਦੌੜਾਂ, ਪ੍ਰਸ਼ਨੋਤਰੀ, ਸਾਹਿਤਕ ਤੇ ਕਲਾ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।'ਰਿਦਮ ਐਂਡ ਰਾਗਾ' ਰਾਹੀਂ ਸੰਗੀਤ ਤੇ ਨ੍ਰਿਤ ਦੀਆਂ ਪੇਸ਼ਕਾਰੀਆਂ ਵੀ ਖਿੱਚ ਦਾ ਕੇਂਦਰ ਰਹੀਆਂ।ਸਮਾਪਤੀ ਸਮਾਰੋਹ ਵਿੱਚ ਜੇਤੂ ਵਿਦਿਆਰਥੀਆਂ ਤੇ ਸਦਨਾਂ ਨੂੰ ਸਨਮਾਨਤ ਕੀਤਾ ਗਿਆ।ਅਮਰੀਕਾ ਸਦਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਓਵਰਆਲ 'ਤੇ 'ਚੈਂਪੀਅਨਜ਼ ਸਦਨ ਕੱਪ' ਜਿੱਤ ਕੇ ਐਸਸੀਐਲ 2026 ਦਾ ਖਿਤਾਬ ਆਪਣੇ ਨਾਂਅ ਕੀਤਾ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਨੇ ਆਜ਼ਾਦੀ ਦਿਹਾੜਾ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਸੀਨੀਅਰ ਸਿਟੀਜ਼ਨ ਵੈਲਫੇਅਰ ਫੋਰਮ ਦੇ ਮੈਂਬਰਾਂ ਨੇ ਆਜ਼ਾਦੀ ਦਾ 80ਵਾਂ ਸਾਲ ਬੜੀ ਸ਼ਰਧਾ ਤੇ ਧੂਮਧਾਮ ਨਾਲ ਪ੍ਰਧਾਨ ਮਦਨ ਲਾਲ ਬਾਂਸਲ ਦੀ ਯੋਗ ਅਗਵਾਈ ਹੇਠ ਭਵਨ ਵਿਖੇ ਮਨਾਇਆ।ਪ੍ਰਧਾਨ ਮਦਨ ਲਾਲ ਬਾਂਸਲ ਨੇ ਝੰਡੇ ਨੂੰ ਸਲਾਮੀ ਦਿੱਤੀ ਤੇ ਰਾਸ਼ਟਰੀ ਗੀਤ ਗਾ ਕੇ ਪ੍ਰੋਗਰਾਮ ਸ਼ੁਰੂਆਤ ਕੀਤੀ।ਪ੍ਰਧਾਨ ਮਦਨ ਲਾਲ ਬਾਂਸਲ ਨੇ ਦੇਸ਼ ਦੀ ਆਜ਼ਾਦੀ ਲਈ ਸ਼ਹਾਦਤ ਦੇਣ ਵਾਲੇ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਕਿਹਾ ਕਿ ਸਾਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਜੇਕਰ ਅੱਜ ਆਜ਼ਾਦੀ ਮਾਣ ਰਹੇ ਹਾਂ ਤਾਂ ਇਸਦੇ ਅਪਣੇ ਆਪ ਨੂੰ ਦੇਸ਼ ਲਈ ਕੁਰਬਾਨ ਕਰਨ ਵਾਲੇ ਸ਼ਹੀਦਾਂ ਦਾ ਬਹੁਤ ਵੱਡਾ ਰੋਲ ਹੈ।ਇਸ ਮੌਕੇ ਫੋਰਮ ਦੇ ਅਨੇਕਾਂ ਮੈਂਬਰਾਂ ਨੇ ਇਨਕਲਾਬੀ ਤੇ ਦੇਸ਼ ਭਗਤੀ ਦੇ ਗੀਤ ਗਾ ਕੇ ਸ਼ਹੀਦਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ।ਉਸ ਤੋਂ ਬਾਅਦ ਮੈਂਬਰਾਂ ਨੇ ਆਪਣੇ ਪਰਿਵਾਰਾਂ ਸਮੇਤ ਤੀਆਂ ਦਾ ਤਿਉਹਾਰ ਮਨਾਇਆ।ਪ੍ਰੋਗਰਾਮ ਵਿਚ ਸ੍ਰੀ ਕਮਲਜੀਤ ਸਿੰਘ ਮੱਲ੍ਹਾ ਸਕੱਤਰ ਸ੍ਰੀ ਕ੍ਰਿਸ਼ਨਾ ਜੈਲਾਲ ਪ੍ਰਧਾਨ ਰੈਡ ਕ੍ਰਾਸ ਸੁਸਾਇਟੀ ਜਗਰਾਓਂ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਸਕੱਤਰ ਸ਼ਸ਼ੀ ਭੂਸ਼ਣ ਜੈਨ ਨੇ ਕਮਲਜੀਤ ਸਿੰਘ ਮੱਲਾ ਦਾ ਭਵਨ ਵਿੱਚ ਪਹੁੰਚਣ 'ਤੇ ਨਿੱਘਾ ਸੁਆਗਤ ਕੀਤਾ।ਪ੍ਰਧਾਨ ਮਦਨ ਲਾਲ ਬਾਂਸਲ ਤੇ ਸਕੱਤਰ ਸ਼ਸ਼ੀ ਭੂਸ਼ਣ ਜੈਨ ਨੇ ਮੁੱਖ ਮਹਿਮਾਨ ਸ੍ਰੀ ਕਮਲਜੀਤ ਸਿੰਘ ਮੱਲਾ ਨੂੰ ਸਿਰੋਪਾ ਭੇਂਟ ਕੀਤਾ।ਸ੍ਰੀ ਕਮਲਜੀਤ ਸਿੰਘ ਮੱਲਾ ਨੇ ਆਪਣੇ ਸੰਬੋਧਨ ਵਿਚ ਜਗਰਾਓਂ ਦੇ ਸੀਨੀਅਰ ਸਿਟੀਜ਼ਨ ਫੋਰਮ ਦੇ ਪ੍ਰਧਾਨ ਮਦਨ ਲਾਲ ਬਾਂਸਲ ਦੀ ਯੋਗ ਅਗਵਾਈ ਹੇਠ ਫੋਰਮ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।ਤੀਆਂ ਦਾ ਤਿਉਹਾਰ ਖਾਸ ਤੌਰ 'ਤੇ ਫੋਰਮ ਦੀ ਮਹਿਲਾਵਾਂ ਨੇ ਅਪਣੇ ਮਨੋਰੰਜਨ ਲਈ ਮਨਾਇਆ।ਤੀਆਂ ਦੇ ਤਿਉਹਾਰ ਨੂੰ ਰੰਗਾਰੰਗ ਤਰੀਕੇ ਨਾਲ ਮਨਾਉਣ ਲਈ ਸ਼੍ਰੀਮਤੀ ਵੀਰਪਾਲ ਕੌਰ ਦੀ ਯੋਗ ਅਗਵਾਈ ਹੇਠ ਪ੍ਰਬੰਧਕ ਕਮੇਟੀ ਬਣਾਈ ਗਈ ਸੀ।

## ਸਰਕਾਰ ਖੁੱਲ੍ਹੇਆਮ ਮਿਲ ਰਹੇ ਜ਼ਹਿਰ 'ਤੇ ਪਾਬੰਦੀ ਲਾਵੇ : ਬੰਗਾ, ਕੰਬੋਜ

**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਸਮੇਤ ਗੁਆਂਢੀ ਸੂਬਾ ਹਰਿਆਣਾ ਨਸ਼ਾ ਮੁਕਤ ਨਹੀਂ ਹੋਏ, ਪਰ ਦੂਜੇ ਪਾਸੇ ਨੌਜਵਾਨ ਪੀੜ੍ਹੀ ਨੈਟ ਸਕੈਮ ਸੱਟੇ ਵਿੱਚ ਫ਼ਸ ਕੇ ਖੁਦਕੁਸ਼ਿਆਂ ਦੇ ਰਸਤੇ 'ਤੇ ਤੁਰ ਪਈ ਹੈ, ਜਿਨ੍ਹਾਂ ਨੂੰ ਰੋਕਣ ਲਈ ਸਰਕਾਰਾਂ ਤੇ ਪ੍ਰਸ਼ਾਸਨ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।ਭਾਜਪਾ ਆਗੂ ਸੁਰੇਸ਼ ਰਾਠੀ ਬੰਗਾ ਤੇ ਮੁਖਤਿਆਰ ਸਿੰਘ ਕੰਬੋਜ ਮੈਂਬਰ ਨਗਰ ਪੰਚਾਇਤ ਮੂਨਕ ਨੇ ਕਿਹਾ ਕਿ ਇਹ ਕੀੜੇਮਾਰ ਦਵਾਈ ਵਿਕਰੇਤਾ ਇਨ੍ਹਾਂ ਨੌਜਵਾਨਾਂ ਨੂੰ ਬਿਨਾਂ ਪਰਵਾਰ ਨਾਲ ਸੰਪਰਕ ਕੀਤੇ ਨੌਜਵਾਨ ਬੱਚਿਆਂ ਦੇ ਹੱਥ ਵਿੱਚ ਸਲਫਾਸ ਦੀ ਡੱਬੀ ਫੜਾ ਦਿੰਦੇ ਹਨ।

ਪਰਵਾਰ ਨੂੰ ਉਸ ਸਮੇਂ ਪਤਾ ਲੱਗਦਾ ਹੈ, ਜਦੋਂ ਉਹ ਮੌਤ ਦੇ ਕਿਨਾਰੇ ਪਹੁੰਚ ਜਾਂਦਾ ਹੈ।ਜਿਸ ਕਾਰਨ ਪਰਵਾਰ ਨੂੰ ਦਵਾਈ ਵਿਕਰੇਤਾ ਦਾ ਵੀ ਅਤਾ ਪਤਾ ਨਹੀਂ ਲੱਗਦਾ, ਜਿਸ ਕਾਰਨ ਪੀੜਤ ਪਰਵਾਰ ਅੱਗੇ ਆਉਣ ਤੋਂ ਅਸਮਰੱਥ ਹੁੰਦਾ ਹੈ।ਪਰਵਾਰ ਨੂੰ ਵੀ ਆਪਣੀ ਜ਼ਿੰਦਗੀ ਦੀ ਮੰਜ਼ਲ ਕਿਸੇ ਪਾਸੋਂ ਨਜ਼ਰ ਨਹੀਂ ਆਉਂਦੀ। ਜੇਕਰ ਸਰਕਾਰ ਤੇ ਪ੍ਰਸ਼ਾਸਨ ਇਸ ਸਲਫਾਸ 'ਤੇ ਸਖਤ ਕਦਮ ਚੁੱਕੇ ਤਾਂ ਬੱਚਿਆਂ ਨੂੰ ਖੁਦਕੁਸ਼ੀ ਦੇ ਰਾਸਤੇ ਤੋਂ ਬਚਾਇਆ ਜਾ ਸਕਦਾ ਹੈ।

# ਪ੍ਰਧਾਨ ਮੰਤਰੀ ਦਾ ਲਾਲ ਕਿਲ੍ਹੇ ਦੀ ਫਸੀਲ ਤੋਂ ਭਾਸ਼ਣ ਨਿੰਦਣਯੋਗ

**ਲੁਧਿਆਣਾ (ਸਤੀਸ਼ ਸਚਦੇਵਾ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 15 ਅਗਸਤ ਨੂੰ 13ਵੀਂ ਵਾਰ ਲਾਲ ਕਿਲੇ ਦੀ ਫਸੀਲ ਤੋਂ ਆਪਣੇ 76 ਮਿੰਟ ਦੇ ਭਾਸ਼ਣ ਵਿੱਚ ਹੋਰਨਾਂ ਗੱਲਾਂ ਦੇ ਨਾਲ ਨਾਲ 'ਦਿਮਾਗ਼ੀ ਨਕਸਲ' ਨੂੰ ਵੱਡੇ ਖ਼ਤਰੇ ਵਜੋਂ ਐਲਾਨਿਆ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਐਲਾਨ ਵੱਡੇ ਖ਼ਤਰੇ ਸਮੋਈ ਬੈਠਾ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਬਿਆਨ ਤੇ ਤਿੱਖੀ ਪ੍ਰਤਿਕ੍ਰਿਆ ਪਰਗਟ ਕਰਦਿਆਂ ਕਿਹਾ ਕਿ ਅਸਲ ਵਿੱਚ ਇਹੀ ਉਹ ਸਵਾਲ ਹੈ ਜੋ ਭਾਜਪਾ-ਆਰ ਐਸ ਐਸ ਜੁੰਡਲੀ ਨੂੰ ਪ੍ਰੇਸ਼ਾਨ ਕਰ ਰਿਹਾ ਹੈ।ਇਹ ਵਿਗਿਆਨਕ ਲੀਹਾਂ ਤੇ ਉੱਸਰਿਆ ਵਿਚਾਰ ਹਰ ਵਰਤਾਰੇ ਨੂੰ ਵਿਰੋਧ ਵਿਕਾਸੀ ਨਜ਼ਰੀਏ ਤੋਂ ਖੁੱਲ੍ਹੇ ਮਨ ਨਾਲ ਪਰਖਦਾ ਹੈ।ਸੱਤਾ ਨੂੰ ਲੋਕ ਪੱਖੀ ਨਜ਼ਰੀਏ ਤੋਂ ਸਵਾਲ ਕਰਦਾ ਹੈ।ਬਾਹਰਮੁਖੀ ਹਾਲਾਤ ਅਜਿਹਾ ਵਿਚਾਰ ਬਣਾਉਣ ਲਈ ਆਧਾਰ ਤਿਆਰ ਕਰਦੀਆਂ ਹਨ।ਇਹ ਵਿਚਾਰ ਲੋਕਾਈ ਨੂੰ ਸੱਤਾ ਨੂੰ ਸਵਾਲ ਕਰਨ ਤੋਂ ਅੱਗੇ ਹਰ ਗਲਤ ਵਰਤਾਰੇ ਖਿਲਾਫ਼ ਸੰਘਰਸ਼ ਕਰਨ ਲਈ ਤਿਆਰ ਕਰਦਾ ਹੈ।ਇਹ ਵਿਚਾਰ ਆਰਐਸਐਸ-ਭਾਜਪਾ ਵਾਂਗ ਫ਼ਿਰਕੂ ਜ਼ਹਿਰੀ ਨਫ਼ਰਤ ਨਾਲ ਭਰੇ ਹੋਏ ਦਿਮਾਗਾਂ ਦੀ ਮੰਦ ਬੁੱਧੀ ਭੀੜ ਪੈਦਾ ਨਹੀਂ ਕਰਦਾ।ਸਾਮਰਾਜੀਆਂ ਦੀ ਦਲਾਲ ਤੇ ਅਡਾਨੀ-ਅੰਬਾਨੀ ਜਿਹੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਗਲਤਾਨ ਮੋਦੀ ਹਕੂਮਤ ਨੇ ਮਾਓਵਾਦੀਆਂ, ਆਦਿਵਾਸੀਆਂ, ਬੁੱਧੀਜੀਵੀਆਂ, ਚਿੰਤਕਾਂ, ਵਕੀਲਾਂ, ਸਮਾਜਿਕ ਕਾਰਕੁਨਾਂ, ਵਿਦਿਆਰਥੀਆਂ, ਪੱਤਰਕਾਰਾਂ ਤੇ ਘੱਟ ਗਿਣਤੀਆਂ ਖ਼ਾਸ ਕਰ ਮੁਸਲਮਾਨਾਂ ਨੂੰ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਦੀ ਸਲਾਖਾਂ ਪਿੱਛੇ ਕੈਦ ਕੀਤਾ ਹੋਇਆ ਹੈ।ਮੋਦੀ ਹਕੂਮਤ ਆਪਣੇ ਜਾਬਰ ਹਿੰਦੂਤਵੀ ਫ਼ਿਰਕੂ ਹੱਲੇ ਨੂੰ ਤੇਜ਼ ਕਰ ਰਹੀ ਹੈ।

ਆਰ ਐਸ ਐਸ ਵਿਚਾਰਧਾਰਕ ਤੌਰ 'ਤੇ ਹਿਟਲਰ ਨਾਲ ਮੇਲ ਖਾਂਦੀ ਹੈ।ਹਿਟਲਰ ਨੇ ਲੱਖਾਂ ਕਮਿਊਨਿਸਟਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ।ਮੋਦੀ ਵੀ ਹਿਟਲਰ ਵਾਲਾ ਹੀ ਭਰਮ ਪਾਲ ਰਿਹਾ ਹੈ।ਮੋਦੀ ਹਕੂਮਤ ਇਹ ਵੀ ਯਾਦ ਰੱਖੇ ਕਿ ਆਖਰਕਾਰ ਹਿਟਲਰ ਨੂੰ ਆਖ਼ਰ ਆਤਮਹੱਤਿਆ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ।ਮੋਦੀ ਹਕੂਮਤ ਵੀ ਲੋਕ ਰੋਹ ਦਾ ਸਾਹਮਣਾ ਕਰਨ ਤੋਂ ਬਚ ਨਹੀਂ ਸਕਦੀ।ਕਦੇ ਦਿੱਲੀ ਦੀ ਤਰਜ਼ 'ਤੇ ਇਤਿਹਾਸਕ ਜੇਤੂ ਕਿਸਾਨ ਘੋਲ, ਕਦੇ ਪਾਨੀਪਤ ਰਿਫਾਇਨਰੀ ਤੋਂ ਸ਼ੁਰੂ ਹੋਇਆ, ਦਿੱਲੀ, ਨੋਇਡਾ, ਮਾਨੇਸਰ, ਫਰੀਦਾਬਾਦ ਤੇ ਹੋਰ ਥਾਵਾਂ ਤੇ ਘੱਟੋ-ਘੱਟ ਉਜਰਤਾਂ ਦੇ ਵਾਧੇ ਦੀ ਮੰਗ ਨੂੰ ਲੈ ਕੇ ਮਜ਼ਦੂਰਾਂ ਦਾ ਸੰਘਰਸ਼, ਕਦੇ ਦਿੱਲੀ ਦੇ ਜੰਤਰ ਮੰਤਰ ਵਿਖੇ ਕੌਕਰੋਚ ਜਨਤਾ ਪਾਰਟੀ ਦੀ ਅਗਵਾਈ ਵਿੱਚ ਨੀਟ ਪੇਪਰ ਲੀਕ ਮਾਮਲੇ ਖਿਲਾਫ਼ ਨੌਜਵਾਨ ਵਿਦਿਆਰਥੀਆਂ ਦਾ ਲਾਵਾ ਮੋਦੀ ਹਕੂਮਤ ਦੀ ਨੀਂਦ ਹਰਾਮ ਕਰ ਰਿਹਾ ਹੈ।ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਸਭ ਹੱਦਾਂ ਬੰਨੇ ਪਾਰ ਕਰ ਰਿਹਾ ਹੈ।ਆਰਥਿਕ ਪਾੜਾ ਪਿਛਲੇ ਸਭ ਸਮਿਆਂ ਤੋਂ ਵੱਧ ਤਿੱਖਾ ਹੋ ਰਿਹਾ ਹੈ।2014 ਵਿੱਚ ਹਰ ਸਾਲ 2 ਕਰੋੜ ਰੁਜ਼ਗਾਰ ਦੇਣ, 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਕਾਲਾ ਧਨ ਬਾਹਰੋਂ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 20 ਲੱਖ ਜਮ੍ਹਾਂ ਕਰਨ ਦੇ ਵਾਅਦੇ ਰਫ਼ੂ ਚੱਕਰ ਹੋ ਗਏ ਹਨ।

ਇਸ ਵਾਰ ਮੋਦੀ ਹਕੂਮਤ ਦਾ ਇਹ ਵਾਅਦਾ 1 ਕਰੋੜ ਬੇਰੁਜ਼ਗਾਰਾਂ ਨੂੰ ਆਨ ਲਾਈਨ ਕੋਚਿੰਗ ਦੇਣ ਤੱਕ ਸਿਮਟ ਗਿਆ ਹੈ। ਸੂਬਾ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਕਿਹਾ ਕਿ ਆਦਿਵਾਸੀ ਲੋਕ ਜੰਗਲੀ ਇਲਾਕਿਆਂ ਵਿੱਚ ਜਲ ਜੰਗਲ ਜ਼ਮੀਨ ਦੀ ਰਾਖ਼ੀ ਲਈ ਹਥਿਆਰ ਬੰਦ ਅਤੇ ਹੋਰਨਾਂ ਢੰਗ-ਤਰੀਕਿਆਂ ਨਾਲ ਸੰਘਰਸ਼ ਕਰਦੇ ਰਹੇ ਹਨ।

# ਵਾਈਸ ਚਾਂਸਲਰ ਨੇ ਜਸਵੰਤ ਸਿੰਘ ਕੌਲੀ ਨੂੰ ਕੀਤਾ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਵੰਡ ਦੇ ਭਿਆਨਕ ਯਾਦਗਾਰੀ ਦਿਵਸ 2026 ਅਤੇ 80ਵੇਂ ਆਜ਼ਾਦੀ ਦਿਵਸ ਦੇ ਸੰਦਰਭ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਨਾਰੀ ਅਧਿਐਨ ਕੇਂਦਰ ਵੱਲੋਂ ਡਾ ਜਗਦੀਪ ਸਿੰਘ, ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਰਪਰਸਤੀ ਅਤੇ ਡਾ. ਨੈਨਾ ਸ਼ਰਮਾ, ਡਾਇਰੈਕਟਰ ਨਾਰੀ ਅਧਿਐਨ ਕੇਂਦਰ ਦੀ ਅਗਵਾਈ ਹੇਠ 14 ਅਗਸਤ ਨੂੰ ਸਾਇੰਸ ਔਡੀਟੋਰੀਅਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇੱਕ ਖਾਸ ਪ੍ਰੋਗਰਾਮ ਦਾ ਕੀਤਾ ਗਿਆ। ਇਸ ਵਿੱਚ ਬਟਵਾਰੇ ਸਮੇਂ ਅਤੇ ਪੁਨਰ ਵਸੇਬੇ ਦੌਰਾਨ ਔਰਤਾਂ ਵੱਲੋਂ ਨਿਭਾਈ ਗਈ ਭੂਮਿਕਾ ਦੇ ਸੰਦਰਭ ਵਿੱਚ ਨੌ ਔਰਤਾਂ ਤੇ ਚਾਰ ਮਰਦ ਬਿਰਤਾਂਤਕਾਰਾਂ ਦਾ ਸਨਮਾਨ ਕੀਤਾ ਗਿਆ।ਇਹਨਾਂ 'ਚ ਸ਼ਾਮਲ ਬਿਰਤਾਂਤਕਾਰ ਵਿੱਚ ਉਸ ਪੀੜ੍ਹੀ ਦੀਆਂ ਔਰਤਾਂ ਜਿਨਾਂ ਨੇ ਇਸ ਨੂੰ ਆਪਣੇ ਪਿੰਡੇ 'ਤੇ ਹੰਡਾਇਆ ਅਤੇ ਉਨ੍ਹਾ ਦੇ ਬੱਚੇ ਸ਼ਾਮਲ ਸਨ ਜਿਨਾਂ ਨੇ ਉਹਨਾਂ ਨੂੰ ਇਹ ਮਿਹਨਤ ਕਰਦਿਆਂ ਵੇਖਿਆ ਅਤੇ ਉਹਨਾਂ ਤੋਂ ਉਸ ਸਮੇਂ ਦੀਆਂ ਯਾਦਾਂ ਸ਼ੁਰੂ ਤੋਂ ਸੁਣੀਆਂ। ਇਸ ਵਿੱਚ ਬੀਬੀ ਕਰਤਾਰ ਕੌਰ, ਬੀਬੀ ਬਲਬੀਰ ਕੌਰ, ਬੀਬੀ ਬਲਜਿੰਦਰ ਕੌਰ, ਬੀਬੀ ਹਰਬੰਸ ਕੌਰ, ਬੀਬੀ ਰਾਮ ਕੌਰ, ਬੀਬੀ ਬਸੰਤ ਕੌਰ ਅਤੇ ਬੀਬੀ ਸਰੋਜ ਵਾਲਾ ਸ਼ਾਮਲ ਹੋਈਆਂ। ਇਸ ਤੋਂ ਇਲਾਵਾ ਵਰਿੰਦਰ ਸਿੰਘ, ਜਸਵੰਤ ਸਿੰਘ, ਸਰਦਾਰ ਮਿੰਟਾ ਸਿੰਘ ਅਤੇ ਸ਼ਿਵ ਕੁਮਾਰ ਚੋਪੜਾ ਦਾ ਵੀ ਕੇਂਦਰ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਕੇਂਦਰ ਵੱਲੋਂ ਜਰਨਲਿਜ਼ਮ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਬਣਾਈ ਗਈ ਡਾਕੂਮੈਂਟਰੀ ਵੰਡ ਤੋਂ ਵਜੂਦ ਤੱਕ ਵੀ ਪ੍ਰਦਰਸ਼ਿਤ ਕੀਤੀ ਗਈ। ਜਸਵੰਤ ਸਿੰਘ ਕੌਲੀ ਜਿਨਾਂ ਨੇ ਸਾਲ 2012 ਸਮੇਂ ਕੇਂਦਰ ਦੇ ਮਾਈਨਰ ਪ੍ਰੋਜੈਕਟ ਔਰਤਾਂ ਅਤੇ ਬਟਵਾਰਾ ਅਤੇ ਮੇਜਰ ਪ੍ਰੋਜੈਕਟ ਸੰਨ ਸੰਤਾਲੀ ਦਾ ਬਟਵਾਰਾ: ਔਰਤਾਂ ਦੀ ਗਾਥਾ ਉਹਨਾਂ ਦੀ ਜ਼ੁਬਾਨੀ ਦੇ ਸ਼ੁਰੂ ਤੋਂ ਲੈ ਕੇ ਸੰਪੰਨ ਹੋਣ ਤੱਕ ਪਾਏ ਯੋਗਦਾਨ ਲਈ ਨਾਰੀ ਅਧਿਐਨ ਕੇਂਦਰ ਵੱਲੋਂ ਉਹਨਾਂ ਨੂੰ ਇੱਕ ਸ਼ਲਾਘਾ ਪੱਤਰ ਵੀ ਦਿੱਤਾ ਗਿਆ।

ਡਾ. ਅਮਨਦੀਪ ਕੌਰ, ਫੀਲਡ ਇਨਵੈਸਟੀਗੇਟਰ, ਨਾਰੀ ਅਧਿਐਨ ਕੇਂਦਰ ਵੱਲੋਂ ਪ੍ਰੋਜੈਕਟ ਦੀ ਜਾਣਕਾਰੀ ਤੇ ਖੋਜ ਦੇ ਨਤੀਜੇ ਦਰਸ਼ਕਾਂ ਨਾਲ ਸਾਂਝੇ ਕੀਤੇ। ਇਸ ਮੌਕੇ ਡਾ ਰਾਜਬੰਸ ਗਿੱਲ, ਸਾਬਕਾ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਔਰਤਾਂ ਅਤੇ ਸੁਤੰਤਰ ਭਾਰਤ ਦਾ ਨਿਰਮਾਣ: ਆਜ਼ਾਦੀ, ਬਟਵਾਰਾ ਅਤੇ ਪੁਨਰ ਵਸੇਬਾ ਵਿਸ਼ੇ ਉਪਰ ਖਾਸ ਭਾਸ਼ਣ ਦਿੱਤਾ ਗਿਆ। ਡਾਕਟਰ ਸੁਖਜੀਤ ਕੌਰ, ਸਾਬਕਾ ਮੁਖੀ, ਬਾਇਓਟੈਕਨੋਲੋਜੀ, ਐਸ ਯੂ ਐਸ ਦੀ ਟੀ, ਤੰਗੋਰੀ, ਮੋਹਾਲੀ ਇਸ ਪ੍ਰੋਗਰਾਮ ਦੇ ਖਾਸ ਮਹਿਮਾਨ ਵਜੋਂ ਸ਼ਾਮਿਲ ਹੋਏ। ਸਟੇਜ ਦੀ ਭੂਮਿਕਾ ਡਾ ਸੁਖਵਿੰਦਰ ਸਿੰਘ ਅਸਿਸਟੈਂਟ ਪ੍ਰੋਫੈਸਰ ਨਾਰੀ ਅਧਿਐਨ ਕੇਂਦਰ ਵੱਲੋਂ ਨਿਭਾਈ ਗਈ।

# ਸਫਾ 1 ਦੇ ਬਾਕੀ...

## ਮਨਪ੍ਰੀਤ ਬਾਦਲ ਭਾਜਪਾ...

ਭਾਜਪਾ ਨੇਤਾ ਅਨੁਰਾਗ ਠਾਕੁਰ ਨੂੰ ਵੀ ਨਵੀਂ ਐਲਾਨੀ ਗਈ ਸੰਗਠਨਾਤਮਕ ਟੀਮ ਵਿੱਚ ਥਾਂ ਨਹੀਂ ਮਿਲੀ ਹੈ। ਇਹ ਫੇਰਬਦਲ ਪੰਜਾਬ, ਯੂ ਪੀ ਅਤੇ ਉੱਤਰਾਖੰਡ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮਹੱਤਵਪੂਰਨ ਹੈ। ਨਵੀਂ ਟੀਮ 'ਚ ਇਨ੍ਹਾਂ ਚੋਣਾਂ ਵਾਲੇ ਸੂਬਿਆਂ ਨੂੰ ਮਹੱਤਤਾ ਦਿੱਤੀ ਗਈ ਹੈ। ਟੀਮ ਵਿੱਚ 12 ਔਰਤਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ 3 ਯੂ ਪੀ ਤੋਂ ਹਨ। ਵਸੁੰਧਰਾ ਰਾਜੇ, ਡੀ ਪੁਰੰਦੇਸ਼ਵਰੀ, ਰੇਖਾ ਵਰਮਾ, ਵਰਸ਼ਾਬੇਨ ਦੋਸ਼ੀ, ਡਾ. ਭਾਰਤੀ ਪਵਾਰ ਅਤੇ ਡਾ. ਮਧੂਚੰਦਰ ਕਾਰ ਨੂੰ ਕੌਮੀ ਮੀਤ ਪ੍ਰਧਾਨ, ਸਮ੍ਰਿਤੀ ਈਰਾਨੀ ਨੂੰ ਜਨਰਲ ਸਕੱਤਰ, ਕਵਿਤਾ ਪਾਟੀਦਾਰ, ਫੰਗਨਨ ਕੋਨਿਆਕ ਅਤੇ ਸੰਗੀਤਾ ਯਾਦਵ ਨੂੰ ਸਕੱਤਰ, ਰੂਪ ਕੁਮਾਰੀ ਚੌਧਰੀ ਨੂੰ ਮਹਿਲਾ ਮੋਰਚਾ ਦੀ ਪ੍ਰਧਾਨ ਅਤੇ ਪ੍ਰੀਤੀ ਗਾਂਧੀ ਨੂੰ ਸੋਸ਼ਲ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਯੂ ਪੀ ਤੋਂ ਦੋ ਮੁਸਲਮ ਚਿਹਰੇ ਤਾਰਿਕ ਮਨਸੂਰ ਤੇ ਕੁੰਵਰ ਬਾਸਿਤ ਅਲੀ ਹਨ। ਬਾਸਿਤ ਨੂੰ ਘੱਟ ਗਿਣਤੀ ਮੋਰਚਾ ਦਾ ਪ੍ਰਧਾਨ ਬਣਾਇਆ ਗਿਆ ਹੈ। ਗੁਜਰਾਤ ਦੇ ਹੇਮਾਂਗ ਜੋਸ਼ੀ ਨੂੰ ਯੁਵਾ ਮੋਰਚਾ ਪ੍ਰਧਾਨ, ਛੱਤੀਸਗੜ੍ਹ ਦੀ ਰੂਪ ਚੌਧਰੀ ਨੂੰ ਮਹਿਲਾ ਮੋਰਚਾ ਪ੍ਰਧਾਨ, ਮੱਧ ਪ੍ਰਦੇਸ਼ ਦੇ ਬੰਸੀ ਲਾਲ ਗੁਰਜਰ ਨੂੰ ਕਿਸਾਨ ਮੋਰਚਾ ਪ੍ਰਧਾਨ, ਬਿਹਾਰ ਦੇ ਸ਼ਿਵੇਸ਼ ਰਾਮ ਨੂੰ ਐੱਸ ਸੀ ਮੋਰਚਾ ਪ੍ਰਧਾਨ ਤੇ ਰਾਜਸਥਾਨ ਦੇ ਮੰਨਾ ਲਾਲ ਰਾਵਤ ਨੂੰ ਐੱਸ ਟੀ ਮੋਰਚਾ ਪ੍ਰਧਾਨ ਬਣਾਇਆ ਗਿਆ ਹੈ। ਭਾਜਪਾ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੂੰ ਹਟਾ ਦਿੱਤਾ ਗਿਆ ਹੈ। ਉਨ੍ਹਾ ਦੀ ਥਾਂ 'ਤੇ 2014 ਤੋਂ ਛੱਤੀਸਗੜ੍ਹ ਭਾਜਪਾ ਆਈ ਟੀ ਸੈੱਲ ਦੇ ਮੁਖੀ ਦੀਪਕ ਮਹਸਕੇ ਨੂੰ ਨਿਯੁਕਤ ਕੀਤਾ ਗਿਆ ਹੈ। 45 ਸਾਲਾ ਨਬੀਨ 20 ਜਨਵਰੀ, 2026 ਨੂੰ ਜੇ ਪੀ ਨੱਢਾ ਦੀ ਥਾਂ ਪਾਰਟੀ ਦੇ ਨਵੇਂ ਪ੍ਰਧਾਨ ਬਣੇ ਸਨ। ਸਭ ਤੋਂ ਘੱਟ ਉਮਰ ਦੇ ਕੌਮੀ ਪ੍ਰਧਾਨ ਬਣਨ ਵਾਲੇ ਨਬੀਨ ਬਿਨਾਂ ਵਿਰੋਧ ਚੁਣੇ ਗਏ ਸਨ।

## ਪ੍ਰਧਾਨ ਮੰਤਰੀ ਨੇ ਭਗਤ...

ਦੇ ਹਿਸਾਬ ਨਾਲ ਉਹ ਦਿਮਾਗੀ ਨਕਸਲ ਹੈ। ਅੱਜ ਜੇਕਰ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਜਿਊਂਦੇ ਹੁੰਦੇ, ਤਾਂ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਵੀ ਨਾ ਛੱਡਦੇ ਅਤੇ ਉਨ੍ਹਾਂ ਨੂੰ ਵੀ ਦਿਮਾਗੀ ਨਕਸਲ ਕਹਿੰਦੇ।' ਉਧਰ 'ਆਪ' ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਸਾਡੇ ਪ੍ਰਧਾਨ ਮੰਤਰੀ ਜੀ ਇਸ ਵੇਲੇ ਨੌਜਵਾਨਾਂ ਅਤੇ ਜੈੱਨ-ਜ਼ੀ ਦੇ ਅੰਦੋਲਨ ਤੋਂ ਬਹੁਤ ਪਰੇਸ਼ਾਨ ਹਨ ਅਤੇ ਹੁਣ ਜੈੱਨ-ਅਲਫ਼ਾ ਵੀ ਸੜਕਾਂ 'ਤੇ ਆ ਗਏ ਹਨ। ਉਹ ਕਹਿ ਰਹੇ ਹਨ ਕਿ ਪੇਪਰ ਲੀਕ ਬੰਦ ਕਰੋ, ਸਾਡੇ ਸਕੂਲ ਠੀਕ ਕਰੋ ਅਤੇ ਸਾਡੀ ਜ਼ਿੰਦਗੀ ਵਿੱਚ ਸੁਧਾਰ ਲਿਆਓ। ਪ੍ਰਧਾਨ ਮੰਤਰੀ ਜੀ ਏਨੇ ਪਰੇਸ਼ਾਨ ਹਨ ਕਿ ਕਦੇ ਰਾਤ ਨੂੰ 12 ਵਜੇ ਉਠ ਕੇ ਰੀਲ੍ਹ ਬਣਾਉਣ ਲੱਗਦੇ ਹਨ ਅਤੇ ਕਦੇ ਇਨ੍ਹਾਂ ਹੀ ਨੌਜਵਾਨਾਂ ਨੂੰ ਦਿਮਾਗੀ ਨਕਸਲ ਕਹਿੰਦੇ ਹਨ।

## ਮੋਦੀ ਸਰਕਾਰ...

ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਭਾਰਤੀ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾ ਲੋਕਾਂ ਨੂੰ ਵੱਧ ਤੋਂ ਵੱਧ ਦਿੱਲੀ ਪਹੁੰਚਣ ਦੀ ਅਪੀਲ ਕੀਤੀ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਭੰਗਲ ਨੇ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਲੋਕਾਂ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਅਣਗੌਲਿਆਂ ਕਰ ਰਹੀਆਂ ਹਨ। ਉਹਨਾ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਵੱਡੀ ਗਿਣਤੀ 'ਚ ਸਾਥੀ ਦਿੱਲੀ ਰੈਲੀ 'ਚ ਪਹੁੰਚਣਗੇ।

ਇਸ ਮੌਕੇ ਨਰੰਜਣ ਦਾਸ ਮੇਹਲੀ ਜ਼ਿਲ੍ਹਾ ਮੀਤ ਸਕੱਤਰ, ਜੁਝਾਰ ਸਿੰਘ ਕੁੱਕੜ ਮਜ਼ਾਰਾ ਤਹਿਸੀਲ ਸਕੱਤਰ ਨਵਾਂ ਸ਼ਹਿਰ, ਗੁਰਮੁਖ ਸਿੰਘ ਫਰਾਲਾ ਸਕੱਤਰ ਬਲਾਕ ਬੰਗਾ, ਵੀਨਾ ਰਾਹੋਂ, ਨਰਿੰਦਰ ਬੁਰਜ, ਰਿੰਪੀ ਬੁਰਜ, ਬਲਵਿੰਦਰ ਕੌਰ ਸਰਪੰਚ, ਰਵੀ ਕੁਮਾਰ ਪੰਚ, ਸੁਖਵੰਤ ਰਾਏ ਪੰਚ, ਅਮਨਦੀਪ ਕੌਰ, ਸਵਰਨ ਕੌਰ, ਇੰਦਰਜੀਤ ਅਤੇ ਹੋਰ ਵੀ ਵੱਡੀ ਗਿਣਤੀ ਵਿਚ ਸਾਥੀ ਸ਼ਾਮਲ ਸਨ।

## ਰਾਹੁਲ ਨੂੰ ਸੁਪਰੀਮ...

ਇਸ ਵੇਲੇ ਸਿਰਫ ਇੱਕ ਸ਼ਿਕਾਇਤ ਦੀ ਜਾਂਚ ਕਰ ਰਹੀ ਸੀ। ਬੈਂਚ ਨੇ ਪੁੱਛਿਆ ਕਿ ਜੇ ਮਾਮਲਾ ਏਨਾ ਗੰਭੀਰ ਸੀ ਤਾਂ ਸੀ ਬੀ ਆਈ ਅਤੇ ਈ ਡੀ ਜਾਂਚ ਲਈ ਅਦਾਲਤ ਦੇ ਹੁਕਮ ਦੀ ਉਡੀਕ ਕਿਉਂ ਕਰ ਰਹੇ ਸਨ। ਰਾਹੁਲ ਨੇ ਸੀ ਬੀ ਆਈ ਅਤੇ ਈ ਡੀ ਨੂੰ ਦੋਸ਼ਾਂ ਦੀ ਜਾਂਚ ਕਰਨ ਅਤੇ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦੇਣ ਵਾਲੇ ਹਾਈ ਕੋਰਟ ਦੇ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਰਾਹੁਲ ਨੇ ਕੇਸ ਨੂੰ ਕਿਸੇ ਹੋਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿੱਚ ਤਬਦੀਲ ਕਰਨ ਦੀ ਵੀ ਮੰਗ ਕੀਤੀ ਹੈ। ਬੈਂਚ ਨੇ ਸੁਣਵਾਈ ਦੌਰਾਨ ਗੰਭੀਰ ਸਵਾਲ ਉਠਾਏ ਕਿ ਇਲਾਹਾਬਾਦ ਹਾਈ ਕੋਰਟ ਨੇ ਰਾਹੁਲ ਗਾਂਧੀ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤੇ ਬਿਨਾਂ ਉਨ੍ਹਾ ਵਿਰੁੱਧ ਜਾਂਚ ਦੇ ਨਿਰਦੇਸ਼ ਕਿਵੇਂ ਦਿੱਤੇ।

## ਜਿਨਪਿੰਗ ਵੱਲੋਂ...

ਨੂੰ ਮੁਸ਼ਕਲ ਸਮੇਂ ਵਿੱਚ ਹਾਰ ਨਾ ਮੰਨਣ ਅਤੇ ਹਰ ਚੁਣੌਤੀ ਦਾ ਦਲੇਰੀ ਨਾਲ ਸਾਹਮਣਾ ਕਰਨ ਦੀ ਅਪੀਲ ਕੀਤੀ।

ਰਾਜਧਾਨੀ ਬੀਜਿੰਗ ਦੇ ਤਿਆਨਮਿਨ ਚੌਕ ਵਿੱਚ ਲੋਕਤੰਤਰੀ ਸੁਧਾਰਾਂ ਦੀ ਮੰਗ ਕਰਦੇ ਹੋਏ ਵਿਸ਼ਾਲ ਪ੍ਰਦਰਸ਼ਨ ਹੋਏ। ਹਜ਼ਾਰਾਂ ਵਿਦਿਆਰਥੀਆਂ ਤੇ ਆਮ ਨਾਗਰਿਕਾਂ ਨੇ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ, ਜੋ ਕਈ ਹਫਤਿਆਂ ਤੱਕ ਚੱਲੇ। ਫਿਰ ਚੀਨੀ ਫੌਜ ਨੇ ਪ੍ਰਦਰਸ਼ਨ ਨੂੰ ਦਬਾਉਣ ਲਈ ਫੌਜ ਅਤੇ ਟੈਂਕਾਂ ਦੀ ਵਰਤੋਂ ਕੀਤੀ।

ਇਸ ਘਟਨਾ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ ਦਾ ਕੋਈ ਪੱਕਾ ਅੰਕੜਾ ਨਹੀਂ। ਚੀਨੀ ਸਰਕਾਰ ਨੇ 200 ਤੋਂ ਵੱਧ ਮੌਤਾਂ ਦੱਸੀਆਂ। ਹਾਲਾਂਕਿ, ਵੱਖ-ਵੱਖ ਵਿਦੇਸ਼ੀ ਸਰੋਤਾਂ ਅਤੇ ਅਨੁਮਾਨਾਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ ਸੈਂਕੜੇ ਤੋਂ ਹਜ਼ਾਰਾਂ ਵਿੱਚ ਹੈ। ਜ਼ੇਮਿਨ ਨੇ 1980 ਦੇ ਦਹਾਕੇ ਦੇ ਅਖੀਰ ਤੋਂ 2000 ਦੇ ਦਹਾਕੇ ਦੇ ਸ਼ੁਰੂ ਤੱਕ ਦੇਸ਼ ਦੀ ਅਗਵਾਈ ਕੀਤੀ। ਜਿਆਂਗ ਜ਼ੇਮਿਨ ਦੇ ਕਾਰਜਕਾਲ ਦੌਰਾਨ ਚੀਨ ਦੀ ਆਰਥਿਕਤਾ ਤੇਜ਼ੀ ਨਾਲ ਵਧੀ। ਇਸ ਸਮੇਂ ਦੌਰਾਨ ਚੀਨ ਨੇ ਆਪਣੀ ਆਰਥਿਕਤਾ ਨੂੰ ਦੁਨੀਆ ਲਈ ਹੋਰ ਖੋਲ੍ਹ ਦਿੱਤਾ। ਅਮਰੀਕਾ ਨਾਲ ਸੰਬੰਧਾਂ ਵਿੱਚ ਵੀ ਸੁਧਾਰ ਹੋਇਆ।

## 'ਦਿਮਾਗੀ ਨਕਸਲ...

ਪ੍ਰੋਫਾਈਲ ਵਿੱਚ ਨਾਅਰਾ ਹੈ : ਸੋਚੋ, ਖੋਜ ਕਰੋ ਅਤੇ ਮੁਜ਼ਾਹਮਤ ਕਰੋ।

ਕਈ ਪੋਸਟਾਂ ਵਿੱਚ ਦਿਮਾਗੀ ਨਕਸਲ ਜਨਤਾ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਉਹ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਪਾਲਣਾ ਕਰਦੀ ਹੈ। ਇੱਕ ਪੋਸਟ ਵਿੱਚ ਲਿਖਿਆ, 'ਅਸੀਂ ਭਗਤ ਸਿੰਘ ਦੇ ਪੈਰੋਕਾਰ ਹਾਂ। ਜੇ ਉਹ ਸਾਡੇ ਖਾਤੇ ਬੰਦ ਕਰ ਦਿੰਦੇ ਹਨ ਜਾਂ ਸਾਨੂੰ ਦੇਸ਼-ਵਿਰੋਧੀ ਕਹਿੰਦੇ ਹਨ, ਤਾਂ ਸਮਝੋ ਕਿ ਉਹ ਭਗਤ ਸਿੰਘ ਦਾ ਅਪਮਾਨ ਕਰ ਰਹੇ ਹਨ।'

ਇਹ ਇੰਸਟਾਗ੍ਰਾਮ ਅਕਾਊਂਟ ਕੁਨਾਲ ਕਾਮਰਾ, ਧਰੁਵ ਰਾਠੀ, ਪ੍ਰਕਾਸ਼ ਰਾਜ, ਅਨੁਰਾਗ ਕਸ਼ਯਪ, ਸੋਨਾਕਸ਼ੀ ਸਿਨਹਾ, ਸ਼ਿਆਮ ਰੰਗੀਲਾ, ਸੋਨਮ ਵਾਂਗਚੁੱਕ ਅਤੇ ਰਵੀਸ਼ ਕੁਮਾਰ ਸਮੇਤ ਕਈ ਪ੍ਰਮੁੱਖ ਹਸਤੀਆਂ ਨੂੰ ਫਾਲੋ ਕਰਦਾ ਹੈ। ਇਹ ਅਕਾਊਂਟ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੂੰ ਵੀ ਫਾਲੋ ਕਰਦਾ ਹੈ, ਜਿਸ ਨੇ ਹਾਲ ਹੀ ਵਿੱਚ 'ਫਿਕਸ ਦ ਸਕੂਲਜ਼' ਮੁਹਿੰਮ ਸ਼ੁਰੂ ਕੀਤੀ ਸੀ। ਆਜ਼ਾਦੀ ਦਿਵਸ 'ਤੇ ਲਾਲ ਕਿਲ੍ਹੇ ਤੋਂ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਰਕਾਰ ਨੇ ਹਥਿਆਰਬੰਦ ਨਕਸਲਵਾਦ ਨੂੰ ਵੱਡੇ ਪੱਧਰ 'ਤੇ ਕਾਬੂ ਕਰ ਲਿਆ ਹੈ, ਪਰ 'ਦਿਮਾਗੀ ਨਕਸਲੀ' ਅਜੇ ਵੀ ਸਰਗਰਮ ਹਨ। ਹਥਿਆਰਬੰਦ ਨਕਸਲਵਾਦ ਨੇ ਲੱਖਾਂ ਨੌਜਵਾਨਾਂ ਦਾ ਭਵਿੱਖ ਬਰਬਾਦ ਕਰ ਦਿੱਤਾ। ਦਹਾਕਿਆਂ ਤੋਂ ਨਕਸਲੀ ਹਿੰਸਾ ਨੇ ਦੇਸ਼ ਦੇ ਵੱਡੇ ਹਿੱਸੇ ਨੂੰ ਬੰਦੂਕ ਦੀ ਨੋਕ 'ਤੇ ਬੰਦੀ ਬਣਾਈ ਰੱਖਿਆ। ਮਾਓਵਾਦੀ ਮਾਨਸਿਕਤਾ ਵਾਲੇ ਕੁਝ ਵਿਅਕਤੀ ਸਿਸਟਮ ਵਿੱਚ ਘੁਸਪੈਠ ਕਰਨ, ਨੀਤੀਆਂ ਨੂੰ ਪ੍ਰਭਾਵਤ ਕਰਨ ਅਤੇ ਨੌਜਵਾਨਾਂ ਦਾ ਦਿਮਾਗ ਧੋਣ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹੇ ਦਿਮਾਗੀ ਨਕਸਲੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਕਰਨ ਦੀ ਲੋੜ ਹੈ।

## ਮੰਗਾਂ ਮਨਾਉਣ ਲਈ ...

ਸਾਡੀ ਮੈਨੇਜਮੈਂਟ ਸੀਨੀਅਰ ਸਿਟੀਜਨਜ਼ ਦੇ ਨਾਲ, ਵਰਕਰਾਂ ਦੇ 70 ਕਰੋੜ ਰੁਪਏ ਤੋਂ ਵੱਧ ਦੇ ਬਣਦੇ ਵੱਖ-ਵੱਖ ਕਿਸਮ ਦੇ ਵਿੱਤੀ ਬਕਾਏ ਕਈ ਕਈ ਸਾਲਾਂ ਤੋਂ ਨਹੀਂ ਦਿੱਤੇ ਜਾ ਰਹੇ।

ਪੰਜਾਬ ਸਰਕਾਰ ਮੁਫਤ ਸਫਰ ਸਹੂਲਤਾਂ ਦੇ 600 ਕਰੋੜ ਰੁਪਏ ਤੋਂ ਵੱਧ ਦੀ ਰਕਮ ਪੀ ਆਰ ਟੀ ਸੀ ਨੂੰ ਨਹੀਂ ਦੇ ਰਹੀ, ਜਿਸ ਕਰਕੇ ਤਨਖਾਹ, ਪੈਨਸ਼ਨ ਅਤੇ ਅਨੇਕਾਂ ਕਿਸਮ ਦੇ ਹੋਰ ਵਿਤੀ ਬਕਾਏ ਕਦੇ ਵੀ ਸਮੇਂ ਸਿਰ ਨਹੀਂ ਮਿਲ ਰਹੇ। ਵਰਕਰਾਂ ਦੀਆਂ ਤਰੱਕੀਆਂ ਦੀਆਂ ਫਾਈਲਾਂ ਨਹੀਂ ਕੱਢੀਆਂ ਜਾਂਦੀਆਂ, ਫਜ਼ੂਲ-ਖਰਚੀਆਂ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ, ਕਿਲੋਮੀਟਰ ਸਕੀਮ ਅਧੀਨ 250 ਨਵੀਆਂ ਬੱਸਾਂ ਪਾਏ ਜਾਣ ਦੇ ਬਾਵਜੂਦ ਦੁਰ-ਪ੍ਰਬੰਧ ਕਾਰਨ ਆਮਦਨ ਵਿੱਚ ਉਕਾ ਹੀ ਕੋਈ ਵਾਧਾ ਨਹੀਂ ਹੋਇਆ, ਜਦਕਿ ਲਗਭਗ ਰੋਜ਼ਾਨਾ ਦਾ 40 ਲੱਖ ਰੁਪਿਆ ਖਰਚਾ ਵਧ ਗਿਆ ਹੈ। ਅਦਾਰੇ ਦੇ ਬਿਹਤਰ ਸੰਚਾਲਨ ਲਈ ਕੋਈ ਕਦਮ ਨਹੀਂ ਚੁੱਕੇ ਜਾ ਰਹੇ। ਪਟਿਆਲਾ ਵਿਖੇ ਬਣੇ ਨਵੇਂ ਬੱਸ ਸਟੈਂਡ ਦੀ ਉਸਾਰੀ ਹੋਈ ਬਿਲਡਿੰਗ ਦਾ ਕਿਸੇ ਤਕਨੀਕੀ ਉੱਚ ਸੰਸਥਾ ਤੋਂ ਲੱਗੇ ਹੋਏ ਮਟੀਰੀਅਲ ਦੀ ਪੜਤਾਲ ਕਰਵਾਈ ਜਾਵੇ ਤਾਂ ਕਿ ਬਿਲਡਿੰਗ ਵਿੱਚ ਆਈਆਂ ਤਰੇੜਾਂ, ਲੀਕੇਜ, ਸੀਮੈਂਟ ਅਤੇ ਹੋਰ ਫਿਟਿੰਗਜ਼ ਦੀ ਗੁਣਵੱਤਾ ਆਦਿ ਦਾ ਪਤਾ ਲੱਗ ਸਕੇ।

ਬੱਸ ਸਟੈਂਡ ਉਪਰ ਪਿਸ਼ਾਬ ਘਰ ਅਤੇ ਪਖਾਨੇ ਜ਼ਰੂਰਤ ਤੋਂ ਅੱਧੇ ਵੀ ਨਹੀਂ ਹਨ, ਬੱਸ ਅੱਡਾ ਤੇ ਵਰਕਸ਼ਾਪ ਵਿੱਚ ਪਲਾਨਿੰਗ ਦੀ ਘਾਟ ਕਾਰਨ ਬੱਸਾਂ ਖੜਾਉਣ ਅਤੇ ਰਿਪੇਅਰ ਕਰਨ ਦਾ ਪ੍ਰਬੰਧ ਕਿਸੇ ਤਰ੍ਹਾਂ ਵੀ ਉਚਿਤ ਨਹੀਂ। ਕਰਮਚਾਰੀਆਂ ਦੇ ਵਹੀਕਲ ਖੜੇ ਕਰਨ ਲਈ ਕੋਈ ਉਚਿਤ ਜਗ੍ਹਾ ਦਾ ਪ੍ਰਬੰਧ ਨਹੀਂ। ਐਕਸ਼ਨ ਕਮੇਟੀ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਬਿਨਾਂ ਕਿਸੇ ਟਾਲ-ਮਟੋਲ ਤੋਂ ਵਰਨਣ ਕੀਤੀਆਂ ਮੰਗਾਂ 15 ਦਿਨਾਂ ਦੇ ਅੰਦਰ-ਅੰਦਰ ਪੂਰਨ ਰੂਪ ਵਿੱਚ ਮੰਨ ਕੇ ਲਾਗੂ ਨਾ ਕੀਤੀਆਂ ਗਈਆਂ ਤਾਂ 8 ਸਤੰਬਰ ਨੂੰ ਪੀ ਆਰ ਟੀ ਸੀ ਪਟਿਆਲਾ ਦੇ ਮੁੱਖ ਦਫਤਰ ਦੇ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ ਅਤੇ ਇਸ ਤੋਂ ਪਹਿਲਾਂ ਰੈਲੀਆਂ, ਪ੍ਰੈੱਸ ਨੋਟ ਮੀਟਿੰਗਾਂ ਆਦਿ ਦਾ ਸਿਲਸਿਲਾ ਲਗਾਤਾਰ ਜਾਰੀ ਰੱਖਿਆ ਜਾਵੇਗਾ।

## ਦਿੱਲੀ ਰੈਲੀ ਲਈ...

ਚਾਹੀਦੀ ਹੈ। ਗਰੀਬਾਂ ਨੂੰ ਮੁਫ਼ਤ ਘਰ ਮਿਲਣੇ ਚਾਹੀਦੇ ਹਨ। ਉਕਤ ਮਸਲਿਆਂ ਨੂੰ ਲੈ ਕੇ ਅਤੇ ਪਹਿਲੀ ਸਤੰਬਰ ਨੂੰ ਦਿੱਲੀ ਵਿਖੇ ਹੋ ਰਹੀ ਮਹਾਂ-ਰੈਲੀ ਦੀਆਂ ਤਿਆਰੀਆਂ ਲਈ ਜਨ-ਜਾਗਰਨ ਮੁਹਿੰਮ ਚੱਲ ਰਹੀ ਹੈ।

ਜਥੇ ਵਿੱਚ ਭਗਵੰਤ ਸਿੰਘ ਤੇ ਘੁੱਕ ਸਿੰਘ ਵੇਈਂਪੂੰਈਂ, ਗੁਰਚਰਨ ਸਿੰਘ ਕੰਢਾ ਫਤਿਹਾਬਾਦ, ਮੇਜਰ ਸਿੰਘ ਦਾਰਾਪੁਰ, ਜਗੀਰ ਸਿੰਘ ਭਰੋਵਾਲ, ਸੁਖਦੇਵ ਸਿੰਘ ਭਲਾਈਪੁਰ, ਜਤਿੰਦਰ ਕੁਮਾਰ ਤੇ ਸੁਖਵਿੰਦਰ ਮੁਗਲਾਣੀ, ਦਲਬੀਰ ਸਿੰਘ ਸੈਕਟਰੀ, ਜਸਵੰਤ ਸਿੰਘ ਤੇ ਲਵਪ੍ਰੀਤ ਸਿੰਘ ਖਡੂਰ ਸਾਹਿਬ ਮੁੱਖ ਤੌਰ 'ਤੇ ਸ਼ਾਮਲ ਸਨ।

## ਨੌਜਵਾਨਾਂ ਦੇ ਭਵਿੱਖ...

ਨੂੰ ਨਸ਼ਿਆਂ ਦੀ ਦਲਦਲ 'ਚ ਗ੍ਰਸਤ ਕੀਤਾ ਜਾ ਰਿਹਾ ਹੈ। ਲੋਕ ਹਿੱਤ 'ਚ ਬਣੇ ਕਾਨੂੰਨਾਂ ਨੂੰ ਖ਼ਤਮ ਕਰਕੇ ਕੇਵਲ ਸਰਮਾਏਦਾਰ ਪੱਖੀ ਕਾਨੂੰਨ ਬਣਾਏ ਜਾ ਰਹੇ ਹਨ।

ਲੋਕਤੰਤਰ ਤੇ ਧਰਮ ਨਿਰਪੱਖਤਾ ਨੂੰ ਬਚਾਉਣ ਲਈ ਦੇਸ਼ 'ਚ ਤਬਦੀਲੀ ਸਮੇਂ ਦੀ ਵੱਡੀ ਲੋੜ ਹੈ। ਉਹਨਾ ਕਿਹਾ ਕਿ ਇੱਕ ਸਤੰਬਰ ਨੂੰ ਦਿੱਲੀ ਰੈਲੀ 'ਚ ਕਾਫ਼ਲੇ ਬੰਨ੍ਹ ਕੇ ਤੁਰਨਾ ਅਤਿ ਜ਼ਰੂਰੀ ਹੈ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਰੂਪ ਸਿੰਘ ਢਿੱਲੋਂ ਤੇ ਰਤਨ ਭੋਲਾ ਨੇ ਵਿਸ਼ਵਾਸ ਦਿਵਾਇਆ ਕਿ ਦਿੱਲੀ ਰੈਲੀ 'ਚ ਵੱਡੇ ਕਾਫਲੇ ਵਹੀਰਾਂ ਘੱਤ ਕੇ ਸ਼ਮੂਲੀਅਤ ਕਰਨਗੇ।ਇਹ ਮੌਕੇ ਬੂਟਾ ਸਿੰਘ ਬਰਨਾਲਾ, ਸੁਖਦੇਵ ਸਿੰਘ ਪੰਧੇਰ, ਹਰਨੇਕ ਸਿੰਘ ਢਿੱਲੋਂ, ਕਪੂਰ ਸਿੰਘ ਕੋਟ ਲੱਲੂ, ਹਰਪਾਲ ਸਿੰਘ ਬੱਪੀਆਣਾ, ਪੱਪੀ ਸਿੰਘ ਮੂਲਾ ਸਿੰਘ ਵਾਲਾ, ਗੁਰਦਿਆਲ ਸਿੰਘ, ਗੁਰਦੇਵ ਸਿੰਘ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਸਿਲਵਰ ਓਕਸ ਸਕੂਲ ਨੇ 80ਵਾਂ ਆਜ਼ਾਦੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ, ਰਾਮਪੁਰਾ ਰੋਡ ਵਿਖੇ 80ਵਾਂ ਆਜ਼ਾਦੀ ਦਿਵਸ ਬੜੇ ਉਤਸ਼ਾਹ, ਮਾਣ ਅਤੇ ਦੇਸ਼-ਪ੍ਰੇਮ ਦੀ ਭਾਵਨਾ ਨਾਲ ਮਨਾਇਆ ਗਿਆ।ਸਮਾਰੋਹ ਵਿੱਚ ਸਕੂਲ ਦੀ ਡਾਇਰੈਕਟਰ ਬਰਨਿੰਦਰ ਪਾਲ ਸੇਖੋਂ ਨੇ ਸ਼ਿਰਕਤ ਕਰਕੇ ਵਿਦਿਆਰਥੀਆਂ ਅਤੇ ਸਟਾਫ਼ ਦਾ ਹੌਸਲਾ ਵਧਾਇਆ।ਸਮਾਰੋਹ ਦੀ ਸ਼ੁਰੂਆਤ ਸਕੂਲ ਦੀ ਡਾਇਰੈਕਟਰ ਵੱਲੋਂ ਤਿਰੰਗਾ ਲਹਿਰਾਉਣ ਨਾਲ ਹੋਈ।ਸਮਾਰੋਹ ਦਾ ਮੰਚ ਸੰਚਾਲਨ ਸੀਨੀਅਰ ਵਿਦਿਆਰਥੀਆਂ ਨੇ ਕੀਤਾ।ਇਸ ਮੌਕੇ ਪ੍ਰਤਿਭਾਸ਼ਾਲੀ ਸਿਲਵਰੀਅਨਜ਼ ਨੇ ਆਪਣੀ ਕਲਾ ਦੇ ਰੰਗ ਬਿਖੇਰਦਿਆਂ ਦੇਸ਼-ਪ੍ਰੇਮ ਨਾਲ ਭਰਪੂਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਜਮਾਤ ਸੱਤਵੀਂ ਦੇ ਤਮਨਪ੍ਰੀਤ ਸਿੰਘ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਰਾਹੀਂ ਆਜ਼ਾਦੀ ਦਿਵਸ ਦੀ ਮਹੱਤਤਾ ਅਤੇ ਦੇਸ਼ ਪ੍ਰਤੀ ਨੌਜਵਾਨ ਪੀੜ੍ਹੀ ਦੀਆਂ ਜ਼ਿੰਮੇਵਾਰੀਆਂ ਨੂੰ ਉਜਾਗਰ ਕੀਤਾ।ਜਮਾਤ ਚੌਥੀ ਦੇ ਗਰਵਿਤ ਕੁਮਾਰ ਵੱਲੋਂ ਪੇਸ਼ ਕੀਤੀ ਗਈ ਕਵਿਤਾ ਨੇ ਮਾਤ-ਭੂਮੀ ਲਈ ਪਿਆਰ ਅਤੇ ਦੇਸ਼ਭਗਤੀ ਦੀਆਂ ਭਾਵਨਾਵਾਂ ਨੂੰ ਬੜੀ ਖੂਬਸੂਰਤੀ ਨਾਲ ਬਿਆਨ ਕੀਤਾ।ਛੇਵੀਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਜੋਸ਼ੀਲਾ ਦੇਸ਼ਭਗਤੀ ਡਾਂਸ ਸੀ, ਇਸੇ ਤਰ੍ਹਾਂ ਜਮਾਤ ਚੌਥੀ, ਸੱਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਨੇ ਆਪਣੇ ਪ੍ਰਭਾਵਸ਼ਾਲੀ ਨਾਚ ਰਾਹੀਂ ਉਨ੍ਹਾਂ ਮਹਾਨ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦੇ ਤਿਆਗ, ਹਿੰਮਤ ਅਤੇ ਕੁਰਬਾਨੀ ਸਦਕਾ ਦੇਸ਼ ਨੇ ਆਜ਼ਾਦੀ ਦੀ ਸਵੇਰ ਵੇਖੀ।ਜਮਾਤ ਪੰਜਵੀਂ ਦੇ ਵਿਦਿਆਰਥੀਆਂ ਦੀ ਸੁਰੀਲੀ ਸੰਗੀਤਕ ਪੇਸ਼ਕਾਰੀ ਨੇ ਸਮਾਗਮ ਵਿੱਚ ਸੁਰਾਂ ਦੀ ਮਿਠਾਸ ਘੋਲ ਦਿੱਤੀ।

## ਮੁਸਲਿਮ ਭਾਈਚਾਰੇ ਨੇ ਦੇਸ਼ ਭਗਤੀ ਦੇ ਜੋਸ਼ ਨਾਲ ਤਿਰੰਗਾ ਲਹਿਰਾਇਆ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਚੇਅਰਮੈਨ ਮੁਸਲਿਮ ਵਿਕਾਸ ਬੋਰਡ ਤੇ ਪ੍ਰਧਾਨ ਮੁਸਲਿਮ ਵੈਲਫੇਅਰ ਸੁਸਾਇਟੀ ਤੇ ਇਮਾਮ ਮੌਲਾਨਾ ਜ਼ਾਹਿਦ ਦੀ ਨਿਗਰਾਨੀ ਹੇਠ, ਈਦਗਾਹ ਵਿਖੇ 80ਵਾਂ ਆਜ਼ਾਦੀ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ।ਇਸ ਸ਼ੁਭ ਮੌਕੇ ਮੌਲਾਨਾ ਜ਼ਾਹਿਦ ਨੇ ਈਦਗਾਹ ਵਿਖੇ ਪੂਰੇ ਸਤਿਕਾਰ ਨਾਲ ਰਾਸ਼ਟਰੀ ਝੰਡਾ ਲਹਿਰਾਇਆ।ਲੋਕਾਂ ਨੂੰ ਸੰਬੋਧਨ ਕਰਦਿਆਂ ਇਮਾਮ ਮੌਲਾਨਾ ਜ਼ਾਹਿਦ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਦੇ ਹੋਏ ਆਜ਼ਾਦੀ ਦੇ ਇਸ ਪਵਿੱਤਰ ਦਿਨ ਨੂੰ ਇਕੱਠੇ ਮਨਾਉਣਾ ਚਾਹੀਦਾ ਹੈ।ਇਹ ਆਜ਼ਾਦੀ ਦਿਵਸ ਪਿਛਲੇ ਕਈ ਸਾਲਾਂ ਤੋਂ ਈਦਗਾਹ ਵਿਖੇ ਲਗਾਤਾਰ ਮਨਾਇਆ ਜਾ ਰਿਹਾ ਹੈ।ਸਾਰੇ ਧਰਮਾਂ ਦੇ ਲੋਕਾਂ ਨੂੰ ਅਜਿਹੇ ਰਾਸ਼ਟਰੀ ਤਿਉਹਾਰ ਇਕੱਠੇ ਮਨਾਉਣ ਦੀ ਲੋੜ ਹੈ।

## ਸੀ ਪੀ ਆਈ ਵੱਲੋਂ ਐਸ ਐਚ ਓ ਦਾ ਭਲਕੇ ਫੂਕਿਆ ਜਾਵੇਗਾ ਪੁਤਲਾ



**ਫ਼ਾਜ਼ਿਲਕਾ (ਪਰਮਜੀਤ ਢਾਬਾਂ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਵੱਲੋਂ ਥਾਣਾ ਸਦਰ ਫ਼ਾਜ਼ਿਲਕਾ ਦੇ ਮੁਖੀ ਹਰਦੇਵ ਸਿੰਘ ਬੇਦੀ ਖ਼ਿਲਾਫ਼ 19 ਅਗਸਤ ਨੂੰ ਪੁਤਲਾ ਫੂਕ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦੀ ਤਿਆਰੀ ਵਜੋਂ ਹਲਕੇ ਦੇ ਪਿੰਡ ਕਰਨੀ ਖੇੜਾ ਵਿਖੇ ਸਰਬ ਭਾਰਤ ਨੌਜਵਾਨ ਸਭਾ ਇਕਾਈ ਦੇ ਪ੍ਰਧਾਨ ਰੂਪ ਕਰਨੀ ਖੇੜਾ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਇਸ ਮੌਕੇ ਰੂਪ ਸਿੰਘ ਨੇ ਕਿਹਾ ਕਿ ਪਿੰਡ ਕਰਨੀ ਖੇੜਾ ਤੋਂ ਵੱਡੀ ਗਿਣਤੀ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਵਰਕਰ, ਪਾਰਟੀ ਵਰਕਰ ਅਤੇ ਆਮ ਲੋਕ 19 ਅਗਸਤ ਨੂੰ ਹੋਣ ਵਾਲੇ ਪੁਤਲਾ ਫੂਕ ਪ੍ਰਦਰਸ਼ਨ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਨਾਲ ਸਬੰਧਤ ਲੰਬਿਤ ਮਾਮਲਿਆਂ ਦਾ ਤੁਰੰਤ ਹੱਲ ਕੀਤਾ ਜਾਵੇ, ਨਹੀਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਕਾਮਰੇਡ ਸੁਬੇਗ ਝੰਗੜ ਭੈਣੀ ਅਤੇ ਕਾਮਰੇਡ ਗੁਰਦਿਆਲ ਢਾਬਾ ਨੇ ਵੀ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਖ਼ਿਲਾਫ਼ ਕਥਿਤ ਝੂਠੇ ਮੁਕੱਦਮਿਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਕਰਨੀ ਖੇੜਾ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## ਮਾਂ ਚਿੰਤਪੁਰਨੀ ਵਿਖੇ ਭੰਡਾਰੇ ਲਈ ਰਸਦ ਰਵਾਨਾ



**ਬਠਿੰਡਾ (ਰਾਜੀਵ ਗੋਇਲ)**-ਸਾਉਣ ਮਹੀਨੇ ਨੂੰ ਸਮਰਪਤ ਮਾਂ ਚਿੰਤਪੁਰਨੀ ਧਾਮ ਹਿਮਾਚਲ ਵਿਖੇ ਚੱਲ ਰਹੇ ਮੇਲੇ ਨੂੰ ਲੈ ਕੇ ਜ਼ਿਲ੍ਹੇ ਦੇ ਕਸਬਾ ਭਗਤਾ ਭਾਈਕਾ ਦੀ ਮਾਂ ਚਿੰਤਪੁਰਨੀ ਸੇਵਾ ਕਮੇਟੀ ਵੱਲੋਂ ਲਗਾਏ ਜਾਣ ਵਾਲੇ ਭੰਡਾਰੇ ਨੂੰ ਲੈ ਕੇ ਸਮੂਹ ਕਮੇਟੀ ਮੈਂਬਰਾਂ ਅਤੇ ਸ਼ਹਿਰ ਵਾਸੀਆਂ ਦੀ ਹਾਜ਼ਰੀ ਵਿੱਚ ਲੰਗਰ ਦੀ ਰਸਦ ਰਵਾਨਾ ਕੀਤੀ ਗਈ। ਕਮੇਟੀ ਆਗੂ ਅਜੇ ਕੁਮਾਰ ਅਰੋੜਾ ਨੇ ਦੱਸਿਆ ਕਿ ਕਮੇਟੀ ਵੱਲੋਂ ਪੂਰੇ ਸ਼ਹਿਰ ਵਾਸੀਆਂ ਦੇ ਸਹਿਯੋਗ ਸਦਕਾ ਆਏ ਸਾਲ ਇਹ ਭੰਡਾਰਾ ਲਗਾਇਆ ਜਾਂਦਾ ਹੈ, ਜਿਸ ਵਿੱਚ ਸਥਾਨਕ ਪੱਧਰ ਦੇ ਨੌਜਵਾਨ ਸੇਵਾਦਾਰਾਂ ਵੱਲੋਂ ਵੀ ਵਧ ਚੜ੍ਹ ਕੇ ਹਿੱਸਾ ਲਿਆ ਜਾਂਦਾ ਹੈ। ਇਸ ਮੌਕੇ ਰਾਮ ਤੀਰਥ ਛਿੰਦੀ, ਪਵਨ ਕੁਮਾਰ, ਕੇਵਲ ਕ੍ਰਿਸ਼ਨ, ਬਬਲੇਸ਼ ਕੁਮਾਰ ਸਿੰਗਲਾ, ਕ੍ਰਿਸ਼ਨ ਕੁਮਾਰ ਭੋਲਾ, ਤਰਸੇਮ ਸ਼ਰਮਾ, ਚਿਮਨ ਬਾਂਸਲ, ਅੱਚਲ ਕੁਮਾਰ, ਜੀਤ ਰਾਮ, ਬਲਜੀਤ ਕੁਮਾਰ, ਬਹਾਦਰ ਸਿੰਘ, ਸੁਰਿੰਦਰ ਕੁਮਾਰ ਛਿੰਦਾ, ਜਗਮੋਹਨ ਲਾਲ, ਦਵਿੰਦਰ ਪੁਰੀ ਸਮੇਤ ਹੋਰ ਵੀ ਸ਼ਹਿਰ ਵਾਸੀ ਹਾਜ਼ਿਰ ਸਨ।

## ਸਪਰਿੰਗ ਫੀਲਡ ਕਾਨਵੈਂਟ ਸਕੂਲ 'ਚ ਆਜ਼ਾਦੀ ਦਿਵਸ ਉਤਸ਼ਾਹ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਵਿਖੇ ਆਜ਼ਾਦੀ ਦਿਵਸ ਬੜੇ ਉਤਸ਼ਾਹ, ਦੇਸ਼ ਭਗਤੀ ਅਤੇ ਜੋਸ਼ ਨਾਲ ਮਨਾਇਆ ਗਿਆ।ਸਕੂਲ ਦੇ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਯਾਦ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਸਕੂਲ ਡਾਇਰੈਕਟਰ ਅਮਨਜੀਤ ਸਿੰਘ ਬਰਾੜ ਵੱਲੋਂ ਤਿਰੰਗਾ ਝੰਡਾ ਲਹਿਰਾਉਣ ਨਾਲ ਹੋਈ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੂਲ ਡਾਇਰੈਕਟਰ ਅਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਸਾਨੂੰ ਅਣਗਿਣਤ ਕੁਰਬਾਨੀਆਂ ਤੋਂ ਬਾਅਦ ਪ੍ਰਾਪਤ ਹੋਈ ਹੈ। ਆਜ਼ਾਦੀ ਦੀ ਲੜਾਈ ਦੌਰਾਨ ਅਨੇਕਾਂ ਦੇਸ਼ ਭਗਤਾਂ ਤੇ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਜਿਸ ਸਦਕਾ ਅੱਜ ਅਸੀਂ ਆਜ਼ਾਦ ਦੇਸ਼ ਵਿੱਚ ਸਾਹ ਲੈ ਰਹੇ ਹਾਂ।ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਅਤੇ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਫ਼ਰਜ਼ਾਂ ਨੂੰ ਵੀ ਸਮਝਣਾ ਚਾਹੀਦਾ ਹੈ।ਸਕੂਲ ਦੇ ਚੇਅਰਮੈਨ ਨਰ ਸਿੰਘ ਬਰਾੜ ਨੇ ਵੀ ਵਿਦਿਆਰਥੀਆਂ ਨੂੰ ਆਜ਼ਾਦੀ ਦਿਵਸ ਦੀ ਮਹਾਨਤਾ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਦੇਸ਼ ਵਾਸੀਆਂ ਨੂੰ ਲੰਮੇ ਸਮੇਂ ਤੱਕ ਅੰਗਰੇਜ਼ ਹਕੂਮਤ ਦੇ ਅਧੀਨ ਰਹਿਣਾ ਪਿਆ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਬਹੁਤ ਕੀਮਤੀ ਜਾਨਾਂ ਗਵਾਉਣੀਆਂ ਪਈਆਂ।ਉਨ੍ਹਾਂ ਕਿਹਾ ਕਿ ਅੱਜ ਸਾਨੂੰ ਆਪਣੇ ਦੇਸ਼ 'ਤੇ ਮਾਣ ਹੈ ਤੇ ਹਰੇਕ ਨਾਗਰਿਕ ਦਾ ਫ਼ਰਜ਼ ਬਣਦਾ ਹੈ ਕਿ ਉਹ ਦੇਸ਼ ਦੀ ਤਰੱਕੀ ਅਤੇ ਏਕਤਾ ਲਈ ਆਪਣਾ ਯੋਗਦਾਨ ਪਾਵੇ।

## ਵਾਰਡ 7 ਦੇ ਸੈਂਕੜੇ ਪਰਵਾਰ ਆਪ 'ਚ ਸ਼ਾਮਲ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਦੇ ਵਾਰਡ ਨੰਬਰ-7 ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ, ਜਦੋਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ ਸੈਂਕੜੇ ਪਰਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਲਗਾਤਾਰ ਲੋਕ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਸੂਬੇ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਵਿਧਾਇਕ ਅਰੋੜਾ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਪਰਵਾਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਵਾਰਡ ਇੰਚਾਰਜ ਗੁਰਬਚਨ ਸਿੰਘ ਗਿੱਲ, ਰਾਜਨ ਵੀਰ ਅਤੇ ਸੀਨੀਅਰ ਡਿਪਟੀ ਮੇਅਰ ਕਾਲਾ ਬਜਾਜ ਸਮੇਤ ਪਾਰਟੀ ਦੇ ਹੋਰ ਆਗੂਆਂ ਅਤੇ ਵਰਕਰਾਂ ਨੇ ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।

## ਦਸ ਮਹੀਨੇ ਦੇ ਵੰਸ਼ ਦੇ ਅੰਗ ਦਾਨ ਲਈ ਮਾਪਿਆਂ ਦੀ ਹੌਸਲਾ-ਅਫ਼ਜ਼ਾਈ



**ਲਹਿਰਾਗਾਗਾ (ਪਵਨ ਸ਼ਰਮਾ)**-ਮਨੁੱਖਤਾ ਤੇ ਸੰਵੇਦਨਸ਼ੀਲਤਾ ਦੀ ਇੱਕ ਵਿਲੱਖਣ ਉਦਾਹਰਣ 10 ਮਹੀਨਿਆਂ ਦੇ ਵੰਸ਼ ਬਾਂਸਲ ਦੇ ਅੰਗਦਾਨ ਨੂੰ ਆਜ਼ਾਦੀ ਦਿਵਸ 'ਤੇ ਵਿਸ਼ੇਸ਼ ਮਾਨਤਾ ਮਿਲੀ।ਵੰਸ਼ ਦੇ ਦੇਹਾਂਤ ਤੋਂ ਬਾਅਦ ਉਸਦੇ ਮਾਪਿਆਂ ਨੇ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਅਸਹਿ ਦੁੱਖ ਦੇ ਸਮੇਂ ਮਨੁੱਖਤਾ ਨੂੰ ਸਭ ਤੋਂ ਉੱਪਰ ਰੱਖਿਆ ਅਤੇ ਉਸਦੇ ਅੰਗ ਦਾਨ ਕਰਨ ਦਾ ਫੈਸਲਾ ਕੀਤਾ।ਇਸ ਉੱਤਮ ਪਹਿਲਕਦਮੀ ਨੇ ਅੱਠ ਲੋੜਵੰਦ ਲੋਕਾਂ ਨੂੰ ਨਵਾਂ ਜੀਵਨ ਦਿੱਤਾ।ਆਜ਼ਾਦੀ ਦਿਵਸ ਦੇ ਜਸ਼ਨਾਂ ਦੌਰਾਨ ਪੰਜਾਬ ਦੇ ਰਾਜਪਾਲ ਗੁਲਾਬਚੰਦ ਕਟਾਰੀਆ ਨੇ ਵੰਸ਼ ਬਾਂਸਲ ਦੇ ਪਿਤਾ, ਟੋਨੀ ਬਾਂਸਲ ਇੰਸਾ ਦਾ ਸਨਮਾਨ ਕੀਤਾ। ਪਰਵਾਰ ਦੀ ਅਦੁੱਤੀ ਹਿੰਮਤ, ਕੁਰਬਾਨੀ ਤੇ ਮਾਨਵਤਾਵਾਦੀ ਭਾਵਨਾ ਨੂੰ ਸਲਾਮ ਕੀਤਾ।ਰਾਜਪਾਲਦੇ ਮੁੱਖ ਸਕੱਤਰ ਅਤੇ ਡਿਪਟੀ ਕਮਿਸ਼ਨਰ ਚੰਡੀਗੜ੍ਹ ਨੇ ਸਟੇਜ 'ਤੇ ਟੋਨੀ ਬਾਂਸਲ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਮਾਨਵਤਾਵਾਦੀ ਕੰਮ ਦੀ ਪ੍ਰਸ਼ੰਸਾ ਕੀਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਹਲਕਾ ਭੋਆ 'ਚ ਵਿਕਾਸ ਕਾਰਜਾਂ ਤੇ 'ਆਪ' ਦੀ ਮਜ਼ਬੂਤੀ ਨੂੰ ਲੈ ਕੇ ਵਿਸ਼ੇਸ਼ ਮੀਟਿੰਗ



**ਪਠਾਨਕੋਟ, (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਵਿੱਚ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਅਤੇ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਜੱਸਵਾਲੀ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕਰਵਾਈ ਗਈ।ਮੀਟਿੰਗ ਵਿੱਚ ਹਲਕਾ ਭੋਆ ਦੇ ਵੱਖ-ਵੱਖ ਸਰਕਲਾਂ ਦੇ ਇੰਚਾਰਜਾਂ, ਪਿੰਡਾਂ ਅਤੇ ਵਾਰਡਾਂ ਦੇ ਆਗੂਆਂ ਤੇ ਵਰਕਰਾਂ, ਜ਼ਿਲ੍ਹਾ ਸੰਗਠਨ ਦੇ ਮੈਂਬਰਾਂ, ਬਲਾਕ ਸੰਮਤੀ ਮੈਂਬਰਾਂ ਅਤੇ ਹੋਰ ਪਾਰਟੀ ਆਗੂਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਹਲਕਾ ਭੋਆ ਦੇ ਹਰ ਪੱਧਰ ਦੇ ਸੰਗਠਨ ਨਾਲ ਜੁੜੇ ਸਾਥੀਆਂ ਨਾਲ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਹਲਕੇ ਦੇ ਵਿਕਾਸ ਕਾਰਜਾਂ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਵੀ ਵਿਚਾਰ ਸਾਂਝੇ ਕੀਤੇ ਗਏ ਹਨ।ਸ਼੍ਰੀ ਕਟਾਰੂਚੱਕ ਨੇ ਕਿਹਾ ਕਿ ਲੋਕ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਤੋਂ ਇਲਾਵਾ ਹਲਕਾ ਭੋਆ ਵਿੱਚ ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸਬੰਧਤ ਵੱਡੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਵਾਂ-ਧੀਆਂ ਦੀ ਭਲਾਈ ਲਈ ਚਲਾਈ ਜਾ ਰਹੀ ਯੋਜਨਾ ਤਹਿਤ ਵੀ ਹਲਕਾ ਭੋਆ ਦੀਆਂ ਹਜ਼ਾਰਾਂ ਮਾਵਾਂ, ਧੀਆਂ ਅਤੇ ਭੈਣਾਂ ਨੂੰ ਵਿੱਤੀ ਸਹਾਇਤਾ ਦਾ ਲਾਭ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਉਣਾ ਸਰਕਾਰ ਦੀ ਮੁੱਖ ਤਰਜੀਹ ਹੈ।ਉਨ੍ਹਾਂ ਕਿਹਾ ਕਿ ਹਲਕਾ ਭੋਆ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਪਾਰਟੀ ਦੇ ਸੰਗਠਨ ਅਤੇ ਵਰਕਰਾਂ ਵਿੱਚ ਵੀ ਉਤਸ਼ਾਹ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਮਿਹਨਤ ਅਤੇ ਲੋਕਾਂ ਦੇ ਸਹਿਯੋਗ ਨਾਲ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਸੰਗਠਨ ਦੇ ਇੰਚਾਰਜ ਅਤੇ ਪਲਾਨਿੰਗ ਬੋਰਡ ਦੇ ਚੇਅਰਮੈਨ ਅਮਨਦੀਪ ਸੰਧੂ ਸਮੇਤ ਪਾਰਟੀ ਦੇ ਵੱਖ-ਵੱਖ ਆਗੂ ਅਤੇ ਵਰਕਰ ਵੀ ਹਾਜ਼ਰ ਸਨ।

## ਸਿੱਖਿਆ ਦੇ ਖੇਤਰ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਸਦਕਾ ਮਲਕੀਤ ਸਿੰਘ ਸਨਮਾਨਤ



**ਬਿਆਸ (ਪਰਮਜੀਤ ਸਿੰਘ ਰੱਖੜਾ)**-ਸਿੱਖਿਆ ਖੇਤਰ ਵਿੱਚ ਸ਼ਾਨਦਾਰ ਅਤੇ ਸਮਰਪਿਤ ਸੇਵਾਵਾਂ ਨਿਭਾਉਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਰੂਮਾਨ ਦੇ ਮਲਕੀਤ ਸਿੰਘ ਨੂੰ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। 15 ਅਗਸਤ, ਆਜ਼ਾਦੀ ਦਿਵਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ, ਮਿਹਨਤ, ਇਮਾਨਦਾਰੀ ਅਤੇ ਸਮਰਪਣ ਨਾਲ ਸੇਵਾਵਾਂ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਕੜੀ ਤਹਿਤ ਮਲਕੀਤ ਸਿੰਘ ਨੂੰ ਵੀ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨ ਪ੍ਰਦਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਮਿਲੇ ਸਨਮਾਨ 'ਤੇ ਸਕੂਲ ਦੇ ਸਟਾਫ਼ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਮਲਕੀਤ ਸਿੰਘ ਨੇ ਇਸ ਸਨਮਾਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਸਰਦਾਰ ਕੰਵਲਜੀਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਸਿੱਖਿਆ ਵਿਭਾਗ ਦੀ ਬਿਹਤਰੀ ਲਈ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ। ਇਹ ਸਨਮਾਨ ਨਾ ਸਿਰਫ਼ ਮਲਕੀਤ ਸਿੰਘ ਦੀ ਮਿਹਨਤ ਅਤੇ ਸਮਰਪਣ ਦੀ ਪ੍ਰਸ਼ੰਸਾ ਹੈ, ਸਗੋਂ ਸਿੱਖਿਆ ਖੇਤਰ ਨਾਲ ਜੁੜੇ ਹੋਰਨਾਂ ਕਰਮਚਾਰੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ।

## ਪਹੂਵਿੰਡ 'ਚ ਮੋਬਾਇਲ ਟਾਵਰ ਲਾਉਣ ਦਾ ਵਿਰੋਧ, ਕਿਸਾਨ ਆਗੂਆਂ ਨੇ ਕੰਮ ਰੁਕਵਾਇਆ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪਹੂਵਿੰਡ ਦੇ ਸੰਘਣੀ ਆਬਾਦੀ ਵਾਲੇ ਰਿਹਾਇਸ਼ੀ ਇਲਾਕੇ ਵਿੱਚ ਮੋਬਾਈਲ ਟਾਵਰ ਲਾਉਣ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਇਤਰਾਜ਼ ਪ੍ਰਗਟ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਟਾਵਰ ਲਾਉਣ ਦਾ ਕੰਮ ਚੱਲਣ ਦੀ ਸੂਚਨਾ ਮਿਲਣ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਅਤੇ ਵਰਕਰ ਮੌਕੇ 'ਤੇ ਪੁੱਜੇ ਅਤੇ ਕੰਮ ਰੁਕਵਾ ਦਿੱਤਾ।ਪਿੰਡ ਵਾਸੀ ਪਰਮਜੀਤ ਸਿੰਘ ਨੇ ਦੱਸਿਆ ਕਿ ਸੰਘਣੀ ਆਬਾਦੀ ਵਿੱਚ ਐੱਮ.ਐੱਚ.ਜ਼ੈੱਡ. 900 ਮੋਬਾਇਲ ਟਾਵਰ ਲਾਉਣ ਦਾ ਕੰਮ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਟਾਵਰ ਲਾਉਣ 'ਤੇ ਇਤਰਾਜ਼ ਜਤਾਉਂਦਿਆਂ ਥਾਣਾ ਭਿੱਖੀਵਿੰਡ, ਡੀ.ਐੱਸ.ਪੀ ਦਫ਼ਤਰ ਭਿੱਖੀਵਿੰਡ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਲਿਖਤੀ ਦਰਖਾਸਤਾਂ ਦਿੱਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਡੀ.ਐੱਸ.ਪੀ ਭਿੱਖੀਵਿੰਡ ਅਤੁਲ ਸੋਨੀ ਨਾਲ ਮੀਟਿੰਗ ਵੀ ਹੋਈ ਸੀ। ਉਨ੍ਹਾਂ ਅਨੁਸਾਰ ਮੀਟਿੰਗ ਦੌਰਾਨ ਦੋਵਾਂ ਧਿਰਾਂ ਵਿਚਕਾਰ ਸਹਿਮਤੀ ਹੋਣ ਤੱਕ ਟਾਵਰ ਲਾਉਣ ਦਾ ਕੰਮ ਰੋਕਣ ਦੀ ਗੱਲ ਹੋਈ ਸੀ। ਇਸ ਦੇ ਬਾਵਜੂਦ ਜਦੋਂ ਕੰਮ ਮੁੜ ਸ਼ੁਰੂ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਪ੍ਰਧਾਨ ਅਤੇ ਜ਼ਿਲ੍ਹਾ ਆਗੂ ਦਿਲਬਾਗ ਸਿੰਘ ਪਹੂਵਿੰਡ ਨਾਲ ਸੰਪਰਕ ਕੀਤਾ।ਇਸ 'ਤੇ ਜਥੇਬੰਦੀ ਦੇ ਆਗੂ ਤੇ ਵਰਕਰ ਮੌਕੇ 'ਤੇ ਪਹੁੰਚੇ ਅਤੇ ਟਾਵਰ ਲਾਉਣ ਦਾ ਕੰਮ ਰੁਕਵਾ ਦਿੱਤਾ। ਜ਼ਿਲ੍ਹਾ ਆਗੂ ਦਿਲਬਾਗ ਸਿੰਘ ਪਹੂਵਿੰਡ ਨੇ ਕਿਹਾ ਕਿ ਰਿਹਾਇਸ਼ੀ ਖੇਤਰ ਵਿੱਚ ਟਾਵਰ ਲਾਉਣ ਨੂੰ ਲੈ ਕੇ ਲੋਕਾਂ ਵਿੱਚ ਇਤਰਾਜ਼ ਹੈ। ਉਨ੍ਹਾਂ ਕਿਹਾ ਕਿ ਮਾਮਲੇ ਸਬੰਧੀ ਐੱਸ.ਡੀ.ਐੱਮ. ਭਿੱਖੀਵਿੰਡ, ਡੀ.ਸੀ. ਤਰਨ ਤਾਰਨ, ਐੱਸ.ਐੱਸ.ਪੀ. ਤਰਨ ਤਾਰਨ, ਡੀ.ਐੱਸ.ਪੀ ਭਿੱਖੀਵਿੰਡ ਅਤੇ ਐੱਸ.ਐੱਚ.ਓ. ਭਿੱਖੀਵਿੰਡ ਨੂੰ ਦਰਖਾਸਤਾਂ ਦਿੱਤੀਆਂ ਜਾ ਚੁੱਕੀਆਂ ਹਨ।ਦਿਲਬਾਗ ਸਿੰਘ ਨੇ ਦੋਸ਼ ਲਾਇਆ ਕਿ ਦਰਖਾਸਤਾਂ ਦੇਣ ਦੇ ਬਾਵਜੂਦ ਮਾਮਲੇ ਦਾ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਪਿੰਡ ਵਾਸੀਆਂ ਦੇ ਇਤਰਾਜ਼ ਸੁਣੇ ਜਾਣ ਅਤੇ ਸਬੰਧਤ ਧਿਰ ਦਾ ਪੱਖ ਜਾਣ ਕੇ ਹੀ ਟਾਵਰ ਲਾਉਣ ਬਾਰੇ ਕੋਈ ਫੈਸਲਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਮਾਮਲਾ ਹੱਲ ਕੀਤੇ ਬਿਨਾਂ ਟਾਵਰ ਲਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਜਥੇਬੰਦੀ ਵੱਲੋਂ ਇਸ ਦਾ ਵਿਰੋਧ ਕੀਤਾ ਜਾਵੇਗਾ।ਉਨ੍ਹਾਂ ਚਿਤਾਵਨੀ ਦਿੱਤੀ ਕਿ ਲੋਕਾਂ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਹੋਈ ਤਾਂ ਜਥੇਬੰਦੀ ਵੱਲੋਂ ਧਰਨੇ ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ।ਕਿਸਾਨ ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪਿੰਡ ਵਾਸੀਆਂ ਅਤੇ ਸਬੰਧਤ ਧਿਰ ਦੀ ਗੱਲ ਸੁਣ ਕੇ ਮਾਮਲੇ ਦਾ ਨਿਯਮਾਂ ਅਨੁਸਾਰ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਾਮਲਾ ਸੁਲਝਣ ਤੱਕ ਟਾਵਰ ਲਾਉਣ ਦਾ ਕੰਮ ਨਾ ਕੀਤਾ ਜਾਵੇ।ਥਾਣਾ ਭਿੱਖੀਵਿੰਡ ਦੇ ਐੱਸ.ਐੱਚ.ਓ. ਹਰਪ੍ਰੀਤ ਸਿੰਘ ਵਿਰਕ ਨਾਲ ਸੰਪਰਕ ਕਰਕੇ ਜਦੋਂ ਟਾਵਰ ਲਾਉਣ ਸਬੰਧੀ ਮਿਲੀ ਦਰਖਾਸਤ ਅਤੇ ਪੁਲਿਸ ਵੱਲੋਂ ਕੀਤੀ ਕਾਰਵਾਈ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਮਾਮਲੇ 'ਤੇ ਕੋਈ ਪੱਖ ਦੇਣ ਤੋਂ ਇਨਕਾਰ ਕਰ ਦਿੱਤਾ।



## ਮੋਹਕਮਪੁਰਾ 'ਚ ਉਤਸ਼ਾਹਪੂਰਵਕ ਮਨਾਇਆ ਸੁਤੰਤਰਤਾ ਦਿਵਸ

**ਛੇਹਰਟਾ, (ਮਨੋਜ ਕੁਮਾਰ)** : ਹਲਕਾ ਪੂਰਬੀ ਦੇ ਵਾਰਡ ਨੰਬਰ 22, ਮੋਹਕਮਪੁਰਾ ਵਿੱਚ ਕੌਂਸਲਰ ਸ਼ਿੰਦਰ ਦੀ ਅਗਵਾਈ ਹੇਠ ਸੁਤੰਤਰਤਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਤੇ ਸੀਨੀਅਰ ਕਾਂਗਰਸੀ ਆਗੂ ਦਿਨੇਸ਼ ਬੱਸੀ ਅਤੇ ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਤਿਰੰਗਾ ਲਹਿਰਾ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਦਿਨੇਸ਼ ਬੱਸੀ ਨੇ ਸਮੂਹ ਇਲਾਕਾ ਵਾਸੀਆਂ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਤੇ ਇਲਾਕਾ ਵਾਸੀਆਂ ਨੇ ਦਿਨੇਸ਼ ਬੱਸੀ ਨੂੰ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੌਰਾਨ ਸੁਗ੍ਰੀਵ, ਰਾਮ ਭਵਨ ਗੋਸਵਾਮੀ, ਰੌਕੀ ਮੋਹਕਮਪੁਰਾ, ਅਮਨ, ਸੂਰਜ, ਸਮੀਰ, ਰਾਹੁਲ, ਸੋਨੂੰ ਚੌਧਰੀ, ਤਰੁਣ ਸੂਰੀ, ਸਿੰਮੀ, ਪ੍ਰਮੋਦ, ਜੱਸ ਪ੍ਰਧਾਨ, ਲਾਲੀ, ਕੁਲਦੀਪ ਰਾਜ ਧਵਨ ਸਮੇਤ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਤੇ ਕਾਂਗਰਸੀ ਵਰਕਰ ਮੌਜੂਦ ਸਨ। ਅੰਤ ਵਿਚ ਦਿਨੇਸ਼ ਬੱਸੀ ਤੇ ਕੌਂਸਲਰ ਸ਼ਿੰਦਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਦੀ ਏਕਤਾ, ਅਖੰਡਤਾ ਤੇ ਤਰੱਕੀ ਲਈ ਯੋਗਦਾਨ ਪਾਉਣ ਦਾ ਪ੍ਰਣ ਲੈਣ।



## 'ਸਾਰੇ ਪੰਜਾਬ ਦਾ ਇੱਕੋ ਨਾਅਰਾ, ਭਗਵੰਤ ਮਾਨ ਦੁਬਾਰਾ' ਦੇ ਲੱਗੇ ਨਾਅਰੇ



**ਚੋਹਲਾ ਸਾਹਿਬ (ਰਮਨ ਚੱਢਾ)**-ਹਲਕਾ ਖਡੂਰ ਸਾਹਿਬ ਦੇ ਪਿੰਡ ਬਾਗੜੀਆਂ ਵਿਖੇ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਪਾਰਟੀ ਦੇ ਆਗੂ ਪ੍ਰੋ. ਹਰਪ੍ਰੀਤ ਸਿੰਘ ਕੋਟ ਨੇ ਪਾਰਟੀ ਦੇ ਮੋਢੀ ਅਤੇ ਸਭ ਤੋਂ ਪੁਰਾਣੇ ਸਾਥੀ ਧਰਮ ਸਿੰਘ ਦੇ ਗ੍ਰਹਿ ਵਿਖੇ ਪਹੁੰਚ ਕੇ ਜੁਝਾਰੂ ਵਰਕਰਾਂ ਨਾਲ ਮੁਲਾਕਾਤ ਕੀਤੀ।ਬੈਠਕ ਦੌਰਾਨ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਸਾਰਿਆਂ ਨੇ ਇੱਕ ਸੁਰ ਵਿੱਚ 'ਸਾਰੇ ਪੰਜਾਬ ਦਾ ਇੱਕੋ ਨਾਅਰਾ, ਭਗਵੰਤ ਮਾਨ ਦੁਬਾਰਾ' ਦਾ ਨਾਅਰਾ ਬੁਲੰਦ ਕੀਤਾ। ਪ੍ਰੋ. ਹਰਪ੍ਰੀਤ ਸਿੰਘ ਨੇ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਪੁਰਾਣੇ ਅਤੇ ਵਫ਼ਾਦਾਰ ਸਾਥੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਦੀ ਅਸਲ ਤਾਕਤ ਇਸ ਦੇ ਜੁਝਾਰੂ ਵਰਕਰ ਹੀ ਹਨ, ਜਿਨ੍ਹਾਂ ਦੀ ਬਦੌਲਤ ਅੱਜ ਪੰਜਾਬ ਵਿੱਚ ਵਿਕਾਸ ਦੀ ਲਹਿਰ ਚੱਲ ਰਹੀ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸਾਰੇ ਸਾਥੀ ਮਿਲ ਕੇ ਹਲਕੇ ਦੇ ਵਿਕਾਸ ਅਤੇ ਚੋਣਾਂ ਵਿੱਚ ਜਿੱਤ ਲਈ ਇੱਕਜੁਟ ਹੋ ਕੇ ਕੰਮ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਂਬਰ ਬਲਵਿੰਦਰ ਸਿੰਘ, ਮੈਂਬਰ ਲਖਵਿੰਦਰ ਸਿੰਘ, ਗਿਆਨਦੀਪ ਸਿੰਘ, ਸਾਹਬ ਸਿੰਘ, ਵਰਿੰਦਰ ਸਿੰਘ ਅਤੇ ਸੋਨੂੰ ਸਿੰਘ ਸਮੇਤ ਕਈ ਹੋਰ ਪ੍ਰਮੁੱਖ ਆਗੂ ਤੇ ਪੁਰਾਣੇ ਸਾਥੀ ਹਾਜ਼ਰ ਸਨ।ਬੈਠਕ ਦੀ ਸਮਾਪਤੀ ਸਰਬੱਤ ਦਾ ਭਲਾ, ਹਰ ਮੈਦਾਨ ਫਤਿਹ ਦੇ ਸੁਨੇਹੇ ਨਾਲ ਕੀਤੀ ਗਈ।

## ਭਗਤ ਪੂਰਨ ਸਿੰਘ ਹਾਈ ਸਕੂਲ ਬੁਟਰ ਕਲਾਂ ਵਿਖੇ ਧੂਮਧਾਮ ਨਾਲ ਮਨਾਇਆ ਆਜ਼ਾਦੀ ਦਿਹਾੜਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਗਤ ਪੂਰਨ ਸਿੰਘ ਹਾਈ ਸਕੂਲ ਬੁਟਰ ਕਲਾਂ ਵਿਖੇ ਆਜ਼ਾਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਦੇ ਨਾਲ ਮਨਾਇਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਡਾਕਟਰ ਬੀਬੀ ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਅਤੇ ਉਨ੍ਹਾਂ ਦੇ ਨਾਲ ਆਏ ਸਾਥੀਆਂ ਨੇ ਸਕੂਲ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਅਤੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਕੂਲ ਪ੍ਰਿੰਸੀਪਲ ਲਖਵਿੰਦਰ ਕੌਰ ਵੱਲੋਂ ਅਤੇ ਸਟਾਫ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਕੂਲ ਪ੍ਰਬੰਧਕਾਂ ਵੱਲੋਂ ਭਗਤ ਪੂਰਨ ਸਿੰਘ ਦੀ ਤਸਵੀਰ ਅਤੇ ਸ਼ਾਲ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ।ਇਸ ਮੌਕੇ ਡਾ. ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਅਤੇ ਆਏ ਹੋਏ ਵੱਖ-ਵੱਖ ਆਗੂਆਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਆਜ਼ਾਦੀ ਦਿਹਾੜੇ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਅੰਦਰ ਦੇਸ਼ ਭਗਤੀ ਅਤੇ ਸਮਾਜ ਵਿੱਚ ਰਹਿ ਕੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਸਮਾਜ ਭਲਾਈ ਦੇ ਕੰਮਾਂ ਵੱਲ ਧਿਆਨ ਦੇਣ ਦੇ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੁਸਾਇਟੀ, ਪ੍ਰਿੰ. ਲਖਵਿੰਦਰ ਕੌਰ, ਮੈਡਮ ਕਵਲਜੀਤ ਕੌਰ, ਪ੍ਰਿਤਪਾਲ ਕੌਰ, ਹਰਪ੍ਰੀਤ ਸਿੰਘ, ਮਨਮੋਹਨ ਗੁਪਤਾ ਅਤੇ ਸਮੂਹ ਸਟਾਫ ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁਟਰ ਕਲਾਂ, ਗੁਰਵਿੰਦਰ ਸਿੰਘ ਸਰਪੰਚ ਬੁੱਟਰ ਕਲਾਂ, ਵਿਦਿਆਰਥੀਆਂ ਦੇ ਮਾਪੇ ਅਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

## ਅਕਸ਼ੈ ਸ਼ਰਮਾ ਦੇ ਘਰ ਪੁੱਜੇ ਗਜਿੰਦਰ ਸਿੰਘ ਸ਼ੇਖਾਵਤ



**ਛੇਹਰਟਾ, (ਮਨੋਜ ਕੁਮਾਰ)**- ਕੇਂਦਰੀ ਸੱਭਿਆਚਾਰ ਮਾਮਲਿਆਂ ਤੇ ਸੈਰ-ਸਪਾਟਾ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਦੇ ਅੰਮ੍ਰਿਤਸਰ ਪੁੱਜਣ 'ਤੇ ਹਲਕਾ ਉੱਤਰੀ ਤੋਂ ਭਾਜਪਾ ਆਗੂ ਅਕਸ਼ੈ ਸ਼ਰਮਾ ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਅਕਸ਼ੈ ਸ਼ਰਮਾ ਨੇ ਸ਼ੇਖਾਵਤ ਨੂੰ ਹਾਰ ਪਹਿਨਾ ਕੇ ਸ਼ੁੱਭ ਕਾਮਨਾਵਾਂ ਦਿੱਤੀਆਂ ਤੇ ਮੁਲਾਕਾਤ ਦੌਰਾਨ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਇਸ ਤੋਂ ਬਾਅਦ ਸ਼ੇਖਾਵਤ ਵਿਸ਼ੇਸ਼ ਤੌਰ 'ਤੇ ਅਕਸ਼ੈ ਸ਼ਰਮਾ ਦੇ ਘਰ ਵੀ ਗਏ। ਇਸ ਮੌਕੇ ਅਕਸ਼ੈ ਸ਼ਰਮਾ ਨੇ ਕਿਹਾ ਕਿ ਗਜਿੰਦਰ ਸਿੰਘ ਸ਼ੇਖਾਵਤ ਨਾਲ ਉਨ੍ਹਾਂ ਦਾ ਬਹੁਤ ਪੁਰਾਣਾ ਤੇ ਗੂੜ੍ਹਾ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਸ਼ੇਖਾਵਤ ਉਨ੍ਹਾਂ ਲਈ ਸਿਰਫ ਸੀਨੀਅਰ ਆਗੂ ਹੀ ਨਹੀਂ, ਸਗੋਂ ਮਾਰਗਦਰਸ਼ਕ ਹਨ। ਅੰਮ੍ਰਿਤਸਰ ਦੌਰੇ ਦੌਰਾਨ ਕੇਂਦਰੀ ਮੰਤਰੀ ਨੇ ਅਕਸ਼ੈ ਸ਼ਰਮਾ ਦੇ ਨਿਵਾਸ 'ਤੇ ਕੁਝ ਸਮਾਂ ਬਿਤਾਇਆ। ਇਸ ਦੌਰਾਨ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਚਰਚਾ ਹੋਈ। ਅਕਸ਼ੈ ਸ਼ਰਮਾ ਨੇ ਕੇਂਦਰੀ ਮੰਤਰੀ ਸ਼ੇਖਾਵਤ ਦਾ ਅੰਮ੍ਰਿਤਸਰ ਆਉਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨਾਲ ਬਿਤਾਇਆ ਸਮਾਂ ਹਮੇਸ਼ਾ ਯਾਦਗਾਰ ਤੇ ਪ੍ਰੇਰਨਾਦਾਇਕ ਰਹਿੰਦਾ ਹੈ।

## ਅੰਤਰ-ਸਕੂਲ ਮੁਕਾਬਲਿਆਂ 'ਚ ਮਾਰੀਆਂ ਮੱਲਾਂ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਹਾਵਰਡ ਸੀਨੀਅਰ ਸਕੂਲ ਠੱਠਾ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਹੋਏ ਅੰਤਰ-ਸਕੂਲ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਵਿਦਿਆਰਥੀਆਂ ਨੇ ਹਰਕ੍ਰਿਸ਼ਨ ਸਕੂਲ ਝਬਾਲ ਵਿਖੇ ਹੋਈਆਂ ਵੱਖ-ਵੱਖ ਅੰਤਰ ਸਕੂਲ ਗਤੀਵਿਧੀਆਂ ਵਿੱਚ ਉਤਸ਼ਾਹਪੂਰਵਕ ਭਾਗ ਲੈਂਦੇ ਹੋਏ ਆਪਣੀ ਪ੍ਰਤਿਭਾ ਅਤੇ ਸੂਝ-ਬੂਝ ਦਾ ਪ੍ਰਦਰਸ਼ਨ ਕੀਤਾ।ਸੀਨੀਅਰ ਵਰਗ (ਜਮਾਤ ਨੌਵੀਂ ਤੋਂ ਬਾਰ੍ਹਵੀਂ ) ਦੇ ਏ ਆਈ ਅਤੇ ਦੇਸ਼ ਭਗਤੀ 'ਤੇ ਆਧਾਰਿਤ ਮਲਟੀਮੀਡੀਆ ਪ੍ਰੈਜ਼ੈਂਟੇਸ਼ਨ ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਬਿਹਤਰੀਨ ਪੇਸ਼ਕਾਰੀ ਸਦਕਾ ਪਹਿਲਾ ਸਥਾਨ ਹਾਸਲ ਕੀਤਾ।ਇਸ ਦੇ ਨਾਲ ਹੀ ਆਜ਼ਾਦੀ ਕਾ ਰੰਗ ਥੀਮ ਹੇਠ ਕਰਵਾਏ ਗਏ ਰੰਗੋਲੀ ਮੁਕਾਬਲੇ (ਜਮਾਤ ਛੇਵੀਂ ਤੋਂ ਅੱਠਵੀਂ) ਵਿੱਚ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਵੈਸੀ ਡਰੈੱਸ ਮੁਕਾਬਲੇ (ਜਮਾਤ ਪਹਿਲੀ ਤੋਂ ਤੀਜੀ) ਅਤੇ ਮੇਰਾ ਤਿਰੰਗਾ, ਮੇਰਾ ਅਭਿਮਾਨ ਥੀਮ ਵਾਲੇ ਸਲੋਗਨ ਰਾਈਟਿੰਗ ਮੁਕਾਬਲੇ (ਜਮਾਤ ਚੌਥੀ ਤੋਂ ਪੰਜਵੀਂ) ਵਿੱਚ ਵੀ ਸਕੂਲ ਦੇ ਛੋਟੇ ਬੱਚਿਆਂ ਨੇ ਵੱਧ-ਚੜ੍ਹ ਕੇ ਭਾਗ ਲਿਆ ਅਤੇ ਆਪਣੀ ਰਚਨਾਤਮਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਦੇ ਪ੍ਰਿੰਸੀਪਲ ਨੇ ਜੇਤੂਆਂ ਅਤੇ ਸਾਰੇ ਭਾਗੀਦਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਧੀਆ ਯਤਨਾਂ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਅੱਗੇ ਵਧਣ ਲਈ ਪ੍ਰੇਰਿਤ ਕੀਤਾ।



## 20 ਗਰਾਮ ਹੈਰੋਇਨ ਸਮੇਤ 3 ਨਸ਼ਾ ਤਸਕਰ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਗੁਰਦਾਸਪੁਰ ਪੁਲਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਦਿਆਂ 3 ਵੱਖ-ਵੱਖ ਥਾਣਿਆਂ ਵਿਚ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ 6 ਗਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਤਫਤੀਸ਼ੀ ਅਫਸਰ ਏ.ਐੱਸ.ਆਈ. ਚੈਂਚਲ ਸਿੰਘ ਨੇ ਸਮੇਤ ਪੁਲਿਸ ਪਾਰਟੀ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁਰਾਣਾ ਸ਼ਾਲਾ ਤੋਂ ਨੱਕੇ ਬ੍ਰਹਮਸਨਾਘਾਟ ਤੋਂ ਮਨਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਜਗਤਪੁਰ ਖੁਰਦ (ਖਾਕੀਆਂ) ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿੱਚੋਂ 6 ਗਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਕਲਾਨੌਰ ਦੇ ਐਸ.ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਟੀ-ਪੁਆਇੰਟ ਨਾਹਰਪੁਰ ਖੰਦਰ ਤੋਂ ਬਲਵਿੰਦਰ ਚੰਦ ਪੁੱਤਰ ਗੁਰੀਬ ਚੰਦ ਵਾਸੀ ਖੰਦਰ ਨੂੰ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿੱਚੋਂ 08 ਗਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਕਾਹਨੂੰਵਾਨ ਦੇ ਏ.ਐੱਸ.ਆਈ. ਨਿਰਮਲ ਸਿੰਘ ਨੇ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੇ ਸਬੰਧ ਵਿਚ ਟੀ-ਪੁਆਇੰਟ ਭੁਜ਼ਾ ਤੋਂ ਅਮਰੀਕ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਬਸਰਾਣ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿੱਚੋਂ 6 ਗਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਆਤਮ-ਚਿੰਤਨ ਰਾਹੀਂ ਹੀ ਸਾਕਾਰ ਹੋਵੇਗਾ ਆਜ਼ਾਦ ਭਾਰਤ ਦਾ ਸੁਪਨਾ:ਸਾਧਵੀ ਰਮਨਦੀਪ ਭਾਰਤੀ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਦੁਆਰਾ ਆਸ਼ਰਮ ਅੰਦਰ ਸੰਤੁਲਨ ਪ੍ਰੋਜੈਕਟ ਦੇ ਤਹਿਤ ਯਾਦ ਕਰੋ ਕੁਰਬਾਨੀ ਪ੍ਰੋਗਰਾਮ ਕੀਤਾ ਗਿਆ।ਇਸ ਪ੍ਰੋਗਰਾਮ ਦੌਰਾਨ ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਰਮਨਦੀਪ ਭਾਰਤੀ ਨੇ ਕਿਹਾ ਕਿ ਲਗਭਗ 1000 ਸਾਲਾਂ ਤੱਕ ਭਾਰਤ ਨੇ ਯੂਨਾਨੀਆਂ, ਯਹੂਦੀਆਂ, ਮੁਗਲਾਂ ਅਤੇ ਅੰਗਰੇਜ਼ਾਂ ਵਰਗੇ ਵਿਦੇਸ਼ੀ ਹਮਲਾਵਰਾਂ ਨਾਲ ਲਗਾਤਾਰ ਸੰਘਰਸ਼ ਕੀਤਾ। ਇਨ੍ਹਾਂ ਸਭ ਹਮਲਾਵਰਾਂ ਦਾ ਇੱਕੋ ਇੱਕ ਮਕਸਦ ਭਾਰਤੀ ਸੰਸਕ੍ਰਿਤੀ, ਸਭਿਅਤਾ ਅਤੇ ਧਰਮ ਨੂੰ ਨਸ਼ਟ ਕਰਨ ਦੇ ਨਾਲ ਨਾਲ ਆਰਥਿਕ ਸ਼ੋਸ਼ਣ ਕਰਨਾ ਸੀ।ਭਾਰਤ ਵਿੱਚ ਵਪਾਰ ਕਰਨ ਆਈ ਇੰਗਲੈਂਡ ਦੀ ਈਸਟ ਇੰਡੀਆ ਕੰਪਨੀ ਨੇ ਉਸ ਵਕਤ ਦੇਸ਼ ਵਿੱਚ ਫੈਲੀ ਅਰਾਜਕਤਾ ਦਾ ਲਾਭ ਉਠਾਉਂਦੇ ਹੋਏ ਦੇਸ਼ ਦੀ ਆਰਥਿਕ ਪ੍ਰਣਾਲੀ ਦੇ ਨਾਲ ਨਾਲ ਰਾਜਨੀਤਿਕ ਪ੍ਰਭੁਸੱਤਾ ਵੀ ਹਾਸਿਲ ਕੀਤੀ ਪਰ ਕੁਦਰਤ ਦਾ ਨਿਯਮ ਹੈ ਕਿ ਕੋਈ ਵੀ ਅਣਖੀਲੀ ਕੌਮ ਜ਼ਿਆਦਾ ਦੇਰ ਤੱਕ ਗੁਲਾਮ ਨਹੀਂ ਰਹਿ ਸਕਦੀ।ਭਾਰਤੀ ਲੋਕ ਤਾਂ ਫਿਰ ਵੀ ਅੰਮ੍ਰਿਤ ਦੀ ਸੰਤਾਨ ਹਨ।ਉਸ ਪ੍ਰਭੂ ਦੀ ਅੰਸ਼ ਹਨ।ਸਿਰਫ ਲੋੜ ਸੀ ਤਾਂ ਇਸ ਗੱਲ ਦੀ ਕਿ ਭਾਰਤ ਮਾਂ ਦੇ ਬਹੁਤ ਸਾਰੇ ਸਪੂਤਾਂ ਨੇ ਆਪਣੀ ਜਵਾਨੀ ਅਤੇ ਜੀਵਨ ਦੀ ਬਲੀ ਦੇ ਦਿੱਤੀ।ਕ੍ਰਾਂਤੀਕਾਰੀਆਂ ਕਾਰਨ ਅੱਜ ਅਸੀਂ ਆਜ਼ਾਦੀ ਨੂੰ ਮਾਣ ਰਹੇ ਹਾਂ।ਹਾਲਾਂਕਿ ਅਰਵਿੰਦ ਜੀ ਨੇ ਜਿਸ ਭਾਰਤ ਦੀ ਤਸਵੀਰ ਆਪਣੇ ਵਿਚਾਰਾਂ ਵਿੱਚ ਉਲੀਕੀ ਸੀ ਉਹ ਤਸਵੀਰ ਹਾਲੇ ਤੱਕ ਪੂਰੀ ਨਹੀਂ ਹੋ ਸਕੀ।ਜੇਕਰ ਦੇਸ਼ ਨੂੰ ਅਸੀਂ ਵਿਸ਼ਵ ਗੁਰੂ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਹਾਂ ਤਾਂ 15 ਅਗਸਤ ਦੇ ਦਿਹਾੜੇ ਉੱਪਰ ਆਤਮ ਚਿੰਤਨ ਦਾ ਦਿਹਾੜਾ ਬਹੁਤ ਜ਼ਰੂਰੀ ਹੈ, ਇਸ ਤੋਂ ਬਾਅਦ ਇੰਦਰੀਆਂ ਨੂੰ ਕੇ ਪੂਰੇ ਦੇਸ਼ ਅੰਦਰ ਇੱਕ ਅਧਿਆਤਮਿਕ ਰਾਸ਼ਟਰ ਜਾਗਰਨ ਦੀ ਲਹਿਰ ਨੂੰ ਪ੍ਰਚੰਡ ਕੀਤਾ ਜਾ ਸਕਦਾ ਹੈ।ਪ੍ਰੋਗਰਾਮ ਦੇ ਦੌਰਾਨ ਸਾਧਵੀ ਪ੍ਰਮਾ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਨੇ ਦੇਸ਼ ਭਗਤੀ ਦੇ ਭਜਨਾਂ ਦਾ ਗਾਇਨ ਕੀਤਾ।



## ਵਧੀਆ ਡਿਊਟੀ ਨਿਭਾਉਣ ਵਾਲੇ ਜੇਲ੍ਹ ਕਰਮਚਾਰੀਆਂ ਨੂੰ ਕੀਤਾ ਸਨਮਾਨਿਤ

**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**-ਆਜ਼ਾਦੀ ਦਿਵਸ ਮੌਕੇ ਸਬ ਜੇਲ੍ਹ ਪੱਟੀ ਵਿਖੇ ਆਜ਼ਾਦੀ ਦਿਹਾੜਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਜੇਲ੍ਹ ਦੇ ਸੁਪਰਡੈਂਟ ਇੰਦਰਪ੍ਰੀਤ ਸਿੰਘ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਜਿਸ ਉਪਰੰਤ ਜੇਲ੍ਹ ਫੋਰਸ ਨੇ ਸਲਾਮੀ ਦੀ ਰਸਮ ਅਦਾ ਕੀਤੀ।ਉਪਰੰਤ ਸੁਪਰਡੈਂਟ ਜੇਲ੍ਹ ਇੰਦਰਪ੍ਰੀਤ ਸਿੰਘ ਵੱਲੋਂ ਕਰਮਚਾਰੀਆਂ ਨੂੰ ਲੱਡੂ ਵੰਡੇ ਗਏ।ਸੁਪਰਡੈਂਟ ਵੱਲੋਂ ਤਮਾਮ ਸਟਾਫ ਨੂੰ ਆਪਣੀ ਡਿਊਟੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ, ਨਸ਼ਾ ਰਹਿਤ ਜੀਵਨ ਜਿਊਣ, ਜੇਲ੍ਹ ਅੰਦਰ ਬੰਦ ਬੰਦੀਆਂ ਨੂੰ ਨਸ਼ੇ ਛੱਡਣ ਲਈ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੇ ਜੀਵਨ ਵਿੱਚ ਸੁਧਾਰ ਲਈ ਹਰ ਯਤਨ ਕਰਨ ਲਈ ਕਿਹਾ ਗਿਆ।ਸੁਪਰਡੈਂਟ ਨੇ ਇਸ ਮੌਕੇ ਜੇਲ੍ਹ ਅੰਦਰ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ।ਵਾਰਡਨ ਗੁਰਜੀਤ ਸਿੰਘ ਨੂੰ ਵਧੀਆ ਸੇਵਾਵਾਂ ਨਿਭਾਉਣ ਬਦਲੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਸ਼ੰਸਾ ਪੱਤਰ ਅਤੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਜੇਲ੍ਹ ਅੰਦਰ ਬੰਦ ਬੰਦੀਆਂ ਨੂੰ ਪੰਜਾਬ ਪ੍ਰਿਜ਼ਨ ਰੂਲ 2022 ਅਨੁਸਾਰ ਸਪੈਸ਼ਲ ਡਾਈਟ ਵੀ ਦਿੱਤੀ ਗਈ। ਉਪਰੰਤ ਉਪ ਮੰਡਲ ਮੈਜਿਸਟਰੇਟ, ਪੱਟੀ ਵੱਲੋਂ ਜੇਲ੍ਹ ਅੰਦਰ ਬੰਦ ਬੰਦੀਆਂ ਨੂੰ ਲੱਡੂ ਵੰਡੇ ਗਏ ਅਤੇ ਉਨ੍ਹਾਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ।ਇਸ ਦੌਰਾਨ ਸਹਾਇਕ ਸੁਪਰਡੈਂਟ ਸਤਨਾਮ ਸਿੰਘ, ਪਸਕ ਇੰਚਾਰਜ ਸੂਬੇਦਾਰ ਜਸਵਿੰਦਰ ਸਿੰਘ, ਹੋਮ ਗਾਰਡ ਇੰਚਾਰਜ ਦਲਜੀਤ ਸਿੰਘ ਅਤੇ ਸਟੋਰ ਕੀਪਰ ਜਤਿੰਦਰ ਵੀ ਹਾਜ਼ਰ ਸਨ।



## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਏਡੀਸੀ ਢਿੱਲੋਂ ਨੇ ਲਹਿਰਾਇਆ ਤਿਰੰਗਾ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਗੁਰਸਿਮਰਨ ਸਿੰਘ ਢਿੱਲੋਂ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਵੱਲੋਂ ਆਜ਼ਾਦੀ ਦਿਵਸ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਤਿਰੰਗਾ ਲਹਿਰਾਇਆ ਗਿਆ ਅਤੇ ਜ਼ਿਲ੍ਹਾ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ, ਵਿਜੇ ਕੁਮਾਰ ਸੁਪਰਡੰਟ ਅਤੇ ਪਰਮਿੰਦਰ ਸਿੰਘ ਸੈਣੀ, ਪ੍ਰੋਗਰਾਮ ਅਫਸਰ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਵੀ ਮੌਜੂਦ ਸਨ।ਉਨ੍ਹਾਂ ਦੇਸ਼ ਦੀ ਖਾਤਰ ਜਾਨਾਂ ਵਾਰਨ ਵਾਲੇ ਸੂਰਬੀਰ ਯੋਧਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਦਿੱਤੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਅਸੀਂ ਉਨ੍ਹਾਂ ਨੂੰ ਕੋਟਿਨ ਕੋਟਿ ਪ੍ਰਣਾਮ ਕਰਦੇ ਹਾਂ।ਇਸ ਮੌਕੇ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਜ਼ਾਦੀ ਘੁਲਾਟੀਆ ਨੂੰ ਸਮਰਪਿਤ ਬਣਾਈ ਗੈਲਰੀ ਵਿੱਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਦਾ ਆਜ਼ਾਦੀ ਦਿਹਾੜੇ ਮੌਕੇ ਖਾਸ ਸਨਮਾਨ

**ਧਾਰੀਵਾਲ, (ਮਨਦੀਪ ਵਿੱਕੀ)**-ਦੇਸ਼ ਦੇ 80ਵੇਂ ਆਜ਼ਾਦੀ ਦਿਹਾੜੇ ਮੌਕੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਅਸ਼ੋਕ ਚੱਕਰ ਸਟੇਡੀਅਮ, ਗੁਰਦਾਸਪੁਰ ਵਿਖੇ ਕਰਵਾਏ ਗਏ ਸ਼ਾਨਦਾਰ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਨੂੰ ਸਿੱਖਿਆ, ਵਿਦਿਆਰਥੀਆਂ ਦੇ ਮਾਰਗਦਰਸ਼ਨ, ਕਰੀਅਰ ਕੌਂਸਲਿੰਗ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਸ਼ਲਾਘਾਯੋਗ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਬਲਜੀਤ ਕੌਰ ਵੱਲੋਂ ਸ਼੍ਰੀ ਵਰਮਾ ਨੂੰ ਸਨਮਾਨ ਪੱਤਰ ਭੇਟ ਕਰਕੇ ਉਨ੍ਹਾਂ ਦੀਆਂ ਸ਼ਲਾਘਾਯੋਗ ਸੇਵਾਵਾਂ ਦੀ ਕਦਰ ਕੀਤੀ ਗਈ।ਮੁਕੇਸ਼ ਵਰਮਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਕਰੀਅਰ ਕੌਂਸਲਿੰਗ, ਉੱਚ ਸਿੱਖਿਆ ਦੇ ਮੌਕਿਆਂ, ਮੁਕਾਬਲੇ ਦੀਆਂ ਪ੍ਰੀਖਿਆਵਾਂ, ਸਕਾਲਰਸ਼ਿਪਾਂ ਅਤੇ ਰੋਜ਼ਗਾਰ ਦੇ ਮੌਕਿਆਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸ ਤੋਂ ਇਲਾਵਾ ਸਕੂਲਾਂ ਵਿੱਚ ਗਾਈਡੈਂਸ ਕਾਰਨਰਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਹੀ ਮਾਰਗਦਰਸ਼ਨ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਵਿੱਚ ਵੀ ਉਨ੍ਹਾਂ ਦੀ ਸਰਗਰਮ ਭੂਮਿਕਾ ਰਹੀ ਹੈ।ਸਨਮਾਨ ਪ੍ਰਾਪਤ ਕਰਨ ਉਪਰੰਤ ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਨੇ ਇਸ ਮਾਣ-ਸਨਮਾਨ ਲਈ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮੂਹ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਮਾਣ ਦੇ ਨਾਲ-ਨਾਲ ਹੋਰ ਵਧੇਰੇ ਸਮਰਪਣ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਪ੍ਰੇਰਨਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਅਦਿਤਿਆ ਉਪਲ ਆਈ.ਏ.ਐੱਸ., ਐੱਸ.ਐੱਸ.ਪੀ. ਅਜੈ ਆਈ.ਪੀ.ਐੱਸ., ਏ.ਡੀ.ਸੀ. ਜਨਰਲ ਗੁਰਸਿਮਰਨ ਸਿੰਘ ਢਿੱਲੋਂ ਪੀ.ਸੀ.ਐੱਸ., ਜੀ. ਏ. ਕੁਲਦੀਪ ਚੰਦ ਪੀ.ਸੀ.ਐੱਸ., ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਸ਼ਰਮਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਿੱਖਿਆ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ, ਸਮਾਜ ਸੇਵੀ ਅਤੇ ਪਤਵੰਤੇ ਹਾਜ਼ਰ ਸਨ।



## ਰੈੱਡ ਕ੍ਰਾਸ ਸੁਸਾਇਟੀ ਵੱਲੋਂ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਭੇਟ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋ ਲੇਹਲ ਅੰਮ੍ਰਿਤਸਰ ਮਹਿਤਾ ਰੋਡ ਵਿਖੇ ਬਤੌਰ ਡੀਪੀ ਵਜੋਂ ਸੇਵਾ ਨਿਭਾ ਰਹੇ ਸਮਾਜ ਸੇਵੀ ਆਗੂ ਰਾਜਨ ਕੁਮਾਰ ਸੂਰਿਆਵੰਸ਼ੀ ਵੱਲੋਂ ਆਜ਼ਾਦੀ ਦਿਹਾੜੇ ਦੇ ਮੌਕੇ ਰੈੱਡ ਕਰਾਸ ਸੋਸਾਇਟੀ ਵੱਲੋਂ ਲੋੜਵੰਦ ਔਰਤਾਂ ਨੂੰ ਹਲਕਾ ਪੂਰਬ ਵਿਚ ਸਲਾਈ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਅਤੇ ਵਿਸ਼ਵਾਸ ਦਿਵਾਇਆ ਗਿਆ ਕਿ ਜਿੱਥੇ ਵੀ ਕਿਤੇ ਲੋੜਵੰਦ ਵਿਅਕਤੀਆਂ ਨੂੰ ਜਾਂ ਭੈਣਾਂ ਨੂੰ ਸਾਡੀ ਲੋੜ ਹੋਵੇਗੀ ਅਸੀਂ ਹਾਜ਼ਰ ਰਹਾਂਗੇ। ਉਨ੍ਹਾਂ ਨੇ ਇਸ ਸਹਿਯੋਗ ਲਈ ਰੈੱਡ ਕ੍ਰਾਸ ਸੋਸਾਇਟੀ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਲਬਾਗ ਸਿੰਘ ਕਾਲਾ ਅਤੇ ਸਰਬਜੀਤ ਕੌਰ ਆਦਿ ਆਗੂ ਵੀ ਹਾਜ਼ਰ ਸਨ।

## 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਭਰਵੀਂ ਮੀਟਿੰਗ



**ਧਾਰੀਵਾਲ, (ਮਨਦੀਪ ਵਿੱਕੀ)** - ਅਕਾਲੀ ਦਲ 'ਵਾਰਿਸ ਪੰਜਾਬ ਦੇ' ਹਲਕਾ ਬਟਾਲਾ ਦੀ ਇੱਕ ਭਰਵੀਂ ਮੀਟਿੰਗ ਨਾਮਵਰ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਕਰਮਜੀਤ ਸਿੰਘ ਕੰਗ, ਲਖਵੀਰ ਸਿੰਘ ਜੌਹਲ, ਜਰਨੈਲ ਸਿੰਘ, ਬਲਕਾਰ ਸਿੰਘ ਕੰਗ, ਗੁਰਚਰਨ ਸਿੰਘ ਸਿੱਧੂ, ਕੁਲਦੀਪ ਸਿੰਘ, ਸਤਿੰਦਰ ਸਿੰਘ, ਰਜਿੰਦਰ ਸਿੰਘ, ਦਲਬੀਰ ਸਿੰਘ, ਗੁਰਦੀਪ ਸਿੰਘ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਪ੍ਰਿਥੀਪਾਲ ਸਿੰਘ ਬਟਾਲਾ ਮੈਂਬਰ ਕਾਰਜਕਾਰਨੀ ਕਮੇਟੀ ਅਤੇ ਇੰਚਾਰਜ ਹਲਕਾ ਬਟਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੀਟਿੰਗ ਦੌਰਾਨ ਨੌਸ਼ਹਿਰਾ ਮੱਝਾ ਸਿੰਘ ਦੇ ਦਰਜਨਾਂ ਪਰਿਵਾਰ 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਵਿੱਚ ਸ਼ਾਮਿਲ ਹੋਏ।

## ਲਾਭਪਾਤਰੀ ਚਾਰ ਮਹੀਨਿਆਂ ਦੀ ਕਣਕ ਦਾ ਕੋਟਾ ਡਿੱਪੂ ਹੋਲਡਰ ਕੋਲੋਂ ਲੈਣ: ਇੰਸ. ਹਰਮੀਤ ਸਿੰਘ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਫੂਡ ਸਪਲਾਈ ਵਿਭਾਗ ਫਤਿਹਗੜ੍ਹ ਚੂੜੀਆਂ ਦੇ ਇੰਸਪੈਕਟਰ ਹਰਮੀਤ ਸਿੰਘ ਨੇ ਫਤਿਹਗੜ੍ਹ ਚੂੜੀਆਂ ਸ਼ਹਿਰ ਅਤੇ ਪਿੰਡਾਂ ਦੇ ਲਾਭਪਾਤਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਡਿੱਪੂਆਂ ਉਪਰ ਕਣਕ ਵੰਡਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਲਾਭਪਾਤਰੀ ਡਿੱਪੂ ਹੋਲਡਰਾਂ ਕੋਲੋਂ ਆਪਣੀ 4 ਮਹੀਨਿਆਂ ਦੀ ਕਣਕ ਦਾ ਬਣਦਾ ਕੋਟਾ ਲੈਣ ਅਤੇ ਜੇਕਰ ਕੋਈ ਡਿੱਪੂ ਹੋਲਡਰ ਕਣਕ ਦਾ ਕੋਟਾ ਘੱਟ ਦਿੰਦਾ ਹੈ ਤਾਂ ਉਹ ਦਫ਼ਤਰ ਵਿਖੇ ਆ ਕੇ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।ਇੰਸਪੈਕਟਰ ਹਰਮੀਤ ਸਿੰਘ ਨੇ ਗੱਲਬਾਤ ਕਰਦਿਆਂ ਅੱਗੇ ਕਿਹਾ ਕਿ ਜੁਲਾਈ, ਅਗਸਤ, ਸਤੰਬਰ ਅਤੇ ਅਕਤੂਬਰ ਮਹੀਨੇ ਦੀ ਕਣਕ ਦਾ ਕੋਟਾ ਲਾਭਪਾਤਰੀਆਂ ਨੂੰ ਡਿੱਪੂ ਹੋਲਡਰਾਂ ਵੱਲੋਂ ਵੰਡਣਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਜੇਕਰ ਕਿਸੇ ਨੂੰ ਕਣਕ ਲੈਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਉਹ ਸਿੱਧਾ ਉਨ੍ਹਾਂ ਨਾਲ ਗੱਲ ਕਰ ਸਕਦਾ ਹੈ।ਉਨ੍ਹਾਂ ਡਿੱਪੂ ਹੋਲਡਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਲਾਭਪਾਤਰੀਆਂ ਨੂੰ ਉਨ੍ਹਾਂ ਦਾ ਪੂਰਾ ਚਾਰ ਮਹੀਨਿਆਂ ਦਾ ਕੋਟਾ ਦੇਣ ਅਤੇ ਇਸ ਵਿੱਚ ਕੋਈ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਕੋਈ ਡਿੱਪੂ ਹੋਲਡਰ ਘੱਟ ਕੋਟਾ ਵੀ ਦਿੰਦਾ ਹੈ ਤਾਂ ਉਸਦੇ ਵਿਰੁੱਧ ਕਾਰਵਾਈ ਕੀਤੀ ਜਾਵੇਗੀ।



## ਲਾਇਨਜ਼ ਕਲੱਬ ਗੁਰਦਾਸਪੁਰ ਨੇ ਮਨਾਇਆ ਵਣ-ਮਹਾਂਉਤਸਵ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਲਾਇਨਜ਼ ਕਲੱਬ (ਰਾਇਲ) ਗੁਰਦਾਸਪੁਰ ਵੱਲੋਂ ਪਿੰਡ ਮੁਸਤਫਾਬਾਦ ਸੈਦਾਂ ਦੇ ਸ਼ਮਸ਼ਾਨਘਾਟ ਅਤੇ ਸਟੇਡੀਅਮ ਵਿੱਚ ਵੱਖ-ਵੱਖ ਤਰ੍ਹਾਂ ਦੇ 100 ਪੌਦੇ ਲਾਏ ਗਏ ਜਿਸ ਵਿੱਚ ਕਲੱਬ ਦੇ ਪ੍ਰਧਾਨ ਰਵਿੰਦਰ ਸ਼ਰਮਾ, ਸੈਕਟਰੀ ਮਨੋਜ ਲੂੰਬਾ, ਕੈਸ਼ੀਅਰ ਕਵੀਰਾਜ ਡੋਗਰਾ, ਪੀ. ਆਰ. ਓ. ਗੁਰਚਰਨ ਸਿੰਘ ਅਤੇ ਮੈਂਬਰ ਐਡਵੋਕੇਟ ਪੁਸ਼ਕਰ ਨੰਦਾ, ਜਤਿੰਦਰ ਮੋਹਨ, ਸੁਰੇਸ਼ ਸੈਣੀ, ਗੁਰਪ੍ਰੀਤ ਸਿੰਘ ਸੈਣੀ ਅਤੇ ਪਿੰਡ ਦੇ ਸਰਪੰਚ ਦਵਿੰਦਰ ਪਾਲ ਸਿੰਘ, ਨੰਬਰਦਾਰ ਗੁਰਪਾਲ ਸਿੰਘ ਅਤੇ ਲਖਵਿੰਦਰ ਸਿੰਘ ਵੀ ਸ਼ਾਮਲ ਸਨ।



## ਅਹਿਮਦੀਆ ਮੁਸਲਿਮ ਨੌਜਵਾਨਾਂ ਵੱਲੋਂ ਖ਼ੂਨਦਾਨ ਕੈਂਪ ਆਯੋਜਤ





**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਅਹਿਮਦੀਆ ਮੁਸਲਿਮ ਜਮਾਤ ਭਾਰਤ ਦੇ ਵੱਲੋਂ ਸਾਰੇ ਦੇਸ਼ਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਆਜ਼ਾਦੀ ਦਿਹਾੜੇ 'ਤੇ ਮੁਬਾਰਕਬਾਦ ਪੇਸ਼ ਹੈ।ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਮੌਲਾਨਾ ਕੇ ਤਾਰਿਕ ਅਹਿਮਦ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਰਾਹੀਂ ਦੱਸਿਆ ਗਿਆ ਹੈ ਕਿ ਇਸ ਪਵਿੱਤਰ ਮੌਕੇ 'ਤੇ ਅਸੀਂ ਆਜ਼ਾਦੀ ਏ ਹਿੰਦ ਦੀ ਮੁਹਿੰਮ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਮੁਹੱਬਾਨ ਏ ਵਤਨ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦਰ ਦੀ ਨਜ਼ਰ ਨਾਲ ਵੇਖਦੇ ਹਾਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਦਾ ਨਜ਼ਰਾਨਾ ਪੇਸ਼ ਕਰਦੇ ਹੋਏ ਸਾਡੀਆਂ ਨਸਲਾਂ ਨੂੰ ਆਜ਼ਾਦੀ ਦੀ ਫ਼ਿਜ਼ਾ ਵਿੱਚ ਸਾਹ ਲੈਣ ਦਾ ਮੌਕਾ ਦਿੱਤਾ ।ਆਜ਼ਾਦੀ ਦੇ ਜਸ਼ਨਾਂ ਮੌਕੇ ਅਹਿਮਦੀਆ ਮੁਸਲਿਮ ਜਮਾਤ ਭਾਰਤ ਵੱਲੋਂ ਖ਼ੂਨਦਾਨ ਕੈਂ ਲਾਇਆ ਗਿਆ ਜਿਸ 'ਚ ਵੱਡੀ ਗਿਣਤੀ 'ਚ ਨੌਜਵਾਨਾਂ ਨੇ ਖ਼ੂਨਦਾਨ ਕੀਤਾ।

## ਗਾਂਧੀ ਆਸ਼ਰਮ 'ਚ ਕੌਮੀ ਝੰਡਾ ਲਹਿਰਾਇਆ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਖੇਤਰੀ ਗਾਂਧੀ ਆਸ਼ਰਮ, ਕਵੀਨਜ਼ ਰੋਡ ਅੰਮ੍ਰਿਤਸਰ ਦੇ ਵਿਹੜੇ ਵਿਚ ਆਜ਼ਾਦੀ ਦਿਵਸ ਦੀ 80ਵੀਂ ਵਰ੍ਹੇਗੰਢ ਮੌਕੇ ਕੌਮੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਸੰਸਥਾ ਦੇ ਸੀਨੀਅਰ ਟਰੱਸਟੀ ਮੈਂਬਰ ਡਾ. ਇੰਦਰਪਾਲ, ਬਲਵਿੰਦਰ ਸਿੰਘ, ਰਾਮੇਸ਼ਵਰ ਯਾਦਵ, ਸੰਸਥਾ ਦੇ ਸਹਿ ਸਕੱਤਰ ਸਤਿਆਪਾਲ ਸਿੰਘ, ਅਸ਼ੋਕ ਕੁਮਾਰ, ਦਿਨੇਸ਼ ਪਾਂਡੇ, ਸ਼ਾਮ ਲਾਲ ਆਦਿ ਮੌਜੂਦ ਸਨ। ਇਸ ਮੌਕੇ ਦੇਸ਼ ਦੀ ਆਜ਼ਾਦੀ ਲਈ ਯੋਗਦਾਨ ਪਾਉਣ ਵਾਲੇ ਦੇਸ਼ ਭਗਤਾਂ ਨੂੰ ਯਾਦ ਕੀਤਾ ਗਿਆ।



# ਸੀ ਪੀ ਆਈ ਨੇ ਖਡੂਰ ਸਾਹਿਬ ਹਲਕੇ 'ਚ ਕੱਢਿਆ ਜਥਾ ਮਾਰਚ

### ਕੇਂਦਰ ਸਰਕਾਰ ਦੇਸ਼ 'ਚ ਵਸਦੀਆਂ ਘੱਟ ਗਿਣਤੀਆਂ ਦੀ ਕੱਟੜ ਵਿਰੋਧੀ : ਸੀ ਪੀ ਆਈ ਆਗੂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਵੱਲੋਂ ਦੇਸ਼ ਭਰ ਵਿੱਚ ਜਨ ਜਾਗਰਨ ਮੁਹਿੰਮ ਚੱਲ ਰਹੀ ਹੈ।ਇਸੇ ਮੁਹਿੰਮ ਤਹਿਤ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਧਰਤੀ ਖਡੂਰ ਸਾਹਿਬ ਦੇ ਇਲਾਕੇ ਵਿੱਚ ਪਾਰਟੀ ਵੱਲੋਂ ਸੀ ਪੀ ਆਈ ਦੇ ਬਲਾਕ ਸਕੱਤਰ ਬਲਜੀਤ ਸਿੰਘ ਫਤਿਹਾਂਬਾਦ, ਸੀ ਪੀ ਆਈ ਤਰਨਤਾਰਨ ਜ਼ਿਲ੍ਹੇ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ, ਮੀਤ ਸਕੱਤਰ ਜਗਤਾਰ ਸਿੰਘ ਜੱਗਾ ਅਤੇ ਕਿਸਾਨ ਸਭਾ ਦੇ ਆਗੂ ਬਲਦੇਵ ਸਿੰਘ ਧੂੰਦਾ ਦੀ ਅਗਵਾਈ ਹੇਠ ਜਥਾ ਮਾਰਚ ਦੌਰਾਨ ਗਦਰੀ ਦੇਸ਼ ਭਗਤ ਬਾਬਾ ਸ਼ੇਰ ਸਿੰਘ ਦੇ ਪਿੰਡ ਵੈਂਈਂਪੂੰਈ, ਗੁਰੂਆਂ ਦੀ ਧਰਤੀ ਫਤਿਹਾਬਾਦ, ਗੋਇੰਦਵਾਲ ਸਾਹਿਬ ਅਤੇ ਖਡੂਰ ਸਾਹਿਬ ਚੌਂਕ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਨੂੰ ਸੰਬੋਧਨ ਦੌਰਾਨ ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਤਰਨਤਾਰਨ ਜ਼ਿਲ੍ਹੇ ਦੇ ਮੀਤ ਸਕੱਤਰ ਬਲਕਾਰ ਸਿੰਘ ਵਲਟੋਹਾ ਅਤੇ ਸੀ ਪੀ ਆਈ ਦੇ ਸੂਬਾ ਕੌਂਸਲ ਮੈਂਬਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਬੀ ਜੇ ਪੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇਸ਼ ਵਿੱਚ ਵਸਦੀਆਂ ਘੱਟ ਗਿਣਤੀਆਂ ਦੀ ਕੱਟੜ ਵਿਰੋਧੀ ਹੈ ਅਤੇ ਸਰਕਾਰ ਦੀ ਕੋਸ਼ਿਸ਼ ਹੈ ਕਿ ਇਹ ਹਿੰਦੁਸਤਾਨ ਚੋਂ ਬਾਹਰ ਨਿਕਲ ਜਾਣ। ਆਰ ਐੱਸ ਐੱਸ ਹਿੰਦੁਸਤਾਨ ਨੂੰ ਹਿੰਦੋਸਤਾਨ ਬਣਾ ਕੇ ਹਿੰਦੂਆਂ ਦਾ ਦੇਸ਼ ਦੱਸ ਰਹੀ ਹੈ ਜੋ ਇਤਿਹਾਸ ਨਾਲ ਖਿਲਵਾੜ ਹੈ।ਹਿੰਦੁਸਤਾਨ ਸ਼ਬਦ ਸਿੰਧੂ ਨਦੀ ਤੋਂ ਬਣਿਆ। ਫਾਰਸੀ ਵਿੱਚ ਸਿੰਧੂ ਨੂੰ ਹਿੰਦੂ ਉਚਾਰਿਆ ਜਾਂਦਾ ਸੀ। ਇਸ ਲਈ ਸੀ ਪੀ ਆਈ ਆਰ ਐੱਸ ਐੱਸ ਦੀ ਇਸ ਫਿਰਕੂ ਸੋਚ ਨੂੰ ਕੰਡਮ ਕਰਦੀ ਹੈ। ਕੇਂਦਰ ਸਰਕਾਰ ਵਿਰੁੱਧ ਜਿਹੜਾ ਵੀ ਕੋਈ ਬੁੱਧੀਜੀਵੀ ਜਾਂ ਲੇਖਕ ਲਿਖਦਾ ਜਾਂ ਬੋਲਦਾ ਹੈ ਉਸ ਨੂੰ ਸਰਕਾਰ ਜੇਲ੍ਹ ਵਿੱਚ ਬੰਦ ਕਰ ਦਿੰਦੀ ਹੈ।ਕਈਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ।ਸਾਡੀ ਮੰਗ ਹੈ ਕਿ ਲੇਖਕ ਤੇ ਬੁੱਧੀਜੀਵੀਆਂ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ।ਕੇਂਦਰ ਦੀ ਹਕੂਮਤ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਵੀ ਸਾਡਾ ਅਧਿਕਾਰ ਖੋਹ ਲਿਆ ਹੈ ਪਹਿਲਾਂ ਉਥੇ ਸਾਡਾ ਪਾਵਰ ਦਾ ਅਫ਼ਸਰ ਸੀ। ਇਹ ਹੱਕ ਪੰਜਾਬ ਦਾ ਬਹਾਲ ਹੋਣਾ ਚਾਹੀਦਾ ਹੈ।ਮਾੜੀਮੇਘਾ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਆਵਾਜ਼ ਨਹੀਂ ਉਠਾ ਰਹੀ।ਪੰਜਾਬ ਦੇ ਦਰਿਆਵਾਂ ਦੇ ਪਾਣੀ ਤੇ ਸਿਰਫ ਪੰਜਾਬ ਦਾ ਹੱਕ ਹੈ ਪਰ ਕੇਂਦਰ ਸਰਕਾਰ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਦਿੱਤੀ ਜਾ ਰਹੀ ਹੈ।ਜਦੋਂ ਕਿ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ।ਚੰਡੀਗੜ੍ਹ ਪੰਜਾਬ ਦੀ ਧਰਤੀ ਤੇ ਬਣਿਆ ਹੈ ਅਤੇ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਹੈ ਪਰ ਕੇਂਦਰ ਹਕੂਮਤ ਉਹ ਪੰਜਾਬ ਨੂੰ ਨਹੀਂ ਦੇ ਰਹੀ।ਇਸੇ ਤਰ੍ਹਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਜਾ ਰਹੇ।ਇਸ ਤੋਂ ਇਲਾਵਾ ਨਰੇਗਾ ਕਾਮਿਆਂ ਨੂੰ ਕੰਮ ਪਹਿਲ ਦੇ ਆਧਾਰ ਤੇ ਦਿੱਤਾ ਜਾਵੇ।ਵਿੱਦਿਆ 10+02 ਤੱਕ ਮੁਫ਼ਤ ਤੇ ਲਾਜ਼ਮੀ ਦਿੱਤੀ ਜਾਵੇ। ਨੌਜਵਾਨਾਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ।ਗਰੀਬਾਂ ਨੂੰ ਮੁਫ਼ਤ ਘਰ ਮਿਲਣੇ ਚਾਹੀਦੇ ਹਨ।ਉਕਤ ਮਸਲਿਆਂ ਨੂੰ ਲੈ ਕੇ ਅਤੇ ਪਹਿਲੀ ਸਤੰਬਰ ਨੂੰ ਦਿੱਲੀ ਵਿਖੇ ਹੋ ਰਹੀ ਮਹਾਂਰੈਲੀ ਦੀਆਂ ਤਿਆਰੀਆਂ ਲਈ ਜਨ ਜਾਗਰਨ ਮੁਹਿੰਮ ਚੱਲ ਰਹੀ ਹੈ। ਜਥੇ ਵਿੱਚ ਭਗਵੰਤ ਸਿੰਘ ਤੇ ਘੁੱਕ ਸਿੰਘ ਵੇਈਂਪੂਈਂ, ਗੁਰਚਰਨ ਸਿੰਘ ਕੰਢਾ ਫਤਿਹਾਬਾਦ, ਮੇਜਰ ਸਿੰਘ ਦਾਰਾਪੁਰ, ਜਗੀਰ ਸਿੰਘ ਭਰੋਵਾਲ, ਸੁਖਦੇਵ ਸਿੰਘ ਭਲਾਈਪੁਰ, ਜਤਿੰਦਰ ਕੁਮਾਰ ਤੇ ਸੁਖਵਿੰਦਰ ਮੁਗਲਾਣੀ, ਦਲਬੀਰ ਸਿੰਘ ਸੈਕਟਰੀ, ਜਸਵੰਤ ਸਿੰਘ ਤੇ ਲਵਪ੍ਰੀਤ ਸਿੰਘ ਖਡੂਰ ਸਾਹਿਬ ਮੁੱਖ ਤੌਰ ਤੇ ਸ਼ਾਮਲ ਸਨ।



## ਨੰਨ੍ਹੇ-ਮੁੰਨਿਆਂ ਨੇ ਦੇਸ਼ ਭਗਤੀ ਦੇ ਰੰਗਾਂ ਨਾਲ ਸਜਾਇਆ ਆਜ਼ਾਦੀ ਦਿਹਾੜਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਮਾਤਾ ਸਾਹਿਬ ਕੌਰ ਮਾਡਲ ਸੀਨੀਅਰ ਸੈਕੰਡਰੀ ਸਕੂਲ ਭਰੋਵਾਲ ਵਿਖੇ 15 ਅਗਸਤ ਦਾ ਸਮਾਗਮ ਉਤਸ਼ਾਹ ਨਾਲ ਮਨਾਇਆ। ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਭਰੋਵਾਲ ਵਿਖੇ ਦੇਸ਼ ਦੇ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਬੜੇ ਉਤਸ਼ਾਹ, ਜੋਸ਼ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਕਰਵਾਇਆ ਗਿਆ।ਸਮਾਗਮ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲੈਂਦਿਆਂ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਮਾਗਮ ਦੌਰਾਨ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤਾਂ 'ਤੇ ਨਾਚ, ਕਵਿਤਾਵਾਂ ਅਤੇ ਭਾਸ਼ਣਾਂ ਰਾਹੀਂ ਆਜ਼ਾਦੀ ਦੇ ਮਹੱਤਵ ਨੂੰ ਦਰਸਾਇਆ।ਬੱਚਿਆਂ ਦੀਆਂ ਮਨਮੋਹਕ ਪੇਸ਼ਕਾਰੀਆਂ ਨੇ ਹਾਜ਼ਰ ਦਰਸ਼ਕਾਂ ਦਾ ਮਨ ਮੋਹ ਲਿਆ ਅਤੇ ਪੂਰਾ ਸਕੂਲ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ।ਇਸ ਮੌਕੇ ਸਕੂਲ ਦੀ ਪ੍ਰੈਜ਼ੀਡੈਂਟ ਸੁਖਵਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਤੇਜਿੰਦਰ ਸਿੰਘ, ਸੈਕਟਰੀ ਬਨਵੀਰ ਸਿੰਘ, ਮੈਨੇਜਮੈਂਟ ਕਮੇਟੀ ਮੈਂਬਰ ਸੰਗੀਤ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਨਵਜੋਤੀ ਸਮੇਤ ਸਮੂਹ ਸਟਾਫ਼ ਮੈਂਬਰ ਹਾਜ਼ਰ ਰਹੇ।ਸਕੂਲ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੂੰ ਦੇਸ਼ ਦੇ ਮਹਾਨ ਸੂਰਮਿਆਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ।ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਆਜ਼ਾਦੀ ਦਿਹਾੜੇ ਵਰਗੇ ਸਮਾਗਮ ਬੱਚਿਆਂ ਵਿੱਚ ਦੇਸ਼ ਪ੍ਰਤੀ ਪਿਆਰ, ਏਕਤਾ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।



# ਪ੍ਰਿਯਾਂਕ ਖੜਗੇ ਤੇ ਸੰਘ ਦਾ ਪੇਚਾ

*ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਬੇਟੇ ਤੇ ਕਰਨਾਟਕ ਦੇ ਗ੍ਰਹਿ ਮੰਤਰੀ ਪ੍ਰਿਯਾਂਕ ਖੜਗੇ ਰਾਸ਼ਟਰੀ ਸਵੈਮਸੇਵਕ ਸੰਘ ਨੂੰ ਲਗਾਤਾਰ ਵੰਗਾਰ ਰਹੇ ਹਨ ਤੇ ਹੁਣ ਉਨ੍ਹਾ ਆਜ਼ਾਦੀ ਦਿਵਸ ਦੇ ਸਮਾਗਮ ਵਿੱਚ ਸੰਘ ਦੀ ਭੂਮਿਕਾ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਉਹ ਆਜ਼ਾਦੀ ਸੰਗਰਾਮ ਦੌਰਾਨ ਸ਼ਹੀਦ ਹੋਏ 500 ਕਾਂਗਰਸੀ ਮੈਂਬਰਾਂ ਦੀ ਸੂਚੀ ਦੇ ਸਕਦੇ ਹਨ, ਕੀ ਸੰਘ ਆਪਣੇ 50 ਨਾਵਾਂ ਦੀ ਸੂਚੀ ਦੇ ਸਕਦਾ ਹੈ?*

*ਪ੍ਰਿਯਾਂਕ ਖੜਗੇ ਦਾ ਇਹ ਬਿਆਨ ਕਰਨਾਟਕ ਸਰਕਾਰ ਵੱਲੋਂ ਪ੍ਰਸਤਾਵਤ ਕਰਨਾਟਕ ਰੈਗੂਲੇਸ਼ਨ ਆਫ ਯੂਜ਼ ਆਫ ਗਵਰਨਮੈਂਟ ਪ੍ਰੀਮਾਈਸਿਸ ਐਂਡ ਪਬਲਿਕ ਪ੍ਰਾਪਰਟੀ ਬਿੱਲ, 2026 ਨੂੰ ਲੈ ਕੇ ਭਾਜਪਾ ਅਤੇ ਕਾਂਗਰਸ ਵਿਚਕਾਰ ਪਹਿਲਾਂ ਹੀ ਚੱਲ ਰਹੇ ਟਕਰਾਅ ਦੇ ਵਿਚਕਾਰ ਆਇਆ ਹੈ। ਇਸ ਬਿੱਲ ਵਿੱਚ ਸਰਕਾਰੀ ਅਹਾਤਿਆਂ ਅਤੇ ਜਨਤਕ ਜਾਇਦਾਦ ਦੀ ਵਰਤੋਂ ਕਰਨ ਲਈ ਇਜਾਜ਼ਤ ਲੈਣ ਦੀ ਲੋੜ ਹੋਵੇਗੀ। ਭਾਜਪਾ ਦੋਸ਼ ਲਗਾਉਂਦੀ ਹੈ ਕਿ ਇਹ ਸੰਘ ਦੀਆਂ ਸ਼ਾਖਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਹੈ। ਇਸ ਦੇ ਜਵਾਬ ਵਿੱਚ ਖੜਗੇ ਨੇ ਕਿਹਾ ਕਿ ਇਹ ਬਿੱਲ ਕਿਸੇ ਇੱਕ ਸੰਗਠਨ ਦੇ ਖਿਲਾਫ ਨਹੀਂ ਹੈ। ਇਸ ਵਿੱਚ ਕਿਤੇ ਵੀ ਕਿਸੇ ਸੰਗਠਨ, ਸੰਸਥਾ ਜਾਂ ਸਿਆਸੀ ਪਾਰਟੀ ਦਾ ਨਾਂਅ ਨਹੀਂ ਹੈ। ਜਨਤਕ ਥਾਵਾਂ 'ਤੇ ਕਿਸੇ ਵੀ ਸਮਾਗਮ, ਰੈਲੀ ਜਾਂ ਇਕੱਠ ਲਈ ਸਮਰੱਥ ਅਧਿਕਾਰੀ ਤੋਂ ਇਜਾਜ਼ਤ ਦੀ ਲੋੜ ਹੋਵੇਗੀ। ਹਾਲਾਂਕਿ ਇਹ ਕਾਨੂੰਨ ਨਿੱਜੀ ਥਾਵਾਂ 'ਤੇ ਹੋਣ ਵਾਲੀਆਂ ਸਰਗਰਮੀਆਂ ਨੂੰ ਪ੍ਰਭਾਵਤ ਨਹੀਂ ਕਰੇਗਾ। ਸੰਘ ਜਾਂ ਹੋਰ ਸੰਸਥਾਵਾਂ ਜੋ ਵੀ ਸਰਗਰਮੀ ਕਰਨੀਆਂ ਚਾਹੁੰਦੀਆਂ ਹਨ, ਆਪਣੀ ਥਾਂ ਜਾਂ ਆਪਣੇ ਦਫਤਰ ਵਿੱਚ ਕਰਨ। ਸਰਕਾਰ ਨੂੰ ਜਨਤਕ ਜਾਇਦਾਦ ਅਤੇ ਸਰਕਾਰੀ ਥਾਵਾਂ ਦੀ ਵਰਤੋਂ ਨੂੰ ਨਿਯਮਤ ਕਰਨ ਦਾ ਅਧਿਕਾਰ ਹੈ।*

*ਇਸ ਤੋਂ ਪਹਿਲਾਂ ਖੜਗੇ ਨੇ ਸੰਘ ਮੁਖੀ ਮੋਹਨ ਭਾਗਵਤ ਨੂੰ ਪੱਤਰ ਲਿਖ ਕੇ ਸੰਘ ਦੀ ਰਜਿਸਟ੍ਰੇਸ਼ਨ, ਕਾਨੂੰਨੀ ਸਥਿਤੀ ਅਤੇ ਫੰਡਿੰਗ ਦੇ ਵੇਰਵਿਆਂ ਦੀ ਮੰਗ ਕੀਤੀ ਸੀ। ਖੜਗੇ ਨੇ ਲਿਖਿਆ ਸੀ ਕਿ ਸੰਘ ਇੱਕ ਬਹੁਤ ਵੱਡਾ ਸੰਗਠਨ ਹੈ, ਇਸ ਦੀਆਂ 60 ਹਜ਼ਾਰ ਤੋਂ ਵੱਧ ਸ਼ਾਖਾਵਾਂ ਚੱਲ ਰਹੀਆਂ ਹਨ, ਇੰਨਾ ਵੱਡਾ ਸੰਗਠਨ ਕਾਨੂੰਨ ਤੋਂ ਉੱਪਰ ਨਹੀਂ ਰਹਿ ਸਕਦਾ। ਇਹ ਕਾਨੂੰਨੀ ਸਥਿਤੀ, ਜਵਾਬਦੇਹੀ, ਵਿੱਤੀ ਪਾਰਦਰਸ਼ਤਾ, ਕਾਨੂੰਨ ਵਿਵਸਥਾ, ਪ੍ਰਵਾਨਗੀਆਂ, ਫੰਡਿੰਗ ਸਰੋਤਾਂ ਅਤੇ ਭਾਰਤ ਦੇ ਸੰਵਿਧਾਨ ਅਤੇ ਕਾਨੂੰਨਾਂ ਦੀ ਪਾਲਣਾ ਦਾ ਸਵਾਲ ਹੈ। ਸੰਵਿਧਾਨਕ ਲੋਕਤੰਤਰ ਵਿੱਚ ਕੋਈ ਵੀ ਸੰਗਠਨ ਭਾਵੇਂ ਕਿੰਨਾ ਵੀ ਪੁਰਾਣਾ ਜਾਂ ਵੱਡਾ ਹੋਵੇ, ਜਾਂਚ ਤੋਂ ਉੱਪਰ ਨਹੀਂ ਹੋ ਸਕਦਾ। ਜੇ ਸੰਘ ਰਾਸ਼ਟਰਵਾਦ, ਅਨੁਸ਼ਾਸਨ ਅਤੇ ਕਰਤੱਵ ਬਾਰੇ ਗੱਲ ਕਰਦਾ ਹੈ ਤਾਂ ਇਸ ਨੂੰ ਖੁਦ ਇਨ੍ਹਾਂ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਸੰਘ ਮੁਖੀ ਮੋਹਨ ਭਾਗਵਤ ਨੇ ਖੜਗੇ ਦੀ ਮੰਗ ਰੱਦ ਕਰਦਿਆਂ ਕਿਹਾ ਸੀ, ਸੰਘ ਨੂੰ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ, ਕਿਉਂਕਿ ਇਸ ਨੂੰ ਕੋਈ ਸਰਕਾਰੀ ਫੰਡ ਨਹੀਂ ਮਿਲਦਾ। ਇਹ ਸੰਗਠਨ ਪਿਛਲੇ 100 ਸਾਲਾਂ ਤੋਂ ਰਜਿਸਟ੍ਰੇਸ਼ਨ ਤੋਂ ਬਿਨਾਂ ਕੰਮ ਕਰ ਰਿਹਾ ਹੈ। ਹਿੰਦੂ ਧਰਮ ਵੀ ਰਜਿਸਟਰਡ ਨਹੀਂ ਹੈ। ਸਰਕਾਰੀ ਫੰਡ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਨੂੰ ਰਜਿਸਟਰ ਕਰਨਾ ਜ਼ਰੂਰੀ ਹੈ। ਅੱਜ ਤੱਕ ਕਿਸੇ ਨੇ ਸਾਨੂੰ ਰਜਿਸਟ੍ਰੇਸ਼ਨ ਲਈ ਨਹੀਂ ਕਿਹਾ। ਭਾਜਪਾ ਨੇਤਾ ਬੀ ਐੱਲ ਸੰਤੋਸ਼ ਨੇ ਵੀ ਕਿਹਾ ਸੀ ਕਿ ਕਿਸੇ ਸੰਗਠਨ ਦਾ ਵਜੂਦ ਸਿਰਫ ਰਜਿਸਟ੍ਰੇਸ਼ਨ ਨਾਲ ਨਿਰਧਾਰਤ ਨਹੀਂ ਹੁੰਦਾ। ਸੰਘ ਪਹਿਲਾਂ ਵੀ ਰਜਿਸਟਰਡ ਨਹੀਂ ਸੀ ਅਤੇ ਇਹ ਅੱਜ ਵੀ ਰਜਿਸਟਰਡ ਨਹੀਂ ਹੈ, ਪਰ ਇਸ ਦਾ ਵਜੂਦ ਲੱਖਾਂ ਲੋਕਾਂ ਦੇ ਭਰੋਸੇ 'ਤੇ ਬਣਿਆ ਹੈ। ਇੱਕ ਸੰਗਠਨ ਨੂੰ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੁੰਦੀ, ਇਸ ਨੂੰ ਸਮਾਜ ਦੇ ਭਰੋਸੇ ਦੀ ਲੋੜ ਹੁੰਦੀ ਹੈ। ਭਾਰਤ ਦੀ ਆਜ਼ਾਦੀ ਸਿਰਫ ਨਮਕ ਸੱਤਿਆਗ੍ਰਹਿ ਜਾਂ ਚਰਖਾ ਕੱਤਣ ਨਾਲ ਨਹੀਂ, ਸਗੋਂ ਲੱਖਾਂ ਆਜ਼ਾਦੀ ਘੁਲਾਟੀਆਂ ਅਤੇ ਸੈਨਿਕਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਹੋਈ ਸੀ। ਖੜਗੇ ਨੇ ਸੰਘ ਦੀ ਇਸ ਦਲੀਲ 'ਤੇ ਕਿਹਾ ਕਿ ਉਹ ਸੰਘ ਨੂੰ ਨਿਸ਼ਾਨਾ ਨਹੀਂ ਬਣਾ ਰਹੇ ਤੇ ਨਾ ਹੀ ਉਸ 'ਤੇ ਪਾਬੰਦੀ ਲਾਉਣ ਦੀ ਗੱਲ ਕਰ ਰਹੇ ਹਨ। ਸੰਘ ਖੁਦ ਹੀ ਕਹਿ ਰਿਹਾ ਹੈ ਕਿ ਉਹ ਰਜਿਸਟਰਡ ਨਹੀਂ ਹੈ ਤੇ ਪਾਬੰਦੀ ਰਜਿਸਟਰਡ ਸੰਗਠਨ 'ਤੇ ਲੱਗਦੀ ਹੁੰਦੀ ਹੈ।*

*ਕਰਨਾਟਕ ਸਰਕਾਰ ਨੂੰ ਜਨਤਕ ਜਾਇਦਾਦ ਦੀ ਵਰਤੋਂ ਲਈ ਸਰਕਾਰ ਤੋਂ ਇਜਾਜ਼ਤ ਲੈਣ ਦਾ ਬਿੱਲ ਹਰ ਹਾਲਤ ਵਿੱਚ ਪਾਸ ਕਰਾਉਣਾ ਚਾਹੀਦਾ ਹੈ ਅਤੇ ਪ੍ਰਿਯਾਂਕ ਖੜਗੇ ਨੂੰ ਵੀ ਦੁਨੀਆ ਦਾ ਸਭ ਤੋਂ ਵੱਡਾ ਐੱਨ ਜੀ ਓ ਅਖਵਾਉਣ ਵਾਲੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਰਜਿਸਟ੍ਰੇਸ਼ਨ ਕਰਾਉਣ ਲਈ ਆਪਣਾ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ ਤਾਂ ਕਿ ਪਤਾ ਲੱਗੇ ਕਿ ਇਸ ਨੂੰ ਫੰਡ ਕਿੱਥੋਂ ਆਉਂਦਾ ਹੈ?*

## ਗੁੱਸੇ ਦਾ ਪ੍ਰਗਟਾਵਾ

*ਰਾਜ-ਭਾਗ ਦੇ 'ਨਸ਼ੇ' ਵਿੱਚ ਡੁੱਬ ਕੇ ਜੀ,*
*ਲੀਡਰ ਕਰ ਹੀ ਲੈਂਦੇ ਐ 'ਕਾਰਿਆਂ' ਨੂੰ।*
*'ਤਪੋਂ ਰਾਜ ਤੇ ਰਾਜ ਤੋਂ ਨਰਕ' ਸੁਣਿਆ,*
*ਤੱਥ ਦਿਨੇ ਦਿਖਾਵੇ ਫਿਰ 'ਤਾਰਿਆਂ' ਨੂੰ।*
*'ਮੌਕਾ ਮਿਲਦਿਆਂ' ਦੇਰ-ਸਵੇਰ ਭਾਈ,*
*ਕੱਢ ਲਵੇ ਕੋਈ ਦਿਲੀ 'ਅਫਾਰਿਆਂ' ਨੂੰ।*
*ਚੀਚੀ ਉਂਗਲ 'ਤੇ ਲੱਗੇ ਜੇ ਖੂਨ ਤੁਪਕਾ,*
*ਲਾਉਂਦੇ ਉੱਚੀ 'ਸ਼ਹੀਦੀ' ਦੇ ਨਾਰਿਆਂ ਨੂੰ।*
*ਅਰਥ 'ਆਪਣੇ ਮਤਲਬ ਦੇ' ਕੱਢ ਲੈਂਦੇ,*
*ਜਨਤਾ ਵੱਲੋਂ ਦਿਖਾਲੀਆਂ ਤਲਖੀਆਂ ਦੇ।*
*ਦੇਸ਼ ਕੌਮ ਨਾਲ ਕਰੀਆਂ ਵਧੀਕੀਆਂ ਦਾ,*
*ਗੁੱਸਾ ਦਿਲਾਂ ਵਿੱਚ ਹੁੰਦਾ ਏ ਅਣਖੀਆਂ ਦੇ!*

**-ਤਰਲੋਚਨ ਸਿੰਘ ਦੁਪਾਲਪੁਰ, 001-408-905-5517**

# ਜਮਾਤੀ ਸੰਘਰਸ਼ ਨੂੰ ਮਜ਼ਬੂਤ ਕਰਨਾ ਅਤੀ ਜ਼ਰੂਰੀ

***(ਜਾਤ-ਪਾਤ ਦਾ ਖ਼ਾਤਮਾ ਜਾਤੀ ਟਕਰਾਅ ਰਾਹੀਂ ਨਹੀਂ ਹੋ ਸਕਦਾ। ਇਸ ਲਈ ਸਾਰੇ ਸ਼ੋਸ਼ਿਤ ਅਤੇ ਦੱਬੇ-ਕੁਚਲੇ ਲੋਕਾਂ ਦੀ ਏਕਤਾ, ਸਮਾਜਿਕ ਸੁਧਾਰ, ਵਿਗਿਆਨਕ ਚੇਤਨਾ ਅਤੇ ਆਰਥਿਕ ਸ਼ੋਸ਼ਣ ਵਿਰੁੱਧ ਨਿਰੰਤਰ ਸੰਘਰਸ਼ ਜ਼ਰੂਰੀ ਹੈ। ਟਰੇਡ ਯੂਨੀਅਨਾਂ ਦੀ ਅਗਵਾਈ ਵਾਲੀਆਂ ਮਜ਼ਦੂਰ ਲਹਿਰਾਂ ਦੀ ਇਸ ਮਾਮਲੇ ਵਿੱਚ ਵੱਡੀ ਜ਼ਿੰਮੇਵਾਰੀ ਅਤੇ ਹਿੱਸੇਦਾਰੀ ਹੈ।)***



**ਡਾ. ਅਰੁਣ ਮਿਤਰਾ**

ਭਾਰਤੀ ਸਮਾਜ ਇਤਿਹਾਸਕ ਤੌਰ 'ਤੇ ਕਿਸੇ ਵਿਅਕਤੀ ਦੀ ਯੋਗਤਾ, ਕਾਬਲੀਅਤ ਜਾਂ ਪ੍ਰਾਪਤੀਆਂ ਦੇ ਆਧਾਰ 'ਤੇ ਨਹੀਂ, ਸਗੋਂ ਵੱਡੇ ਪੱਧਰ 'ਤੇ ਉਸ ਪਰਵਾਰ ਅਤੇ ਜਾਤ ਦੇ ਆਧਾਰ 'ਤੇ ਵੰਡਿਆ ਗਿਆ, ਜਿਸ ਵਿੱਚ ਉਹ ਜਨਮਿਆ। ਕਿਸੇ ਵਿਅਕਤੀ ਦੀ ਪਛਾਣ ਪਰਵਾਰ ਜਾਂ ਗੋਤ ਦੇ ਆਧਾਰ 'ਤੇ ਕਰਨਾ ਭਾਵੇਂ ਸਮਾਜਿਕ ਪੱਖੋਂ ਆਪਣਾ ਕੋਈ ਮਕਸਦ ਰੱਖ ਸਕਦਾ ਹੈ, ਪਰ ਜਾਤ ਨੂੰ ਉਚ-ਨੀਚ ਦੀ ਪੌੜੀ ਬਣਾਉਣਾ ਡੂੰਘੀਆਂ ਅਤੇ ਵੰਡ ਪੈਦਾ ਕਰਨ ਵਾਲੀਆਂ ਅਸਮਾਨਤਾਵਾਂ ਨੂੰ ਜਨਮ ਦਿੰਦਾ ਹੈ। ਜਾਤ-ਪ੍ਰਥਾ ਨੂੰ ਮਨੂ ਸਮ੍ਰਿਤੀ ਵਿੱਚ ਵਿਵਸਥਿਤ ਰੂਪ ਦਿੱਤਾ ਗਿਆ, ਜਿਸ ਨੇ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡ ਕੇ ਦਰਜਾਬੱਧ ਅਸਮਾਨਤਾ ਨੂੰ ਸੰਸਥਾਗਤ ਰੂਪ ਦਿੱਤਾ।

ਜਾਤ ਦਾ ਸੰਬੰਧ ਪੇਸ਼ੇ ਨਾਲ ਵੀ ਗੂੜ੍ਹਾ ਰਿਹਾ ਹੈ। ਹੱਥੀਂ ਕੰਮ ਕਰਨ ਵਾਲੇ ਅਤੇ ਅਖੌਤੀ ਅਪਵਿੱਤਰ ਕੰਮਾਂ ਨਾਲ ਜੁੜੇ ਲੋਕਾਂ ਨੂੰ ਅਛੂਤ ਕਰਾਰ ਦਿੱਤਾ ਗਿਆ ਅਤੇ ਸਮਾਜ ਲਈ ਉਨ੍ਹਾਂ ਦੀ ਅਤਿ-ਜ਼ਰੂਰੀ ਭੂਮਿਕਾ ਦੇ ਬਾਵਜੂਦ ਉਨ੍ਹਾਂ ਨੂੰ ਬੁਨਿਆਦੀ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਰੱਖਿਆ ਗਿਆ। ਉਨ੍ਹਾਂ ਨੂੰ ਸਿੱਖਿਆ, ਜਨਤਕ ਥਾਵਾਂ ਤੱਕ ਪਹੁੰਚ, ਸਮਾਜਿਕ ਮੇਲ-ਜੋਲ ਅਤੇ ਇੱਥੋਂ ਤੱਕ ਕਿ ਦੂਜਿਆਂ ਨਾਲ ਇਕੱਠੇ ਖਾਣ ਜਾਂ ਪਰਿਵਾਰਕ ਰਿਸ਼ਤੇ ਬਣਾਉਣ ਦੇ ਅਧਿਕਾਰ ਤੋਂ ਵੀ ਵਾਂਝਾ ਰੱਖਿਆ ਗਿਆ। ਸਦੀਆਂ ਤੱਕ ਚੱਲੀਆਂ ਇਨ੍ਹਾਂ ਪ੍ਰਥਾਵਾਂ ਨੇ ਜਾਤੀ ਪੱਖਪਾਤ ਨੂੰ ਸਮਾਜਿਕ ਸੰਸਥਾਵਾਂ ਅਤੇ ਲੋਕਾਂ ਦੀ ਚੇਤਨਾ ਵਿੱਚ ਡੂੰਘਾਈ ਨਾਲ ਜੜ੍ਹਾਂ ਪੱਕੀਆਂ ਕਰਨ ਵਿੱਚ ਮਦਦ ਕੀਤੀ।

ਪਰ ਜਾਤੀ ਜ਼ੁਲਮ ਨੂੰ ਕਦੇ ਵੀ ਬਿਨਾਂ ਚੁਣੌਤੀ ਦੇ ਸਵੀਕਾਰ ਨਹੀਂ ਕੀਤਾ ਗਿਆ। ਬੁੱਧ ਧਰਮ ਅਤੇ ਭਗਤੀ ਲਹਿਰ ਨੇ ਜਨਮ-ਆਧਾਰਤ ਉਚ-ਨੀਚ ਨੂੰ ਚੁਣੌਤੀ ਦਿੱਤੀ। ਬੁੱਧ ਨੇ ਬ੍ਰਾਹਮਣਵਾਦੀ ਉੱਚਤਾ ਨੂੰ ਨਕਾਰਦਿਆਂ ਕਿਹਾ ਕਿ ਕਿਸੇ ਵਿਅਕਤੀ ਦੀ ਮਹਾਨਤਾ ਦਾ ਨਿਰਣਾ ਉਸ ਦੇ ਜਨਮ ਨਾਲ ਨਹੀਂ, ਸਗੋਂ ਉਸ ਦੇ ਆਚਰਨ ਅਤੇ ਕਰਮਾਂ ਨਾਲ ਹੋਣਾ ਚਾਹੀਦਾ ਹੈ। ਭਗਤੀ ਲਹਿਰ ਦੇ ਅਨੇਕਾਂ ਸੰਤਾਂ ਨੇ ਧਾਰਮਿਕ ਅਤੇ ਸਮਾਜਿਕ ਜੀਵਨ 'ਤੇ ਜਾਤੀ-ਆਧਾਰਤ ਏਕਾਧਿਕਾਰ ਨੂੰ ਚੁਣੌਤੀ ਦਿੱਤੀ।

19ਵੀਂ ਸਦੀ ਵਿੱਚ ਜੋਤੀਬਾ ਰਾਓ ਫੂਲੇ ਇੱਕ ਪ੍ਰਭਾਵਸ਼ਾਲੀ ਜਾਤੀ-ਵਿਰੋਧੀ ਚਿੰਤਕ ਵਜੋਂ ਉਭਰੇ। ਉਨ੍ਹਾ 1873 ਵਿੱਚ ਸਥਾਪਤ ਕੀਤੀ 'ਸਤਿਆਸ਼ੋਧਕ ਸਮਾਜ' ਰਾਹੀਂ ਦੱਬੀਆਂ-ਕੁਚਲੀਆਂ ਜਾਤਾਂ ਦੇ ਅਧਿਕਾਰਾਂ ਲਈ ਸੰਘਰਸ਼ ਕੀਤਾ। ਸਾਵਿਤ੍ਰੀ ਬਾਈ ਫੂਲੇ 19ਵੀਂ ਸਦੀ ਦੀ ਮਹਾਨ ਸਮਾਜ ਸੁਧਾਰਕ ਸਨ। ਉਨ੍ਹਾਂ ਆਪਣੇ ਪਤੀ ਫੂਲੇ ਦੇ ਨਾਲ ਮਿਲ ਕੇ 1848 ਵਿੱਚ ਪੁਣੇ ਦੇ ਭੀਡੇ ਵਾੜਾ ਵਿਖੇ ਭਾਰਤ ਵਿੱਚ ਲੜਕੀਆਂ ਲਈ ਪਹਿਲੇ ਸਕੂਲ ਦੀ ਸਥਾਪਨਾ ਕੀਤੀ। ਸਾਵਿਤ੍ਰੀ ਬਾਈ ਫੂਲੇ ਅਤੇ ਫਾਤਿਮਾ ਸ਼ੇਖ 19ਵੀਂ ਸਦੀ ਦੀਆਂ ਮੋਹਰੀ ਭਾਰਤੀ ਸਿੱਖਿਆ ਸ਼ਾਸਤਰੀਆਂ, ਨੇੜਲੀਆਂ ਸਹੇਲੀਆਂ ਅਤੇ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਮਿਲ ਕੇ ਪੁਣੇ ਵਿੱਚ ਲੜਕੀਆਂ ਅਤੇ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਲਈ ਸਕੂਲ ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੌਰਾਨ ਉਨ੍ਹਾਂ ਨੂੰ ਤਿੱਖੇ ਸਮਾਜਿਕ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਮਿਲ ਕੇ ਔਰਤਾਂ ਦੀ ਸਿੱਖਿਆ ਲਈ ਮਜ਼ਬੂਤ ਨੀਂਹ ਰੱਖੀ।

ਡਾ. ਬੀ ਆਰ ਅੰਬੇਡਕਰ ਨੇ ਜਾਤ-ਪ੍ਰਥਾ ਵਿਰੁੱਧ ਸੰਘਰਸ਼ ਨੂੰ ਇਤਿਹਾਸਕ ਅਤੇ ਸਮਝੌਤਾ-ਰਹਿਤ ਦਿਸ਼ਾ ਦਿੱਤੀ। ਉਨ੍ਹਾ ਦੀ ਪ੍ਰਸਿੱਧ ਰਚਨਾ 'ਜਾਤ-ਪਾਤ ਦਾ ਵਿਨਾਸ਼' (Annihilation of Caste) ਸਮਾਜਿਕ ਅਸਮਾਨਤਾ ਦੀਆਂ ਸਭ ਤੋਂ ਤਿੱਖੀਆਂ ਆਲੋਚਨਾਵਾਂ ਵਿੱਚੋਂ ਇੱਕ ਹੈ। ਉਨ੍ਹਾ ਸਮਝਿਆ ਕਿ ਜਾਤ ਮਜ਼ਦੂਰ ਲੋਕਾਂ ਨੂੰ ਆਪਸ ਵਿੱਚ ਵੰਡ ਦਿੰਦੀ ਹੈ। ਇਸ ਦੇ ਨਾਲ ਹੀ, ਭਾਰਤ ਦੀ ਆਜ਼ਾਦੀ ਦੀ ਲਹਿਰ ਨੇ ਇਤਿਹਾਸਕ ਤੌਰ 'ਤੇ ਦੱਬੇ-ਕੁਚਲੇ ਵਰਗਾਂ ਲਈ ਸੰਵਿਧਾਨਕ ਸੁਰੱਖਿਆ ਅਤੇ ਪ੍ਰਗਤੀਸ਼ੀਲ ਕਾਨੂੰਨ ਬਣਾਉਣ ਲਈ ਰਾਜਨੀਤਕ ਮੌਕਾ ਪੈਦਾ ਕੀਤਾ। ਸੰਵਿਧਾਨ ਨੇ ਸਮਾਜਿਕ-ਆਰਥਿਕ ਬਰਾਬਰੀ ਲਈ ਜਾਰੀ ਸੰਘਰਸ਼ ਨੂੰ ਇੱਕ ਮਹੱਤਵਪੂਰਨ ਬੁਨਿਆਦ ਪ੍ਰਦਾਨ ਕੀਤੀ। ਜਾਤੀ-ਆਧਾਰਤ ਵਿਤਕਰੇ ਵਿਰੁੱਧ ਵਿਚਾਰਾਂ ਨੂੰ ਭਾਰਤੀ ਰਾਜਨੀਤਕ ਮੰਚ 'ਤੇ ਮਹੱਤਵਪੂਰਨ ਸਥਾਨ ਦਿਵਾਉਣ ਵਿੱਚ ਮਹਾਤਮਾ ਗਾਂਧੀ ਦਾ ਵਡਮੁੱਲਾ ਯੋਗਦਾਨ ਰਿਹਾ। ਜਵਾਹਰ ਲਾਲ ਨਹਿਰੂ ਨੇ ਵਿਗਿਆਨਕ ਸੋਚ ਨੂੰ ਉਤਸ਼ਾਹਤ ਕੀਤਾ ਅਤੇ ਧਰਮ, ਖੇਤਰ, ਜਾਤ ਜਾਂ ਲਿੰਗ ਸਮੇਤ ਕਿਸੇ ਵੀ ਕਿਸਮ ਦੇ ਵਿਤਕਰੇ ਵਿਰੁੱਧ ਆਵਾਜ਼ ਉਠਾਈ।

ਕਮਿਊਨਿਸਟਾਂ ਅਤੇ ਹੋਰ ਅਗਾਂਹਵਧੂ ਤਾਕਤਾਂ ਨੇ ਜਾਤੀ ਵਿਤਕਰੇ ਨੂੰ ਚੁਣੌਤੀ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਜਮਾਤ-ਰਹਿਤ ਅਤੇ ਸ਼ੋਸ਼ਣ-ਮੁਕਤ ਸਮਾਜ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਕਮਿਊਨਿਸਟ ਕਾਰਕੁਨ ਉਨ੍ਹਾਂ ਲੋਕਾਂ ਦੇ ਘਰਾਂ ਵਿੱਚ ਗਏ, ਜਿਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ, ਉਨ੍ਹਾਂ ਨਾਲ ਮਿਲ ਕੇ ਖਾਣਾ ਖਾਧਾ, ਉਨ੍ਹਾਂ ਵਿੱਚ ਰਹੇ ਅਤੇ ਏਕਤਾ ਤੇ ਸਾਂਝ ਦੇ ਰਿਸ਼ਤੇ ਕਾਇਮ ਕੀਤੇ। ਅਜਿਹਾ ਕਰਨ ਕਾਰਨ ਕਈਆਂ ਨੂੰ ਸਮਾਜਿਕ ਬਾਈਕਾਟ ਦਾ ਸਾਹਮਣਾ ਵੀ ਕਰਨਾ ਪਿਆ।

ਵਿਗਿਆਨਕ ਅਤੇ ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਦੇਖਿਆਂ ਜਾਤੀ ਜ਼ੁਲਮ, ਆਰਥਿਕ ਸ਼ੋਸ਼ਣ ਦੀਆਂ ਵਿਵਸਥਾਵਾਂ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ। ਇਤਿਹਾਸਕ ਤੌਰ 'ਤੇ ਜਾਤ ਨੇ ਜਗੀਰੂ ਅਤੇ ਪੂੰਜੀਵਾਦੀ ਦਬਦਬੇ ਦੀਆਂ ਸੰਰਚਨਾਵਾਂ ਨੂੰ ਕਾਇਮ ਰੱਖਣ ਵਿੱਚ ਭੂਮਿਕਾ ਨਿਭਾਈ ਹੈ।

ਮਜ਼ਦੂਰਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਜਾਤ ਅਤੇ ਧਰਮ ਦੀਆਂ ਹੱਦਾਂ ਤੋਂ ਉੱਪਰ ਉਠ ਕੇ ਇਕਜੁੱਟ ਹੋਣਾ ਚਾਹੀਦਾ ਹੈ। ਮਜ਼ਦੂਰ ਜਮਾਤ ਅੰਦਰ ਜਾਤ ਜਾਂ ਧਰਮ ਦੇ ਆਧਾਰ 'ਤੇ ਪੈਦਾ ਕੀਤੀਆਂ ਵੰਡਾਂ ਉਸ ਦੀ ਸਾਂਝੀ ਤਾਕਤ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਸ਼ੋਸ਼ਣ ਦੀਆਂ ਅਸਲ ਸੰਰਚਨਾਵਾਂ ਤੋਂ ਧਿਆਨ ਭਟਕਾ ਸਕਦੀਆਂ ਹਨ। ਬਦਕਿਸਮਤੀ ਨਾਲ ਕੁਝ ਰਾਜਨੀਤਕ ਆਗੂਆਂ ਨੇ ਸੱਤਾ ਹਾਸਲ ਕਰਨ ਲਈ ਮੁੱਖ ਤੌਰ 'ਤੇ ਜਾਤੀ ਦੇ ਆਧਾਰ 'ਤੇ ਲੋਕਾਂ ਨੂੰ ਲਾਮਬੰਦ ਕੀਤਾ ਹੈ। ਅਜਿਹੀ ਰਾਜਨੀਤੀ, ਬਿਨਾਂ ਉਨ੍ਹਾਂ ਆਰਥਿਕ ਅਤੇ ਸਮਾਜਿਕ ਢਾਂਚਿਆਂ ਨੂੰ ਸੰਬੋਧਿਤ ਕੀਤੇ, ਜੋ ਅਸਮਾਨਤਾ ਨੂੰ ਕਾਇਮ ਰੱਖਦੇ ਹਨ, ਪਛਾਣ-ਅਧਾਰਤ ਵੰਡਾਂ ਨੂੰ ਮਜ਼ਬੂਤ ਕਰ ਸਕਦੀ ਹੈ। ਅਸਲ ਮੁਕਤੀ ਲਈ ਸਮਾਜਿਕ ਮਾਣ-ਸਨਮਾਨ ਅਤੇ ਆਰਥਿਕ ਨਿਆਂ, ਦੋਵਾਂ ਦੀ ਲੋੜ ਹੁੰਦੀ ਹੈ।

ਇਸ ਲਈ ਕਮਿਊਨਿਸਟ ਅੰਦੋਲਨ ਨੇ ਜਮਾਤੀ ਏਕਤਾ, ਵਿਗਿਆਨਕ ਸੋਚ ਅਤੇ ਸ਼ੋਸ਼ਣ ਦੇ ਵਿਰੋਧ ਦੇ ਆਧਾਰ 'ਤੇ ਸਾਰੇ ਦੱਬੇ-ਕੁਚਲੇ ਵਰਗਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਾਤੀ ਵਿਰੋਧਾਂ ਨੂੰ ਉਨ੍ਹਾਂ ਸਾਂਝੇ ਜਮਾਤੀ ਹਿੱਤਾਂ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ, ਜੋ ਸਾਰੇ ਸ਼ੋਸ਼ਿਤ ਲੋਕਾਂ ਨੂੰ ਆਪਸ ਵਿੱਚ ਜੋੜਦੇ ਹਨ। ਸਾਡਾ ਕੰਮ ਸ਼ੋਸ਼ਣ ਵਿਰੁੱਧ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਅਤੇ ਨਾਲ ਹੀ ਉਨ੍ਹਾਂ ਸਮਾਜਿਕ ਵੰਡਾਂ ਨੂੰ ਕਮਜ਼ੋਰ ਕਰਨਾ ਹੈ, ਜੋ ਜਾਤ-ਪ੍ਰਥਾ ਨੂੰ ਕਾਇਮ ਰੱਖਦੀਆਂ ਹਨ।

ਇਸ ਲਈ ਤਰਕਸ਼ੀਲ ਅਤੇ ਅਗਾਂਹਵਧੂ ਤਾਕਤਾਂ ਦੀ ਦੋਹਰੀ ਜ਼ਿੰਮੇਵਾਰੀ ਹੈ—ਜਮਾਤੀ ਸੰਘਰਸ਼ ਨੂੰ ਅੱਗੇ ਵਧਾਉਣਾ ਅਤੇ ਨਾਲ ਹੀ ਜਾਤੀ ਪੱਖਪਾਤ ਤੇ ਸਮਾਜਿਕ ਵਿਤਕਰੇ ਵਿਰੁੱਧ ਲੜਨਾ। ਵਿਗਿਆਨਕ ਚੇਤਨਾ ਨੂੰ ਅੰਧਵਿਸ਼ਵਾਸ ਅਤੇ ਪੀੜ੍ਹੀ-ਦਰ-ਪੀੜ੍ਹੀ ਚੱਲੇ ਆ ਰਹੇ ਪੱਖਪਾਤ ਦੀ ਥਾਂ ਲੈਣੀ ਚਾਹੀਦੀ ਹੈ। ਜਾਤੀ ਜ਼ੁਲਮ ਅਤੇ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਗਿਆਨ, ਸਨਮਾਨ ਅਤੇ ਸਾਂਝੀ ਜਥੇਬੰਦੀ ਰਾਹੀਂ ਸਸ਼ਕਤ ਕਰਨਾ ਜ਼ਰੂਰੀ ਹੈ।

**# ਸੰਪਰਕ: 94170-00360**

# ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਸਭ ਤੋਂ ਵੱਡੀ ਲੋੜ



**ਯੋਗੇਸ਼ਵਰ**

ਪੰਜਾਬ ਨੂੰ ਦੇਸ਼ ਦਾ ਖੁਸ਼ਹਾਲ ਅਤੇ ਤਰੱਕੀਸ਼ੀਲ ਸੂਬਾ ਕਿਹਾ ਜਾਂਦਾ ਹੈ, ਪਰ ਅੱਜ ਵੀ ਵੱਡੀ ਗਿਣਤੀ ਵਿੱਚ ਨੌਜਵਾਨ ਰੋਜ਼ਗਾਰ ਦੀ ਭਾਲ ਵਿੱਚ ਹਨ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਨਾ ਮਿਲਣਾ ਨੌਜਵਾਨਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਕਈ ਨੌਜਵਾਨ ਸਰਕਾਰੀ ਨੌਕਰੀ ਦੀ ਤਿਆਰੀ ਕਰਦੇ ਹੋਏ ਸਾਲਾਂ ਤੱਕ ਇੰਤਜ਼ਾਰ ਕਰਦੇ ਹਨ, ਜਦਕਿ ਦੂਜੇ ਪਾਸੇ ਨਿੱਜੀ ਖੇਤਰ ਵਿੱਚ ਵੀ ਯੋਗਤਾ ਅਨੁਸਾਰ ਸਥਿਰ ਅਤੇ ਚੰਗੀਆਂ ਤਨਖ਼ਾਹ ਵਾਲੀਆਂ ਨੌਕਰੀਆਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਅੱਜ ਦੇ ਸਮੇਂ ਵਿੱਚ ਸਿਰਫ਼ ਡਿਗਰੀ ਹਾਸਲ ਕਰਨਾ ਹੀ ਕਾਫ਼ੀ ਨਹੀਂ। ਕੰਪਿਊਟਰ, ਡਿਜੀਟਲ ਤਕਨਾਲੋਜੀ, ਡਾਟਾ ਐਂਟਰੀ, ਅਕਾਊਂਟਿੰਗ, ਗ੍ਰਾਫਿਕ ਡਿਜ਼ਾਈਨਿੰਗ, ਵੀਡੀਓ ਐਡੀਟਿੰਗ, ਡਿਜ਼ੀਟਲ ਮਾਰਕੀਟਿੰਗ, ਸੇਲਜ਼, ਗਾਹਕ ਸੇਵਾ ਅਤੇ ਹੋਰ ਤਕਨੀਕੀ ਖੇਤਰਾਂ ਵਿੱਚ ਹੁਨਰਮੰਦ ਨੌਜਵਾਨਾਂ ਦੀ ਮੰਗ ਲਗਾਤਾਰ ਵਧ ਰਹੀ ਹੈ। ਇਸ ਲਈ ਨੌਜਵਾਨਾਂ ਨੂੰ ਆਪਣੀ ਪੜ੍ਹਾਈ ਦੇ ਨਾਲ-ਨਾਲ ਵਿਹਾਰਕ ਹੁਨਰ ਵੀ ਸਿੱਖਣੇ ਚਾਹੀਦੇ ਹਨ।

**ਸਰਕਾਰੀ ਨੌਕਰੀਆਂ ਲਈ ਤਿਆਰੀ:** ਸਰਕਾਰੀ ਵਿਭਾਗਾਂ ਵਿੱਚ ਸਮੇਂ-ਸਮੇਂ 'ਤੇ ਵੱਖ-ਵੱਖ ਅਸਾਮੀਆਂ ਲਈ ਭਰਤੀਆਂ ਕੱਢੀਆਂ ਜਾਂਦੀਆਂ ਹਨ। ਕਲਰਕ, ਡਾਟਾ ਐਂਟਰੀ, ਪੁਲਸ, ਸਿਹਤ ਵਿਭਾਗ, ਸਿੱਖਿਆ ਵਿਭਾਗ, ਪੰਚਾਇਤੀ ਵਿਭਾਗ ਅਤੇ ਹੋਰ ਵਿਭਾਗਾਂ ਵਿੱਚ ਯੋਗਤਾ ਅਨੁਸਾਰ ਮੌਕੇ ਮਿਲ ਸਕਦੇ ਹਨ। ਨੌਜਵਾਨਾਂ ਨੂੰ ਸਰਕਾਰੀ ਭਰਤੀ ਦੀ ਜਾਣਕਾਰੀ ਹਮੇਸ਼ਾ ਅਧਿਕਾਰਤ ਵੈੱਬਸਾਈਟ ਅਤੇ ਅਧਿਕਾਰਤ ਨੋਟੀਫਿਕੇਸ਼ਨ ਤੋਂ ਹੀ ਜਾਂਚਣੀ ਚਾਹੀਦੀ ਹੈ।

ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਸਮੇਂ ਦੀ ਯੋਜਨਾ ਬਣਾਉਣਾ ਬਹੁਤ ਜ਼ਰੂਰੀ ਹੈ। ਆਮ ਗਿਆਨ, ਪੰਜਾਬੀ, ਅੰਗਰੇਜ਼ੀ, ਗਣਿਤ, ਰੀਜ਼ਨਿੰਗ ਅਤੇ ਕੰਪਿਊਟਰ ਨਾਲ ਸੰਬੰਧਤ ਵਿਸ਼ਿਆਂ ਦੀ ਤਿਆਰੀ ਕਰਕੇ ਉਹ ਆਪਣੀਆਂ ਸੰਭਾਵਨਾਵਾਂ ਵਧਾ ਸਕਦੇ ਹਨ।

**ਨਿੱਜੀ ਖੇਤਰ ਵਿੱਚ ਵੀ ਵੱਡੇ ਮੌਕੇ:** ਸਿਰਫ਼ ਸਰਕਾਰੀ ਨੌਕਰੀ ਨੂੰ ਹੀ ਰੋਜ਼ਗਾਰ ਦਾ ਇੱਕੋ-ਇੱਕ ਰਸਤਾ ਨਹੀਂ ਸਮਝਣਾ ਚਾਹੀਦਾ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬੈਂਕਿੰਗ, ਬੀਮਾ, ਸੇਲਜ਼, ਕਸਟਮਰ ਕੇਅਰ, ਡਾਟਾ ਐਂਟਰੀ, ਮੈਨੂਫੈਕਚਰਿੰਗ, ਰਿਟੇਲ, ਹਸਪਤਾਲ, ਸਿੱਖਿਆ ਅਤੇ ਆਈ ਟੀ ਆਈ ਨਾਲ ਜੁੜੀਆਂ ਕੰਪਨੀਆਂ ਵਿੱਚ ਨੌਕਰੀਆਂ ਦੇ ਮੌਕੇ ਉਪਲੱਬਧ ਰਹਿੰਦੇ ਹਨ।

ਨੌਜਵਾਨਾਂ ਨੂੰ ਨੌਕਰੀ ਲੱਭਣ ਸਮੇਂ ਆਪਣਾ ਵਧੀਆ ਰਿਜ਼ਿਊਮ ਤਿਆਰ ਕਰਨਾ ਚਾਹੀਦਾ ਹੈ। ਰਿਜ਼ਿਊਮ ਵਿੱਚ ਸਿੱਖਿਆ, ਤਜਰਬਾ, ਕੰਪਿਊਟਰ ਹੁਨਰ, ਭਾਸ਼ਾਵਾਂ ਅਤੇ ਹੋਰ ਯੋਗਤਾਵਾਂ ਸਪੱਸ਼ਟ ਤੌਰ 'ਤੇ ਦਰਜ ਹੋਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਇੰਟਰਵਿਊ ਦੀ ਤਿਆਰੀ ਵੀ ਕਰਨੀ ਚਾਹੀਦੀ ਹੈ।

**ਸਵੈ-ਰੋਜ਼ਗਾਰ ਵੀ ਇੱਕ ਮਜ਼ਬੂਤ ਵਿਕਲਪ:** ਹਰ ਨੌਜਵਾਨ ਲਈ ਨੌਕਰੀ ਕਰਨਾ ਹੀ ਜ਼ਰੂਰੀ ਨਹੀਂ। ਜਿਹੜੇ ਨੌਜਵਾਨ ਆਪਣਾ ਕੰਮ ਸ਼ੁਰੂ ਕਰਨ ਦੀ ਸਮਰੱਥਾ ਰੱਖਦੇ ਹਨ, ਉਹ ਛੋਟੇ ਪੱਧਰ ਤੋਂ ਕਾਰੋਬਾਰ ਸ਼ੁਰੂ ਕਰ ਸਕਦੇ ਹਨ। ਕੰਪਿਊਟਰ ਸੈਂਟਰ, ਡਿਜ਼ਾਈਨਿੰਗ, ਪ੍ਰਿੰਟਿੰਗ, ਮੋਬਾਈਲ ਸਰਵਿਸਿੰਗ, ਆਨਲਾਈਨ ਸੇਵਾਵਾਂ, ਖੇਤੀਬਾੜੀ ਨਾਲ ਜੁੜੇ ਕਾਰੋਬਾਰ ਅਤੇ ਹੋਰ ਛੋਟੇ ਉਦਯੋਗ ਨੌਜਵਾਨਾਂ ਲਈ ਆਮਦਨ ਦਾ ਸਾਧਨ ਬਣ ਸਕਦੇ ਹਨ।

ਸਰਕਾਰ ਅਤੇ ਬੈਂਕਾਂ ਵੱਲੋਂ ਵੱਖ-ਵੱਖ ਸਮੇਂ 'ਤੇ ਸਵੈ-ਰੋਜ਼ਗਾਰ ਅਤੇ ਛੋਟੇ ਕਾਰੋਬਾਰਾਂ ਲਈ ਕਰਜ਼ੇ ਅਤੇ ਸਹਾਇਤਾ ਨਾਲ ਜੁੜੀਆਂ ਯੋਜਨਾਵਾਂ ਵੀ ਚਲਾਈਆਂ ਜਾਂਦੀਆਂ ਹਨ। ਨੌਜਵਾਨਾਂ ਨੂੰ ਕਿਸੇ ਵੀ ਯੋਜਨਾ ਲਈ ਅਰਜ਼ੀ ਦੇਣ ਤੋਂ ਪਹਿਲਾਂ ਉਸ ਦੀਆਂ ਸਰਕਾਰੀ ਸ਼ਰਤਾਂ ਅਤੇ ਯੋਗਤਾ ਦੀ ਪੂਰੀ ਜਾਣਕਾਰੀ ਲੈਣੀ ਚਾਹੀਦੀ ਹੈ।

**ਪਿੰਡਾਂ ਵਿੱਚ ਰੋਜ਼ਗਾਰ ਵਧਾਉਣ ਦੀ ਲੋੜ:** ਪੰਜਾਬ ਦੇ ਪਿੰਡਾਂ ਵਿੱਚ ਵੀ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਲੋੜ ਹੈ। ਪਿੰਡਾਂ ਵਿੱਚ ਛੋਟੇ ਉਦਯੋਗ, ਡੇਅਰੀ ਫਾਰਮਿੰਗ, ਫੂਡ ਪ੍ਰੋਸੈਸਿੰਗ, ਖੇਤੀਬਾੜੀ ਆਧਾਰਤ ਕਾਰੋਬਾਰ ਅਤੇ ਡਿਜੀਟਲ ਸੇਵਾ ਕੇਂਦਰ ਸਥਾਪਤ ਕਰਕੇ ਸਥਾਨਕ ਪੱਧਰ 'ਤੇ ਰੋਜ਼ਗਾਰ ਪੈਦਾ ਕੀਤਾ ਜਾ ਸਕਦਾ ਹੈ।

**ਨੌਜਵਾਨਾਂ ਨੂੰ ਹੁਨਰ ਨਾਲ ਜੋੜਨਾ ਸਮੇਂ ਦੀ ਲੋੜ:** ਅੱਜ ਦੀ ਮੁਕਾਬਲੇ ਵਾਲੀ ਦੁਨੀਆ ਵਿੱਚ ਹੁਨਰ ਦੀ ਮਹੱਤਤਾ ਬਹੁਤ ਵਧ ਗਈ ਹੈ। ਸਰਕਾਰ, ਸਿੱਖਿਆ ਸੰਸਥਾਵਾਂ ਅਤੇ ਨਿੱਜੀ ਸੰਸਥਾਵਾਂ ਨੂੰ ਮਿਲ ਕੇ ਨੌਜਵਾਨਾਂ ਲਈ ਅਜਿਹੇ ਕੋਰਸ ਅਤੇ ਟ੍ਰੇਨਿੰਗ ਪ੍ਰੋਗਰਾਮ ਵਧਾਉਣੇ ਚਾਹੀਦੇ ਹਨ, ਜੋ ਸਿੱਧੇ ਤੌਰ 'ਤੇ ਰੋਜ਼ਗਾਰ ਨਾਲ ਜੁੜੇ ਹੋਣ।

ਨੌਜਵਾਨਾਂ ਨੂੰ ਵੀ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਇੱਕ ਖੇਤਰ ਦੀ ਚੋਣ ਕਰਕੇ ਉਸ ਵਿੱਚ ਮਾਹਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ ਹੁਨਰ ਦੇ ਨਾਲ ਦੂਜਾ ਹੁਨਰ ਸਿੱਖਣਾ ਨੌਕਰੀ ਦੇ ਮੌਕੇ ਵਧਾ ਸਕਦਾ ਹੈ।

**ਰੋਜ਼ਗਾਰ ਲਈ ਸਾਂਝੀ ਕੋਸ਼ਿਸ਼ ਜ਼ਰੂਰੀ:** ਪੰਜਾਬ ਵਿੱਚ ਰੋਜ਼ਗਾਰ ਦੀ ਸਮੱਸਿਆ ਦਾ ਹੱਲ ਸਿਰਫ਼ ਸਰਕਾਰ ਜਾਂ ਕਿਸੇ ਇੱਕ ਸੰਸਥਾ ਦੀ ਜ਼ਿੰਮੇਵਾਰੀ ਨਹੀਂ ਹੈ। ਸਰਕਾਰ ਨੂੰ ਨਿਵੇਸ਼ ਅਤੇ ਉਦਯੋਗਾਂ ਲਈ ਅਨੁਕੂਲ ਮਾਹੌਲ ਬਣਾਉਣ ਦੇ ਨਾਲ ਨਵੀਂਆਂ ਨੌਕਰੀਆਂ ਪੈਦਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਉਦਯੋਗਪਤੀਆਂ ਨੂੰ ਵੀ ਸਥਾਨਕ ਨੌਜਵਾਨਾਂ ਨੂੰ ਮੌਕੇ ਦੇਣੇ ਚਾਹੀਦੇ ਹਨ।

ਨੌਜਵਾਨਾਂ ਨੂੰ ਆਪਣੀ ਯੋਗਤਾ ਵਧਾਉਣ, ਹੁਨਰ ਸਿੱਖਣ ਅਤੇ ਇਮਾਨਦਾਰੀ ਨਾਲ ਨੌਕਰੀ ਜਾਂ ਕਾਰੋਬਾਰ ਦੀ ਭਾਲ ਜਾਰੀ ਰੱਖਣੀ ਚਾਹੀਦੀ ਹੈ। ਰੋਜ਼ਗਾਰ ਦੇ ਮੌਕੇ ਵਧਣ ਨਾਲ ਨਾ ਸਿਰਫ਼ ਨੌਜਵਾਨਾਂ ਦਾ ਭਵਿੱਖ ਮਜ਼ਬੂਤ ਹੋਵੇਗਾ, ਸਗੋਂ ਪੰਜਾਬ ਦੀ ਆਰਥਿਕਤਾ ਅਤੇ ਸਮਾਜਿਕ ਵਿਕਾਸ ਨੂੰ ਵੀ ਨਵੀਂ ਦਿਸ਼ਾ ਮਿਲੇਗੀ।

ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਸਿਰਫ਼ ਇੱਕ ਨੌਕਰੀ ਦਾ ਮਸਲਾ ਨਹੀਂ, ਬਲਕਿ ਉਨ੍ਹਾਂ ਦੇ ਭਵਿੱਖ ਅਤੇ ਸੂਬੇ ਦੀ ਤਰੱਕੀ ਨਾਲ ਜੁੜਿਆ ਮਹੱਤਵਪੂਰਨ ਮੁੱਦਾ ਹੈ। ਲੋੜ ਹੈ ਕਿ ਨੌਜਵਾਨਾਂ ਨੂੰ ਸਹੀ ਦਿਸ਼ਾ, ਸਹੀ ਹੁਨਰ ਅਤੇ ਆਪਣੀ ਯੋਗਤਾ ਅਨੁਸਾਰ ਸਹੀ ਮੌਕੇ ਮਿਲਣ।

**# ਸੰਪਰਕ : 89687-86541**

# ਤਕਨਾਲੋਜੀ ਦੀ ਤਰੱਕੀ ਦੇ ਨਾਲ ਈ-ਕਚਰੇ ਦਾ ਪਹਾੜ ਵੀ ਵਧ ਰਿਹੈ



**ਸਿਮਰਨਜੀਤ ਕੌਰ**

ਅੱਜ ਦਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ। ਮੋਬਾਇਲ ਫ਼ੋਨ, ਕੰਪਿਊਟਰ, ਲੈਪਟਾਪ, ਟੈਲੀਵਿਜ਼ਨ, ਫਰਿੱਜ, ਵਾਸ਼ਿੰਗ ਮਸ਼ੀਨ, ਏਅਰ ਕੰਡੀਸ਼ਨਰ ਅਤੇ ਹੋਰ ਇਲੈਕਟ੍ਰਾਨਿਕ ਉਪਕਰਨ ਸਾਡੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕੇ ਹਨ। ਇਨ੍ਹਾਂ ਨੇ ਸਾਡੇ ਕੰਮ ਨੂੰ ਆਸਾਨ, ਤੇਜ਼ ਅਤੇ ਸੁਵਿਧਾਜਨਕ ਬਣਾਇਆ ਹੈ, ਪਰ ਇਸ ਤਰੱਕੀ ਦਾ ਇੱਕ ਅਜਿਹਾ ਪੱਖ ਵੀ ਹੈ, ਜਿਸ ਵੱਲ ਅਸੀਂ ਅਕਸਰ ਧਿਆਨ ਨਹੀਂ ਦਿੰਦੇ—ਈ-ਕਚਰਾ ਜਾਂ ਇਲੈਕਟ੍ਰਾਨਿਕ ਕਚਰਾ।

### ਈ-ਕਚਰਾ ਕੀ ਹੁੰਦਾ ਹੈ?

ਈ-ਕਚਰਾ ਉਹ ਸਾਰੇ ਬਿਜਲਈ ਅਤੇ ਇਲੈਕਟ੍ਰਾਨਿਕ ਉਪਕਰਨ ਹਨ ਜੋ ਵਰਤੋਂ ਤੋਂ ਬਾਹਰ ਹੋ ਚੁੱਕੇ ਹਨ। ਪੁਰਾਣੇ ਮੋਬਾਈਲ ਫ਼ੋਨ, ਕੰਪਿਊਟਰ, ਲੈਪਟਾਪ, ਚਾਰਜਰ, ਹੈੱਡਫੋਨ, ਕੀਬੋਰਡ, ਮਾਊਸ, ਪ੍ਰਿੰਟਰ, ਟੈਲੀਵਿਜ਼ਨ, ਫਰਿੱਜ, ਵਾਸ਼ਿੰਗ ਮਸ਼ੀਨ, ਬੈਟਰੀਆਂ ਅਤੇ ਹੋਰ ਇਲੈਕਟ੍ਰਾਨਿਕ ਸਮਾਨ ਇਸ ਵਿੱਚ ਸ਼ਾਮਲ ਹਨ।

ਅੱਜ ਇੱਕ ਘਰ ਵਿੱਚ ਹੀ ਕਈ ਪੁਰਾਣੇ ਮੋਬਾਈਲ, ਚਾਰਜਰ, ਬੈਟਰੀਆਂ ਅਤੇ ਹੋਰ ਉਪਕਰਨ ਅਜਿਹੇ ਪਏ ਹੁੰਦੇ ਹਨ, ਜਿਨ੍ਹਾਂ ਦੀ ਵਰਤੋਂ ਨਹੀਂ ਹੁੰਦੀ। ਇਹ ਛੋਟੀ ਜਿਹੀ ਗੱਲ ਲੱਗ ਸਕਦੀ ਹੈ, ਪਰ ਕਰੋੜਾਂ ਘਰਾਂ ਵਿੱਚ ਇਕੱਠਾ ਹੋਣ ਵਾਲਾ ਇਹ ਕਚਰਾ ਬਹੁਤ ਵੱਡੀ ਸਮੱਸਿਆ ਬਣ ਜਾਂਦਾ ਹੈ।

### ਦੁਨੀਆ ਵਿੱਚ ਤੇਜ਼ੀ ਨਾਲ ਵਧ ਰਿਹਾ ਈ-ਕਚਰਾ

ਸੰਯੁਕਤ ਰਾਸ਼ਟਰ ਦੀ Global E-waste Monitor 2024 ਰਿਪੋਰਟ ਅਨੁਸਾਰ, ਸਾਲ 2022 ਵਿੱਚ ਦੁਨੀਆ ਭਰ ਵਿੱਚ ਲਗਭਗ 62 ਮਿਲੀਅਨ ਟਨ ਈ-ਕਚਰਾ ਪੈਦਾ ਹੋਇਆ। ਰਿਪੋਰਟ ਅਨੁਸਾਰ ਜੇ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ ਇਹ ਮਾਤਰਾ 2030 ਤੱਕ ਲਗਭਗ 82 ਮਿਲੀਅਨ ਟਨ ਤੱਕ ਪਹੁੰਚ ਸਕਦੀ ਹੈ।

ਇਸ ਤੋਂ ਵੀ ਚਿੰਤਾਜਨਕ ਗੱਲ ਇਹ ਹੈ ਕਿ 2022 ਵਿੱਚ ਪੈਦਾ ਹੋਏ ਈ-ਕਚਰੇ ਦਾ ਸਿਰਫ਼ ਲਗਭਗ 22.3 ਫ਼ੀਸਦੀ ਹੀ ਰਸਮੀ ਤੌਰ 'ਤੇ ਇਕੱਠਾ ਕਰਕੇ ਰੀਸਾਈਕਲ ਕੀਤਾ ਗਿਆ ਸੀ। ਇਸ ਦਾ ਅਰਥ ਹੈ ਕਿ ਵੱਡੀ ਮਾਤਰਾ ਵਿੱਚ ਈ-ਕਚਰਾ ਅਜੇ ਵੀ ਅਜਿਹੇ ਤਰੀਕਿਆਂ ਨਾਲ ਨਿਪਟਾਇਆ ਜਾਂਦਾ ਹੈ ਜੋ ਵਾਤਾਵਰਨ ਲਈ ਨੁਕਸਾਨਦੇਹ ਹੋ ਸਕਦੇ ਹਨ।

### ਭਾਰਤ ਵੀ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ

ਭਾਰਤ ਵਿੱਚ ਮੋਬਾਈਲ ਫ਼ੋਨ, ਕੰਪਿਊਟਰ ਅਤੇ ਹੋਰ ਇਲੈਕਟ੍ਰਾਨਿਕ ਉਪਕਰਨਾਂ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਇਸ ਨਾਲ ਈ-ਕਚਰੇ ਦੀ ਮਾਤਰਾ ਵੀ ਵਧ ਰਹੀ ਹੈ। ਦੇਸ਼ ਵਿੱਚ ਈ-ਕਚਰੇ ਦੇ ਸਹੀ ਸੰਗ੍ਰਹਿ, ਰੀਸਾਈਕਲਿੰਗ ਅਤੇ ਨਿਪਟਾਰੇ ਲਈ ਨਿਯਮ ਬਣਾਏ ਗਏ ਹਨ, ਪਰ ਆਮ ਲੋਕਾਂ ਵਿੱਚ ਜਾਗਰੂਕਤਾ ਅਤੇ ਸਹੀ ਪ੍ਰਣਾਲੀ ਦੀ ਵਰਤੋਂ ਅਜੇ ਵੀ ਬਹੁਤ ਮਹੱਤਵਪੂਰਨ ਹੈ।

ਭਾਰਤ ਸਰਕਾਰ ਨੇ E-Waste (Management) Rules, 2022 ਲਾਗੂ ਕੀਤੇ ਹਨ, ਜਿਨ੍ਹਾਂ ਦਾ ਉਦੇਸ਼ ਈ-ਕਚਰੇ ਦੇ ਸਹੀ ਪ੍ਰਬੰਧਨ ਅਤੇ ਰੀਸਾਈਕਲਿੰਗ ਨੂੰ ਉਤਸ਼ਾਹਤ ਕਰਨਾ ਹੈ।

### ਈ-ਕਚਰਾ ਵਾਤਾਵਰਨ ਲਈ ਕਿਉਂ ਖ਼ਤਰਨਾਕ ਹੈ?

ਇਲੈਕਟ੍ਰਾਨਿਕ ਉਪਕਰਨਾਂ ਵਿੱਚ ਕਈ ਤਰ੍ਹਾਂ ਦੀਆਂ ਧਾਤਾਂ ਅਤੇ ਹੋਰ ਪਦਾਰਥ ਹੁੰਦੇ ਹਨ। ਜੇ ਇਨ੍ਹਾਂ ਦਾ ਗਲਤ ਢੰਗ ਨਾਲ ਨਿਪਟਾਰਾ ਕੀਤਾ ਜਾਵੇ ਤਾਂ ਕੁਝ ਹਾਨੀਕਾਰਕ ਪਦਾਰਥ ਮਿੱਟੀ ਅਤੇ ਪਾਣੀ ਨੂੰ ਪ੍ਰਦੂਸ਼ਤ ਕਰ ਸਕਦੇ ਹਨ।

ਜਦੋਂ ਈ-ਕਚਰੇ ਨੂੰ ਖੁੱਲ੍ਹੇ ਵਿੱਚ ਸਾੜਿਆ ਜਾਂਦਾ ਹੈ ਜਾਂ ਅਸੁਰੱਖਿਅਤ ਢੰਗ ਨਾਲ ਤੋੜਿਆ ਜਾਂਦਾ ਹੈ ਤਾਂ ਪ੍ਰਦੂਸ਼ਣ ਪੈਦਾ ਹੋ ਸਕਦਾ ਹੈ। ਇਸ ਲਈ ਈ-ਕਚਰੇ ਨੂੰ ਆਮ ਘਰੇਲੂ ਕੂੜੇ ਨਾਲ ਮਿਲਾ ਕੇ ਸੁੱਟਣਾ ਸਹੀ ਤਰੀਕਾ ਨਹੀਂ ਹੈ।

### ਮਨੁੱਖੀ ਸਿਹਤ ਲਈ ਵੀ ਚਿੰਤਾ ਦਾ ਵਿਸ਼ਾ

ਈ-ਕਚਰੇ ਦੀ ਅਸੁਰੱਖਿਅਤ ਸੰਭਾਲ ਨਾਲ ਇਸ ਵਿੱਚ ਮੌਜੂਦ ਕੁਝ ਹਾਨੀਕਾਰਕ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਦਾ ਖ਼ਤਰਾ ਰਹਿੰਦਾ ਹੈ। ਖ਼ਾਸ ਤੌਰ 'ਤੇ ਉਹ ਲੋਕ ਜੋ ਬਿਨਾਂ ਸੁਰੱਖਿਆ ਉਪਕਰਨਾਂ ਦੇ ਈ-ਕਚਰਾ ਤੋੜਦੇ ਜਾਂ ਛਾਂਟਦੇ ਹਨ, ਵਧੇਰੇ ਜੋਖ਼ਮ ਵਿੱਚ ਹੋ ਸਕਦੇ ਹਨ।

### ਮੋਬਾਈਲ ਦੀ ਬਦਲਦੀ ਮਿਆਦ ਵੀ ਇੱਕ ਕਾਰਨ

ਅੱਜ ਤਕਨਾਲੋਜੀ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਹਰ ਕੁਝ ਸਮੇਂ ਬਾਅਦ ਨਵੇਂ ਮਾਡਲ ਬਾਜ਼ਾਰ ਵਿੱਚ ਆ ਜਾਂਦੇ ਹਨ। ਕਈ ਲੋਕ ਪੁਰਾਣਾ ਮੋਬਾਈਲ ਜਾਂ ਹੋਰ ਉਪਕਰਨ ਸਿਰਫ਼ ਇਸ ਲਈ ਬਦਲ ਦਿੰਦੇ ਹਨ, ਕਿਉਂਕਿ ਨਵਾਂ ਮਾਡਲ ਬਾਜ਼ਾਰ ਵਿੱਚ ਆ ਗਿਆ ਹੈ।

ਜੇ ਉਪਕਰਨ ਦੀ ਮੁਰੰਮਤ ਸੰਭਵ ਹੋਵੇ ਤਾਂ ਉਸ ਨੂੰ ਤੁਰੰਤ ਸੁੱਟਣ ਦੀ ਬਜਾਏ ਮੁਰੰਮਤ ਕਰਵਾਉਣਾ ਈ-ਕਚਰਾ ਘਟਾਉਣ ਦਾ ਇੱਕ ਸੌਖਾ ਤਰੀਕਾ ਹੈ।

### CR ਦਾ ਸਿਧਾਂਤ ਅਪਣਾਉਣ ਦੀ ਲੋੜ

ਈ-ਕਚਰੇ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਨੂੰ CR—Reduce, Reuse ਅਤੇ Recycle ਦੇ ਸਿਧਾਂਤ ਨੂੰ ਅਪਣਾਉਣਾ ਚਾਹੀਦਾ ਹੈ।

Reduce-**ਘਟਾਓ:** ਬਿਨਾਂ ਲੋੜ ਨਵਾਂ ਇਲੈਕਟ੍ਰਾਨਿਕ ਸਮਾਨ ਨਾ ਖਰੀਦੋ।

Reuse - ਦੁਬਾਰਾ ਵਰਤੋ: ਜੇ ਕੋਈ ਉਪਕਰਨ ਕਿਸੇ ਹੋਰ ਵਿਅਕਤੀ ਦੇ ਕੰਮ ਆ ਸਕਦਾ ਹੈ ਤਾਂ ਉਸ ਨੂੰ ਵਰਤੋਂ ਵਿੱਚ ਲਿਆਓ।

Recycle - ਰੀਸਾਈਕਲ ਕਰੋ: ਵਰਤੋਂ ਤੋਂ ਬਾਹਰ ਹੋ ਚੁੱਕੇ ਇਲੈਕਟ੍ਰਾਨਿਕ ਸਮਾਨ ਨੂੰ ਅਧਿਕਾਰਤ ਰੀਸਾਈਕਲਿੰਗ ਪ੍ਰਣਾਲੀ ਤੱਕ ਪਹੁੰਚਾਓ।

### ਸਕੂਲਾਂ ਵਿੱਚ ਜਾਗਰੂਕਤਾ ਦੀ ਲੋੜ

ਈ-ਕਚਰੇ ਦੀ ਸਮੱਸਿਆ ਨਾਲ ਲੜਨ ਵਿੱਚ ਸਕੂਲ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਵਿਦਿਆਰਥੀਆਂ ਨੂੰ ਈ-ਕਚਰੇ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਸਕੂਲਾਂ ਵਿੱਚ ਈ-ਵੇਸਟ ਜਾਗਰੂਕਤਾ ਮੁਹਿੰਮ, ਪੋਸਟਰ ਮੁਕਾਬਲੇ, ਲੇਖ ਮੁਕਾਬਲੇ ਅਤੇ ਈ-ਕਚਰਾ ਇਕੱਠਾ ਕਰਨ ਦੀਆਂ ਮੁਹਿੰਮਾਂ ਚਲਾਈਆਂ ਜਾ ਸਕਦੀਆਂ ਹਨ।

ਜਦੋਂ ਇੱਕ ਵਿਦਿਆਰਥੀ ਜਾਗਰੂਕ ਹੁੰਦਾ ਹੈ ਤਾਂ ਉਹ ਆਪਣੇ ਪਰਵਾਰ ਅਤੇ ਸਮਾਜ ਨੂੰ ਵੀ ਜਾਗਰੂਕ ਕਰ ਸਕਦਾ ਹੈ।

### ਕੂੜਾ ਨਹੀਂ, ਕੀਮਤੀ ਸਰੋਤ ਵੀ

ਈ-ਕਚਰੇ ਨੂੰ ਸਿਰਫ਼ ਕੂੜਾ ਸਮਝਣਾ ਵੀ ਠੀਕ ਨਹੀਂ। ਕਈ ਇਲੈਕਟ੍ਰਾਨਿਕ ਉਪਕਰਨਾਂ ਵਿੱਚ ਤਾਂਬਾ, ਐਲੂਮੀਨੀਅਮ, ਸੋਨਾ ਅਤੇ ਹੋਰ ਕੀਮਤੀ ਸਮੱਗਰੀ ਮੌਜੂਦ ਹੁੰਦੀ ਹੈ। ਸਹੀ ਤਕਨੀਕ ਨਾਲ ਰੀਸਾਈਕਲਿੰਗ ਰਾਹੀਂ ਇਨ੍ਹਾਂ ਵਿੱਚੋਂ ਕੁਝ ਸਮੱਗਰੀ ਨੂੰ ਮੁੜ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਈ-ਕਚਰੇ ਦੀ ਸਹੀ ਰੀਸਾਈਕਲਿੰਗ ਨਾਲ ਇੱਕ ਪਾਸੇ ਵਾਤਾਵਰਨ ਦੀ ਰੱਖਿਆ ਹੋ ਸਕਦੀ ਹੈ, ਦੂਜੇ ਪਾਸੇ ਕੀਮਤੀ ਕੁਦਰਤੀ ਸਰੋਤਾਂ ਦੀ ਬਚਤ ਵੀ ਹੋ ਸਕਦੀ ਹੈ।

### ਨਵੀਂ ਪੀੜ੍ਹੀ ਨੂੰ ਬਣਾਉਣਾ ਪਵੇਗਾ ਜ਼ਿੰਮੇਵਾਰ

ਅੱਜ ਦੇ ਬੱਚੇ ਅਤੇ ਨੌਜਵਾਨ ਤਕਨਾਲੋਜੀ ਨਾਲ ਸਭ ਤੋਂ ਵੱਧ ਜੁੜੇ ਹੋਏ ਹਨ। ਇਸ ਲਈ ਉਨ੍ਹਾਂ ਨੂੰ ਸਿਰਫ਼ ਤਕਨਾਲੋਜੀ ਦੀ ਵਰਤੋਂ ਕਰਨੀ ਹੀ ਨਹੀਂ, ਸਗੋਂ ਇਸ ਦੇ ਵਾਤਾਵਰਨੀ ਪ੍ਰਭਾਵਾਂ ਬਾਰੇ ਵੀ ਜਾਣੂ ਹੋਣਾ ਚਾਹੀਦਾ ਹੈ।ਇੱਕ ਜ਼ਿੰਮੇਵਾਰ ਡਿਜੀਟਲ ਨਾਗਰਿਕ ਉਹੀ ਹੈ, ਜੋ ਨਵੀਂ ਤਕਨਾਲੋਜੀ ਨੂੰ ਅਪਣਾਉਣ ਦੇ ਨਾਲ ਪੁਰਾਣੀ ਤਕਨਾਲੋਜੀ ਦੇ ਸਹੀ ਨਿਪਟਾਰੇ ਦੀ ਜ਼ਿੰਮੇਵਾਰੀ ਵੀ ਸਮਝੇ।

**ਸਿੱਟਾ:** ਈ-ਕਚਰਾ ਆਧੁਨਿਕ ਤਕਨਾਲੋਜੀ ਦੀ ਤਰੱਕੀ ਦਾ ਇੱਕ ਅਣਚਾਹਿਆ ਨਤੀਜਾ ਹੈ। ਅਸੀਂ ਤਕਨਾਲੋਜੀ ਨੂੰ ਛੱਡ ਨਹੀਂ ਸਕਦੇ ਅਤੇ ਨਾ ਹੀ ਇਸ ਦੀ ਲੋੜ ਨੂੰ ਨਜ਼ਰਅੰਦਾਜ਼ ਕਰ ਸਕਦੇ ਹਾਂ, ਪਰ ਅਸੀਂ ਇਸ ਦੀ ਵਰਤੋਂ ਨੂੰ ਜ਼ਿੰਮੇਵਾਰ ਅਤੇ ਵਾਤਾਵਰਨ-ਪੱਖੀ ਜ਼ਰੂਰ ਬਣਾ ਸਕਦੇ ਹਾਂ।

ਅੱਜ ਲੋੜ ਹੈ ਕਿ ਅਸੀਂ 'ਵਰਤੋ ਅਤੇ ਸੁੱਟੋ' ਵਾਲੀ ਸੋਚ ਦੀ ਥਾਂ 'ਵਰਤੋ, ਸੰਭਾਲੋ, ਦੁਬਾਰਾ ਵਰਤੋ ਅਤੇ ਰੀਸਾਈਕਲ ਕਰੋ' ਵਾਲੀ ਸੋਚ ਅਪਣਾਈਏ।

ਜੇ ਹਰ ਘਰ, ਹਰ ਸਕੂਲ ਅਤੇ ਹਰ ਸੰਸਥਾ ਈ-ਕਚਰੇ ਦੇ ਸਹੀ ਪ੍ਰਬੰਧਨ ਵੱਲ ਇੱਕ ਛੋਟਾ ਕਦਮ ਚੁੱਕੇ ਤਾਂ ਭਵਿੱਖ ਵਿੱਚ ਵੱਡਾ ਬਦਲਾਅ ਲਿਆਂਦਾ ਜਾ ਸਕਦਾ ਹੈ। ਤਕਨਾਲੋਜੀ ਸਾਡੀ ਤਰੱਕੀ ਦਾ ਸਾਧਨ ਬਣੇ, ਵਾਤਾਵਰਨ ਲਈ ਬੋਝ ਨਹੀਂ—ਇਹੀ ਸਾਡਾ ਸਾਂਝਾ ਸੰਕਲਪ ਹੋਣਾ ਚਾਹੀਦਾ ਹੈ।

**# ਸੰਪਰਕ : 81468-03942**

# ਪਾਠਕ-ਸੱਥ

## *ਸੜਕ ਸੁਰੱਖਿਆ - ਹਰੇਕ ਦੀ ਆਪਣੀ ਜ਼ਿੰਮੇਵਾਰੀ*

ਅੱਜ ਦੇ ਸਮੇਂ ਵਿੱਚ ਸੜਕ ਦੁਰਘਟਨਾਵਾਂ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੀਆਂ ਹਨ। ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਕਿਸੇ ਨਾ ਕਿਸੇ ਹਾਦਸੇ ਦੀ ਖ਼ਬਰ ਪੜ੍ਹਨ ਨੂੰ ਮਿਲਦੀ ਹੈ। ਕਈ ਪਰਿਵਾਰ ਇਕ ਪਲ ਦੀ ਲਾਪਰਵਾਹੀ ਕਾਰਨ ਆਪਣਿਆਂ ਨੂੰ ਹਮੇਸ਼ਾਂ ਲਈ ਗੁਆ ਬੈਠਦੇ ਹਨ। ਸੱਚ ਇਹ ਹੈ ਕਿ ਜ਼ਿਆਦਾਤਰ ਹਾਦਸੇ ਮਾੜੀ ਕਿਸਮਤ ਨਹੀਂ, ਸਗੋਂ ਸਾਡੀ ਬੇਧਿਆਨੀ ਦਾ ਨਤੀਜਾ ਹੁੰਦੇ ਹਨ। ਇਸ ਲਈ ਸੜਕ ਸੁਰੱਖਿਆ ਸਿਰਫ ਸਰਕਾਰ ਜਾਂ ਟ੍ਰੈਫਿਕ ਪੁਲਿਸ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ।

ਜਦੋਂ ਵੀ ਅਸੀਂ ਸੜਕ ਤੇ ਕਦਮ ਰੱਖਦੇ ਹਾਂ ਜਾਂ ਵਾਹਨ ਲੈ ਕੇ ਚੜ੍ਹਦੇ ਹਾਂ, ਸਾਡੀ ਪਹਿਲੀ ਡਿਊਟੀ ਬਣਦੀ ਹੈ ਕਿ ਅਸੀਂ ਦੋਨੋ ਸਾਈਡ ਧਿਆਨ ਨਾਲ ਵੇਖੀਏ। ਜੋ ਵਾਹਨ ਪਹਿਲਾਂ ਹੀ ਸੜਕ ਤੇ ਚੱਲ ਰਿਹਾ ਹੁੰਦਾ ਹੈ, ਉਸਨੂੰ ਅਚਾਨਕ ਮੋੜ ਤੋਂ ਨਿਕਲਦੇ ਵਾਹਨ ਜਾਂ ਵਿਅਕਤੀ ਦਾ ਅੰਦਾਜ਼ਾ ਨਹੀਂ ਹੁੰਦਾ। ਅਚਾਨਕ ਸੜਕ ਤੇ ਚੜ੍ਹ ਜਾਣਾ ਨਾ ਸਿਰਫ ਆਪਣੇ ਲਈ ਖਤਰਾ ਹੈ, ਸਗੋਂ ਦੂਜਿਆਂ ਦੀ ਜ਼ਿੰਦਗੀ ਲਈ ਵੀ ਵੱਡਾ ਜੋਖਮ ਹੈ।ਖਾਸ ਕਰਕੇ ਜਦੋਂ ਅਸੀਂ ਕਿਸੇ ਲਿੰਕ ਰੋਡ ਤੋਂ ਹਾਈਵੇਅ ਤੇ ਚੜ੍ਹਦੇ ਹਾਂ, ਤਾਂ ਸਾਵਧਾਨੀ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ। ਹਾਈਵੇਅ ਤੇ ਵਾਹਨ ਬਹੁਤ ਤੇਜ਼ ਗਤੀ ਨਾਲ ਚੱਲ ਰਹੇ ਹੁੰਦੇ ਹਨ। ਉਨ੍ਹਾਂ ਦੀ ਰਫ਼ਤਾਰ ਇੰਨੀ ਤੇਜ਼ ਹੁੰਦੀ ਹੈ ਕਿ ਅਚਾਨਕ ਸਾਹਮਣੇ ਆਏ ਵਾਹਨ ਤੋਂ ਬਚਣ ਲਈ ਸਮਾਂ ਨਹੀਂ ਮਿਲਦਾ। ਇਸ ਲਈ ਹਮੇਸ਼ਾ ਹਾਈਵੇਅ ਨੂੰ ਧਿਆਨ ਨਾਲ ਵੇਖ ਕੇ, ਗਤੀ ਦਾ ਅੰਦਾਜ਼ਾ ਲਗਾ ਕੇ ਅਤੇ ਸਹੀ ਸਮਾਂ ਦੇਖ ਕੇ ਹੀ ਵਾਹਨ ਚੜ੍ਹਾਉਣਾ ਚਾਹੀਦਾ ਹੈ। ਸੜਕ ਸੁਰੱਖਿਆ ਲਈ ਕੁੱਝ ਸਧਾਰਣ ਪਰ ਜ਼ਰੂਰੀ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਹੈਲਮੈਟ ਅਤੇ ਸੀਟ ਬੈਲਟ ਦਾ ਪ੍ਰਯੋਗ ਕਰਨਾ, ਗਤੀ ਸੀਮਾ ਦਾ ਧਿਆਨ ਰੱਖਣਾ, ਨਸ਼ੇ ਦੀ ਹਾਲਤ ਵਿੱਚ ਵਾਹਨ ਨਾ ਚਲਾਉਣਾ ਅਤੇ ਮੋਬਾਈਲ ਫੋਨ ਦੀ ਵਰਤੋਂ ਤੋਂ ਬਚਣਾ - ਇਹ ਸਾਰੇ ਕਦਮ ਸਾਡੀ ਅਤੇ ਹੋਰਾਂ ਦੀ ਜ਼ਿੰਦਗੀ ਬਚਾ ਸਕਦੇ ਹਨ।

ਅੰਤ ਵਿੱਚ, ਸੜਕ ਸੁਰੱਖਿਆ ਸਿਰਫ ਕਾਨੂੰਨੀ ਜ਼ਿੰਮੇਵਾਰੀ ਨਹੀਂ, ਸਗੋਂ ਨੈਤਿਕ ਫਰਜ਼ ਵੀ ਹੈ। ਇਕ ਛੋਟੀ ਜਿਹੀ ਲਾਪਰਵਾਹੀ ਸਾਰੀ ਉਮਰ ਦਾ ਪਛਤਾਵਾ ਬਣ ਸਕਦੀ ਹੈ। ਆਓ, ਅਸੀਂ ਸਾਰੇ ਇਹ ਸੰਕਲਪ ਕਰੀਏ ਕਿ ਸੜਕ ਤੇ ਚੜ੍ਹਦੇ ਸਮੇਂ ਸਾਵਧਾਨ ਰਹਾਂਗੇ ਅਤੇ ਦੂਜਿਆਂ ਦੀ ਜ਼ਿੰਦਗੀ ਦੀ ਵੀ ਉੰਨੀ ਹੀ ਕਦਰ ਕਰਾਂਗੇ ਜਿੰਨੀ ਆਪਣੀ ਕਰਦੇ ਹਾਂ।ਰਫ਼ਤਾਰ ਨਹੀਂ, ਸਮਝਦਾਰੀ ਤੁਹਾਨੂੰ ਮੰਜ਼ਿਲ ਤੱਕ ਸੁਰੱਖਿਅਤ ਪਹੁੰਚਾਉਂਦੀ ਹੈ।

**-ਪਵਨ ਕੁਮਾਰ ਅੱਤਰੀ**, 84277-

# 'ਬਦਲਾਅ ਜ਼ਰੂਰੀ ਹੈ' ਦਾ ਨਾਅਰਾ ਲੈ ਕੇ ਰਾਮਲੀਲ੍ਹਾ ਮੈਦਾਨ ਪੁੱਜੇਗਾ ਵੱਡਾ ਜੱਥਾ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 1 ਸਤੰਬਰ ਨੂੰ ਰਾਮ ਲੀਲ੍ਹਾ ਮੈਦਾਨ, ਨਵੀਂ ਦਿੱਲੀ ਵਿਖੇ ਬਦਲਾਅ ਜ਼ਰੂਰੀ ਹੈ ਨਾਅਰੇ ਹੇਠ ਕੀਤੀ ਜਾ ਰਹੀ ਕੌਮੀ ਰੈਲੀ ਦੀ ਤਿਆਰੀ ਵਜੋਂ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਨ ਸੰਪਰਕ ਮੁਹਿੰਮ ਤੇਜ਼ੀ ਨਾਲ ਚਲਾਈ ਜਾ ਰਹੀ ਹੈ।ਇਸ ਮੁਹਿੰਮ ਤਹਿਤ ਪਿੰਡ ਘੁੜਕੋਟ, ਕੋਟ ਸੁਖੀਆ, ਗੋਲੇਵਾਲਾ, ਪਿਪਲੀ ਨਵੀਂ ਤੇ ਢੁੱਡੀ ਵਿਖੇ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕੀਤਾ ਗਿਆ।ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਗੁਰਚਰਨ ਸਿੰਘ ਮਾਨ, ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੁੰਬੜਭੰਨ, ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਤੇ ਸਲਾਹਕਾਰ ਬਲਕਾਰ ਸਿੰਘ ਸਹੋਤਾ ਨੇ ਦੇਸ਼ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਸਾਂਝੇ ਕੀਤੇ।ਆਗੂਆਂ ਨੇ ਦੋਸ਼ ਲਾਇਆ ਕਿ ਪਿਛਲੇ 12 ਸਾਲਾਂ ਦੌਰਾਨ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲਗਾਤਾਰ ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਹਨ।29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਲਾਗੂ ਕੀਤੇ ਗਏ ਹਨ।ਨਰੇਗਾ ਕਾਨੂੰਨ ਦੀ ਥਾਂ ਨਵਾਂ ਵੀ.ਬੀ.ਜੀ. ਰਾਮ ਜੀ ਕਾਨੂੰਨ ਲਿਆ ਕੇ ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਗਿਆ ਹੈ।125 ਦਿਨ ਕੰਮ ਦੇਣ ਦੇ ਦਾਅਵੇ ਝੂਠੇ ਹਨ, ਜਦਕਿ ਅਸਲ ਵਿੱਚ 35-40 ਦਿਨਾਂ ਤੋਂ ਵੱਧ ਕੰਮ ਨਹੀਂ ਮਿਲ ਰਿਹਾ। ਦੇਸ਼ ਵਿੱਚ ਜਾਤ-ਪਾਤ, ਫ਼ਿਰਕਾਪ੍ਰਸਤੀ ਤੇ ਨਫ਼ਰਤ ਦੀ ਰਾਜਨੀਤੀ ਰਾਹੀਂ ਧਰਮ ਨਿਰਪੱਖ ਸੰਵਿਧਾਨ ਨੂੰ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ।ਸਰਕਾਰੀ ਵਿਭਾਗਾਂ ਦਾ ਤੇਜ਼ੀ ਨਾਲ ਨਿੱਜੀਕਰਨ ਕੀਤਾ ਜਾ ਰਿਹਾ ਹੈ, ਜਿਸ ਨਾਲ ਬੇਰੁਜ਼ਗਾਰੀ ਅਤੇ ਮਹਿੰਗਾਈ ਆਸਮਾਨ ਛੂਹ ਰਹੀ ਹੈ।ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਦਾ ਕਾਨੂੰਨ ਬਣਾਉਣ ਤੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦੀ ਬਜਾਏ, ਸਰਕਾਰ ਵੱਡੇ ਘਰਾਣਿਆਂ ਦੇ ਅਰਬਾਂ ਰੁਪਏ ਦੇ ਕਰਜ਼ੇ ਮੁਆਫ ਕਰ ਰਹੀ ਹੈ।ਹੱਕਾਂ ਲਈ ਲੜ ਰਹੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਅੰਦੋਲਨਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ 1 ਸਤੰਬਰ ਦੀ ਇਹ ਕੌਮੀ ਰੈਲੀ ਕੇਂਦਰ ਸਰਕਾਰ ਨੂੰ ਲੋਕ-ਪੱਖੀ ਫੈਸਲੇ ਲੈਂਣ ਲਈ ਮਜਬੂਰ ਕਰੇਗੀ।ਉਨ੍ਹਾਂ ਐਲਾਨ ਕੀਤਾ ਕਿ ਫਰੀਦਕੋਟ ਜ਼ਿਲ੍ਹੇ ਤੋਂ ਇੱਕ ਵਿਸ਼ਾਲ ਜੱਥਾ ਰਾਮ ਲੀਲ੍ਹਾ ਮੈਦਾਨ ਦਿੱਲੀ ਲਈ ਰਵਾਨਾ ਹੋਵੇਗਾ।

# ਲਾਲ ਕਿਲ੍ਹੇ ਤੋਂ ਨਰਿੰਦਰ ਮੋਦੀ ਦੀ ਵਿਰੋਧੀਆਂ ਨੂੰ ਧਮਕੀ ਅਤੀ ਨਿੰਦਣਯੋਗ

### ਸੀ ਪੀ ਆਈ ਵੱਲੋਂ ਈਸੜੂ ਵਿਖੇ ਸ਼ਹੀਦ ਕਰਨੈਲ ਸਿੰਘ ਦੇ ਬੁੱਤ 'ਤੇ ਸ਼ਰਧਾਂਜਲੀ



**ਲੁਧਿਆਣਾ (ਐੱਮ ਐੱਸ ਭਾਟੀਆ)**-80ਵੇਂ ਸੁਤੰਤਰਤਾ ਦਿਵਸ 'ਤੇ ਗੋਆ ਦੇ ਸ਼ਹੀਦ ਕਰਨੈਲ ਸਿੰਘ ਦੇ ਪਿੰਡ ਈਸੜੂ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੇ ਕਾਰਕੁਨਾਂ ਵੱਲੋਂ ਉਹਨਾਂ ਦੇ ਬੁੱਤ 'ਤੇ ਹਾਰ ਪਾ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਮੌਕੇ ਬੋਲਦੇ ਕਰਕੇ ਬੁਲਾਰਿਆਂ ਨੇ ਧਰਮ ਨਿਰਪੱਖਤਾ ਅਤੇ ਲੋਕਤੰਤਰ ਦੀ ਰਾਖੀ ਅਤੇ ਲੋਕ ਹਿਤੂ ਮੰਗਾਂ ਲਈ ਸੰਘਰਸ਼ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਹਾਇਕ ਸਕੱਤਰ ਕਾਮਰੇਡ ਚਮਕੌਰ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਧਰਮ ਨਿਰਪੱਖਤਾ ਅਤੇ ਲੋਕਤੰਤਰ ਦਾ ਘਾਣ ਕਰ ਰਹੀ ਹੈ। ਜੋ ਉਨ੍ਹਾਂ 'ਤੇ ਕੋਈ ਪ੍ਰਸ਼ਨ ਕਰਦਾ ਹੈ ਉਸ ਨੂੰ ਦੇਸ਼ ਧ੍ਰੋਹੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਲਾਲ ਕਿਲ੍ਹੇ ਤੋਂ ਭਾਸ਼ਣ ਪ੍ਰਧਾਨ ਮੰਤਰੀ ਦੇ ਪੱਧਰ ਤੋਂ ਕਿਤੇ ਨੀਵਾਂ ਸੀ।ਇਸ ਨੇ ਦੇਸ਼ ਦੀ ਦੁਨੀਆ ਵਿੱਚ ਸਾਖ ਨੂੰ ਡੇਗਿਆ ਹੈ।ਪ੍ਰਧਾਨ ਮੰਤਰੀ ਨੇ ਸ਼ਰੇਆਮ ਲਾਲ ਕਿਲ੍ਹਾ 'ਤੇ ਪ੍ਰਸ਼ਨ ਕਰਨ ਵਾਲਿਆਂ ਨੂੰ ਦਿਮਾਗੀ ਨਕਸਲੀ ਕਹਿ ਕੇ ਧਮਕੀ ਦਿੱਤੀ ਹੈ ਤੇ ਚੇਤਾਵਨੀ ਦਿੱਤੀ ਹੈ ਕਿ ਉਹਨਾਂ ਖ਼ਿਲਾਫ ਕਾਰਵਾਈ ਕੀਤੀ ਜਾਏਗੀ।ਜੰਤਰ ਮੰਤਰ ਵਿਖੇ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਅੰਦੋਲਨ ਤੋਂ ਬੁਖਲਾ ਕੇ ਉਹ ਇਸ ਕਿਸੇ ਦੀ ਹਲਕੀਆਂ ਗੱਲਾਂ ਕਰ ਰਹੇ ਹਨ।ਭਾਰਤੀ ਕਮਿਊਨਿਸਟ ਪਾਰਟੀ ਇਸ ਕਿਸਮ ਦੀਆਂ ਧਮਕੀਆਂ ਦੀ ਜ਼ੋਰ ਨਿਖੇਧੀ ਕਰਦੀ ਹੈ ਤੇ ਲਗਾਤਾਰ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ।ਇਸ ਮੌਕੇ ਖੰਨਾ, ਮਾਛੀਵਾੜਾ, ਦੋਰਾਹਾ, ਮਲੌਦ ਆਦਿ ਬਲਾਕਾਂ ਤੋਂ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਇਨ੍ਹਾਂ ਸਾਥੀਆਂ ਵਿੱਚ ਪ੍ਰਮੁੱਖ ਕਾਮਰੇਡ ਪਰਮਜੀਤ ਸਿੰਘ ਐਡਵੋਕੇਟ ਖੰਨਾ, ਕਾਮਰੇਡ ਗੁਰਮੀਤ ਖੰਨਾ, ਕਾਮਰੇਡ ਜਗਦੀਸ਼ ਬੌਬੀ ਮਾਛੀਵਾੜਾ, ਕਾਮਰੇਡ ਭਗਵਾਨ ਸਿੰਘ ਮਲੌਦ, ਕਾਮਰੇਡ ਨਿਰੰਜਨ ਸਿੰਘ ਦੋਰਾਹਾ, ਕਾਮਰੇਡ ਕੇਵਲ ਸਿੰਘ ਬਨਵੈਤ, ਰਘਬੀਰ ਸਿੰਘ, ਕੇਵਲ ਸਿੰਘ ਮਜਾਲੀਆਂ, ਐਸ ਪੀ ਸਿੰਘ, ਜੱਗ ਸਿੰਘ ਸਿਰਥਲਾ ਆਦਿ ਸ਼ਾਮਲ ਸਨ।

# 258 ਗ੍ਰਾਮ ਹੈਰੋਇਨ, 37 ਹਜ਼ਾਰ ਨਕਦ ਤੇ 8 ਮੋਬਾਇਲਾਂ ਸਮੇਤ 4 ਗ੍ਰਿਫ਼ਤਾਰ



**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਦਰ ਜਲਾਲਾਬਾਦ ਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਵੱਖ-ਵੱਖ ਥਾਵਾਂ ਤੋਂ 4 ਵਿਅਕਤੀਆਂ ਨੂੰ 258 ਗ੍ਰਾਮ ਹੈਰੋਇਨ, ਇਕ ਇਲੈਕਟ੍ਰਾਨਿਕ ਕੰਪਿਊਟਰ ਕੰਡਾ, 37 ਹਜ਼ਾਰ ਰੁਪਏ ਭਾਰਤੀ ਕਰੰਸੀ ਤੇ 8 ਮੋਬਾਇਲ ਫੋਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਥਾਣਾ ਵੈਰੋਕੇ ਵਿਖੇ ਦਰਜ ਮੁਕੱਦਮੇ ਦੇ ਤਫ਼ਤੀਸ਼ੀ ਅਫ਼ਸਰ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਮੌਜੂਦ ਸੀ ਤੇ ਪਿੰਡ ਕਾਠਗੜ੍ਹ ਵਿਖੇ ਸ਼ਮਸ਼ਾਨਘਾਟ ਦੇ ਕੋਲ ਪੁੱਜੇ ਤਾਂ ਇਕ ਔਰਤ ਆਉਦੀ ਦਿਖਾਈ ਦਿੱਤੀ, ਜੋ ਪੁਲਸ ਦੀ ਗੱਡੀ ਨੂੰ ਦੇਖ ਕੇ ਘਬਰਾ ਕੇ ਇਕਦਮ ਪਿੱਛੇ ਵੱਲ ਨੂੰ ਮੁੜਨ ਲੱਗੀ ਤਾਂ ਪੁਲਸ ਪਾਰਟੀ ਨੇ ਕਾਬੂ ਕਰਕੇ ਉਸ ਵੱਲੋਂ ਫੜੇ ਮੋਮੀ ਲਿਫ਼ਾਫ਼ੇ ਦੀ ਚੈਕਿੰਗ ਕਰਨ ਤੇ ਉਸ ਵਿੱਚੋਂ 255 ਗ੍ਰਾਮ ਹੈਰੋਇਨ, ਇਕ ਇਲੈਕਟ੍ਰਾਨਿਕ ਕੰਪਿਊਟਰ ਕੰਡਾ, 37 ਹਜ਼ਾਰ ਰੁਪਏ, 4 ਮੋਬਾਇਲ ਫੋਨ ਸਕਰੀਨ ਟੱਚ ਤੇ 4 ਮੋਬਾਇਲ ਫੋਨ ਹੋਰ ਬਰਾਮਦ ਕੀਤੇ ਗਏ। ਪੁਲਸ ਨੇ ਇਸ ਔਰਤ ਮਹਿੰਦਰ ਕੌਰ ਪਤਨੀ ਰੂਲੀਆ ਸਿੰਘ ਵਾਸੀ ਕਾਠਗੜ੍ਹ ਨੂੰ ਗ੍ਰਿਫ਼ਤਾਰ ਕਰ ਲਿਆ।

ਉਧਰ ਥਾਣਾ ਵੈਰੋਕੇ ਵਿਖੇ ਦਰਜ ਇਕ ਹੋਰ ਮੁਕੱਦਮੇ ਦੇ ਤਫ਼ਤੀਸ਼ੀ ਅਫਸਰ ਸਹਾਇਕ ਥਾਣੇਦਾਰ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ ਉਹ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸੇਮਨਾਲਾ ਜੰਡਵਾਲਾ ਦੇ ਕੋਲ ਦੁਪਹਿਰ ਕਰੀਬ 6.30 ਵਜੇ ਪੁੱਜੇ ਤਾਂ 2 ਵਿਅਕਤੀ ਪੈਦਲ ਆਉਦੇ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਉਨ੍ਹਾਂ ਨੇ ਆਪਣੇ ਹੱਥ ਵਿੱਚ ਫੜਿਆ ਪਾਰਦਰਸ਼ੀ ਮੋਮੀ ਲਿਫਾਫਾ ਦੂਜੀ ਸਾਇਡ ਸੁੱਟ ਦਿੱਤਾ ਤੇ ਖਿਸਕਣ ਲੱਗੇ ਤਾਂ ਪੁਲਸ ਪਾਰਟੀ ਨੇ ਸ਼ੱਕ ਦੇ ਬਿਨ੍ਹਾ ਇਨ੍ਹਾਂ ਵਿਅਕਤੀਆਂ ਨੂੰ ਕਾਬੂ ਕਰਕੇ ਇਨ੍ਹਾਂ ਵੱਲੋਂ ਸੁੱਟੇ ਗਏ ਸਮਾਨ ਦੀ ਚੈਕਿੰਗ ਕਰਨ ਤੇ 2 ਗ੍ਰਾਮ ਹੈਰੋਇਨ ਬਰਾਮਦ ਹੋਈ।

ਪੁਲਸ ਨੇ ਕੁਲਦੀਪ ਸਿੰਘ ਪੁੱਤਰ ਕਾਲਾ ਸਿੰਘ ਅਤੇ ਜਸਵੰਤ ਸਿੰਘ ਉਰਫ ਗੁੱਲੂ ਪੁੱਤਰ ਚੰਨ ਸਿੰਘ ਵਾਸੀਆਨ ਚੱਕ ਬਲੋਚਾ ਉਰਫ ਮਹਾਲਮ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਵੈਰੋਕੇ ਦੀ ਪੁਲਸ ਵੱਲੋਂ ਦੋ ਵੱਖ-ਵੱਖ ਮੁਕੱਦਮੇ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤਾ ਹੈ।

ਥਾਣਾ ਸਦਰ ਜਲਾਲਾਬਾਦ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਤੇ ਚੌਕੀ ਘੁਬਾਇਆ ਦੇ ਇੰਚਾਰਜ ਸਹਾਇਕ ਥਾਣੇਦਾਰ ਅਭਿਸ਼ੇਕ ਸ਼ਰਮਾ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਇਲਾਕੇ ਵਿੱਚ ਮੌਜੂਦ ਸੀ ਤੇ ਐਫ-ਐਫ ਰੋਡ ਤੋਂ ਲੱਖਾ ਕੇ ਮੁਸਾਹਿਬ ਨੂੰ ਮੁੜੇ ਤੱਕ ਸਾਹਮਣੇ ਤੋਂ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਦੇਖ ਕੇ ਪਿੱਛੇ ਮੁੜਨ ਲੱਗੇ ਤਾਂ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਕਰਕੇ ਉਸਦੇ ਕਬਜ਼ੇ ਵਿੱਚੋਂ 1 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਗੁਰਪ੍ਰੀਤ ਸਿੰਘ ਉਰਫ਼ ਨਿੱਕਾ ਪੁੱਤਰ ਧਰਮ ਸਿੰਘ ਵਾਸੀ ਭੰਬਾ ਵੱਟੂ ਨੂੰ ਕਾਬੂ ਕਰਕੇ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 170 ਮਿਤੀ 16 ਅਗਸਤ 2026 ਨੂੰ ਧਾਰਾ 21/61/85 ਐਨ.ਡੀ.ਪੀ.ਐਸ. ਅਧੀਨ ਦਰਜ ਕੀਤਾ ਗਿਆ ਹੈ।

## ਕਾਤਰਾਂ

### ਦੇਸ਼ ਭਗਤ ਕਾਲਜ 'ਚ ਲਾਇਬ੍ਰੇਰੀਅਨ ਦਿਵਸ ਮਨਾਇਆ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਦੇਸ਼ ਭਗਤ ਕਾਲਜ, ਬਰੜਵਾਲ ਦੇ ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ ਵਿਭਾਗ ਵੱਲੋਂ ਲਾਇਬ੍ਰੇਰੀਅਨ ਦਿਵਸ ਮਨਾਇਆ ਗਿਆ।ਸਮਾਗਮ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਬਲਵੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਭਾਰਤ 'ਚ ਲਾਇਬ੍ਰੇਰੀ ਵਿਗਿਆਨ ਦੇ ਪਿਤਾਮਾ ਡਾ. ਐੱਸ.ਆਰ. ਰੰਗਨਾਥਨ ਦੇ ਜੀਵਨ ਤੇ ਯੋਗਦਾਨ ਸਬੰਧੀ ਆਡੀਓ ਕਲਿੱਪ ਸੁਣਾਈ ਗਈ। ਵਿਦਿਆਰਥੀਆਂ ਨੇ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿੱਚ ਭਾਸ਼ਣ ਦੇ ਕੇ ਲਾਇਬ੍ਰੇਰੀ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ।ਵਿਭਾਗ ਮੁਖੀ ਅੰਜੂ ਬਾਲਾ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਪੁਸਤਕਾਂ ਤੇ ਪੋਸਟਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ।

### ਅਭਿਸ਼ੇਕ ਸ਼ਰਮਾ ਨੂੰ ਤਰੱਕੀ ਦਾ ਸਟਾਰ ਲਾਇਆ



**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਚੌਕੀ ਘੁਬਾਇਆ ਵਿਖੇ ਬਤੌਰ ਇੰਚਾਰਜ ਦੇ ਰੂਪ ਵਿੱਚ ਸੇਵਾਵਾਂ ਨਿਭਾਅ ਰਹੇ ਅਭਿਸ਼ੇਕ ਸ਼ਰਮਾ ਪਦਉਨਤ ਹੋ ਕੇ ਏ.ਐਸ.ਆਈ. ਵਜੋਂ ਤਰੱਕੀ ਹੋ ਗਈ ਹੈ। ਬੀਤੇ ਦਿਨ ਫ਼ਾਜ਼ਿਲਕਾ ਜ਼ਿਲ੍ਹੇ ਦੇ ਐਸ.ਐਸ.ਪੀ. ਗਗਨ ਅਜੀਤ ਸਿੰਘ, ਡੀ.ਐਸ.ਪੀ. ਅਬਿਨਾਸ਼ ਚੰਦ ਤੇ ਥਾਣਾ ਸਦਰ ਜਲਾਲਾਬਾਦ ਦੇ ਐਸ.ਐਚ.ਓ ਅੰਗਰੇਜ਼ ਕੁਮਾਰ ਵੱਲੋਂ ਚੌਕੀ ਇੰਚਾਰਜ ਘੁਬਾਇਆ ਅਭਿਸ਼ੇਕ ਸ਼ਰਮਾ ਨੂੰ ਤਰੱਕੀ ਦਾ ਸਟਾਰ ਲਗਾ ਕੇ ਸਨਮਾਨਤ ਕੀਤਾ ਗਿਆ। ਅਧਿਕਾਰੀਆਂ ਵੱਲੋਂ ਅਭਿਸ਼ੇਕ ਸ਼ਰਮਾ ਨੂੰ ਤਰੱਕੀ ਲਈ ਵਧਾਈਆਂ ਦਿੱਤੀਆਂ ਗਈਆਂ ਤੇ ਭਵਿੱਖ ਵਿੱਚ ਵੀ ਇਮਾਨਦਾਰੀ ਤੇ ਸਮਰਪਣ ਨਾਲ ਡਿਊਟੀ ਨਿਭਾਉਣ ਦੀ ਕਾਮਨਾ ਕੀਤੀ ਗਈ। ਅਭਿਸ਼ੇਕ ਸ਼ਰਮਾ ਚੌਕੀ ਘੁਬਾਇਆ ਵਿੱਚ ਪਹਿਲਾਂ ਹੀ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਦੇ ਨਾਲ ਨਿਭਾਅ ਰਹੇ ਹਨ।

### ਹੈਰੋਇਨ ਦਾ ਸੇਵਨ ਕਰਨ 'ਤੇ ਇੱਕ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਹੈਰੋਇਨ ਦਾ ਨਸ਼ਾ ਕਰਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਂਚ ਅਧਿਕਾਰੀ ਐਚ.ਸੀ. ਸੁਨੀਲ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਦਾਣਾ ਮੰਡੀ ਜਲਾਲਾਬਾਦ ਦੇ ਸ਼ੈਡ ਤੋਂ ਲੱਲਾ ਬਸਤੀ ਦੇ ਬੈਕ ਸਾਈਡ ਖਾਲੀ ਪਏ ਫੜਾ ਦੇ ਕੋਲ ਪੁੱਜੇ ਤਾਂ ਉਥੇ ਜੱਜ ਸਿੰਘ ਪੁਤਰ ਹਰਭਜਨ ਸਿੰਘ ਵਾਸੀ ਕਨਲਾ ਵਾਲੇ ਝੁੱਗੇ ਜਲਾਲਾਬਾਦ ਨੂੰ ਨਸ਼ਾ ਕਰਦੇ ਹੋਏ ਦਿਖਾਈ ਦਿੱਤਾ, ਜਿਸ ਨੂੰ ਇੱਕ ਸਿਲਵਰ ਪੰਨੀ, ਇਕ ਲਾਈਟਰ ਤੇ ਇੱਕ 20 ਰੁਪਏ ਦਾ ਭਾਰਤੀ ਕਰੰਸੀ ਨੋਟ ਸਮੇਤ ਕਾਬੂ ਕੀਤਾ ਹੈ। ਥਾਣਾ ਸਦਰ ਵਿਖੇ ਧਾਰਾ 27/61/85 ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤਾ ਗਿਆ ਹੈ।

# ਅਕਾਲੀ-ਭਾਜਪਾ ਗੱਠਜੋੜ ਨਹੀਂ ਕਰ ਸਕੇਗਾ ਪੰਜਾਬ ਦੇ ਸਿਆਸੀ ਸਮੀਕਰਨਾਂ ਨੂੰ ਪ੍ਰਭਾਵਿਤ : ਐਡਵੋਕੇਟ ਗੋਇਲ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ-ਭਾਜਪਾ ਗਠਜੋੜ ਦੀਆਂ ਸੰਭਵਨਾਵਾਂ



ਵਧ ਗਈਆਂ ਹਨ ਪ੍ਰੰਤੂ ਇਸ ਨਾਲ ਪੰਜਾਬ ਦੇ ਸਿਆਸੀ ਸਮੀਕਰਨਾਂ 'ਤੇ ਕੋਈ ਜ਼ਿਆਦਾ ਪ੍ਰਭਾਵ ਨਹੀਂ ਪਵੇਗਾ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਐਡਵੋਕੇਟ ਚਮਨ ਲਾਲ ਗੋਇਲ ਨੇ ਪ੍ਰੈੱਸ ਦੇ ਰੁਬਰੂ ਹੁੰਦਿਆਂ ਕੀਤਾ ।ਉਨ੍ਹਾਂ ਕਿਹਾ ਕਿ ਆਪਾ-ਵਿਰੋਧੀ ਇਹ ਦੋਵੇਂ ਪਾਰਟੀਆਂ ਦਾ ਪੰਜਾਬ ਵਿੱਚ ਕੋਈ ਠੋਸ ਆਧਾਰ ਨਹੀਂ ਕਿਉਂਕਿ ਭਾਜਪਾ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਵੱਖ ਵੱਖ ਕਿਸਾਨ ਯੂਨੀਅਨ ਦਾ ਬੀ ਜੇ ਪੀ ਨੂੰ ਕਿਸਾਨ ਵਿਰੋਧੀ ਅਤੇ ਦਿੱਲੀ ਮੋਰਚੇ ਸਮੇਂ 750 ਕਿਸਾਨਾ ਦੀ ਕਾਤਲ ਸਮਝ ਰਹੀ ਹੈ। ਇਸ ਤੋਂ ਬਿਨਾਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਜਿਵੇਂ ਗੈਸ ਸਿਲੰਡਰ, ਪੈਟਰੋਲ-ਡੀਜ਼ਲ ਆਦਿ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਪਾਰਟੀ ਦੀ ਵੋਟ ਬੈਂਕ ਨੂੰ ਖੋਰਾ ਲਾ ਸਕਦੀਆਂ ਹਨ। ਅਕਾਲੀ ਦਲ ਬਾਦਲ ਨੂੰ ਲੋਕ ਚਿੱਟੇ ਅਤੇ ਬੇਅਦਬੀਆਂ ਲਈ ਜ਼ਿੰਮੇਵਾਰ ਠਹਿਰਾ ਰਹੇ ਹਨ। ਇਸ ਤੋਂ ਬਿਨਾਂ ਦੋਨਾਂ ਪਾਰਟੀਆਂ ਕੋਲ ਕੋਈ ਠੋਸ ਮੁੱਦਾ ਵੀ ਨਹੀਂ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਵੀ ਆਪਣੇ ਹੀ ਪੁਰਾਣੇ ਵਰਕਰ ਅਤੇ ਮੁਲਾਜ਼ਮ ਵਰਗ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਉਨਾਂ ਕੋਲ ਕਾਫੀ ਵਾਅਦੇ ਪੂਰੇ ਕਰਨ ਤੋਂ ਇਲਾਵਾ ਸਾਰੇ ਵਰਗਾਂ ਨੂੰ 600 ਯੂਨਿਟ ਬਿਜਲੀ ਮਾਫੀ ਬੇਅਦਬੀ ਖਿਲਾਫ ਬਿਲ, ਬਜ਼ੁਰਗਾਂ ਨੂੰ ਮੁਫਤ ਤੀਰਥ ਯਾਤਰਾ ਅਤੇ ਮਾਂਵਾਂ ਧੀਆਂ ਸਤਿਕਾਰ ਯੋਜਨਾ ਅਜਿਹੇ ਮੁੱਦੇ ਹਨ ਜਿਨ੍ਹਾਂ ਨੂੰ ਲੈ ਕੇ ਉਹ ਆਮ ਜਨਤਾ ਵਿੱਚ ਵਿਚਰ ਸਕਦੇ ਹਨ, ਬਾਕੀ ਸਿਆਸੀ ਪਾਰਟੀਆਂ ਦੀ ਸਥਿਤੀ ਅਜੇ ਸਪੱਸ਼ਟ ਨਹੀਂ ਹੋ ਸਕੀ।

ਅਖੀਰ ਵਿੱਚ ਉਕਤ ਆਗੂ ਨੇ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਪੰਜਾਬ ਦੇ ਸਿਆਸੀ ਸਮੀਕਰਨਾਂ ਨੂੰ ਬਦਲਣ ਵਿੱਚ ਜ਼ਿਆਦਾ ਕਾਮਯਾਬ ਹੁੰਦੀ ਨਜ਼ਰ ਨਹੀਂ ਆ ਰਹੀ।

# ਮਹਿਤਾਬਗੜ੍ਹ ਦਾ ਵਾਲਮੀਕੀ ਭਾਈਚਾਰਾ ਸਹੂਲਤਾਂ ਤੋਂ ਵਾਂਝਾ, ਰਾਕੇਸ਼ ਬੱਗਾ ਅੱਗੇ ਛਲਕਿਆ ਦਰਦ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਪਿੰਡ ਮਹਿਤਾਬਗੜ੍ਹ ਵਿਖੇ ਵੱਸਦੇ ਵਾਲਮਿਕੀ ਭਾਈਚਾਰੇ ਦੇ ਲੋਕ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਭਾਈਚਾਰੇ ਦੇ ਲੋਕਾਂ ਦਾ ਦੋਸ਼ ਹੈ ਕਿ ਉਨ੍ਹਾਂ ਦੀ ਕਲੋਨੀ ਨੂੰ ਜਾਣ ਵਾਲਾ ਰਸਤਾ ਤੇ ਇਲਾਕਾ ਪਿਛਲੇ ਕਈ ਸਾਲਾਂ ਤੋਂ ਨਿਕਾਸੀ ਪ੍ਰਬੰਧ ਤੋਂ ਵਾਂਝਾ ਹੈ, ਜਿਸ ਕਾਰਨ ਗੰਦਾ ਪਾਣੀ ਖੜਾ ਰਹਿੰਦਾ ਹੈ ਅਤੇ ਲੋਕਾਂ ਨੂੰ ਆਵਾਜਾਈ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਥਾਨਕ ਵਸਨੀਕਾਂ ਨੇ ਦੱਸਿਆ ਕਿ ਨਿਕਾਸੀ ਦੀ ਸਮੱਸਿਆ ਦੇ ਨਾਲ-ਨਾਲ ਕਲੋਨੀ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਵੀ ਕੋਈ ਢੁੱਕਵੀਂ ਸਹੂਲਤ ਨਹੀਂ ਹੈ।ਕਈ ਵਾਰ ਸੰਬੰਧਤ ਵਿਭਾਗਾਂ ਅਤੇ ਸਰਕਾਰਾਂ ਦੇ ਨੁਮਾਇੰਦਿਆਂ ਕੋਲ ਮੰਗ ਉਠਾਉਣ ਦੇ ਬਾਵਜੂਦ ਅੱਜ ਤੱਕ ਉਨ੍ਹਾਂ ਦੀ ਸਮੱਸਿਆ ਦਾ ਕੋਈ ਪੱਕਾ ਹੱਲ ਨਹੀਂ ਕੀਤਾ ਗਿਆ।ਲੰਮੇ ਸਮੇਂ ਤੋਂ ਅਣਸੁਣੀਆਂ ਰਹੀਆਂ ਮੰਗਾਂ ਤੋਂ ਤੰਗ ਆ ਕੇ ਵਾਲਮਿਕੀ ਭਾਈਚਾਰੇ ਦੇ ਲੋਕਾਂ ਨੇ ਸਮਾਜਸੇਵੀ ਰਾਕੇਸ਼ ਬੱਗਾ ਅਤੇ ਨਾਲ ਪੁਹੰਚੇ ਸਤਪਾਲ ਸਿੰਘ, ਸਵਰਨ ਸਿੰਘ, ਰਿੰਕੀ, ਜਗਜੀਤ ਸਿੰਘ ਜੱਗੀ, ਅਮਨਦੀਪ ਸਿੰਘ, ਗੁਰਚੇਤ ਸਿੰਘ ਅੱਗੇ ਆਪਣੀ ਫਰਿਆਦ ਰੱਖੀ। ਇਸ ਮੌਕੇ ਭਾਈਚਾਰੇ ਦੇ ਮੈਂਬਰਾਂ ਨੇ ਦੱਸਿਆ ਕਿ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਉਨ੍ਹਾਂ ਦਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ ਅਤੇ ਪ੍ਰਸ਼ਾਸਨ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਰਾਕੇਸ਼ ਬੱਗਾ ਨੇ ਭਾਈਚਾਰੇ ਦੀਆਂ ਸਮੱਸਿਆਵਾਂ ਸੁਣਦਿਆਂ ਭਰੋਸਾ ਦਿੱਤਾ ਕਿ ਉਹ ਇਸ ਮਾਮਲੇ ਨੂੰ ਸੰਬੰਧਤ ਅਧਿਕਾਰੀਆਂ ਤੇ ਸਰਕਾਰ ਦੇ ਧਿਆਨ ਵਿੱਚ ਲਿਆਉਣਗੇ ਅਤੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਹਰ ਸੰਭਵ ਯਤਨ ਕਰਨਗੇ।ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਬੁਨਿਆਦੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਕਿਸੇ ਵੀ ਭਾਈਚਾਰੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ।

# ਕਾਮਰੇਡ ਨਛੱਤਰ ਸਿੰਘ ਢੈਪਈ ਨੂੰ ਸਦਮਾ, ਪਤਨੀ ਦਾ ਦੇਹਾਂਤ

**ਭੀਖੀ (ਧਰਮਵੀਰ ਸ਼ਰਮਾ)**-ਸੀ.ਪੀ.ਆਈ. (ਐਮ) ਜ਼ਿਲ੍ਹਾ ਮਾਨਸਾ ਦੇ ਸੀਨੀਅਰ ਆਗੂ ਅਤੇ ਪੀ ਆਰ ਟੀ ਸੀ ਮੋਟਰ ਮਜ਼ਦੂਰ ਯੂਨੀਅਨ (ਸੀਟੂ) ਦੇ ਆਗੂ ਰਹੇ ਕਾਮਰੇਡ ਨਛੱਤਰ ਸਿੰਘ ਢੈਪਈ ਦੀ ਜੀਵਨ ਸਾਥਣ ਬੀਬੀ ਅਮਰਜੀਤ ਕੌਰ (ਉਮਰ ਕਰੀਬ 72 ਸਾਲ) ਅੱਜ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਬਣਿਆ ਉਂਝ



ਬੀਬੀ ਅਮਰਜੀਤ ਕੌਰ ਪਿਛਲੇ ਕੁੱਝ ਮਹੀਨਿਆਂ ਤੋਂ ਬਿਮਾਰ ਚਲੇ ਆ ਰਹੇ ਸਨ। ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਢੈਪਈ ਵਿਖੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਚਿਖਾ ਨੂੰ ਅਗਨੀ ਦੇਣ ਦੀ ਰਸਮ ਉਹਨਾਂ ਦੇ ਲੜਕਿਆਂ ਰਘਬੀਰ ਸਿੰਘ ਅਤੇ ਜਸਵੀਰ ਸਿੰਘ ਨੇ ਨਿਭਾਈ।

ਅੰਤਿਮ ਸੰਸਕਾਰ ਮੌਕੇ ਸੀ ਪੀ ਆਈ (ਐਮ) ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਜ਼ਿਲ੍ਹਾ ਸਕੱਤਰੇਤ ਮੈਂਬਰ ਅਤੇ ਤਹਿਸੀਲ ਮਾਨਸਾ ਦੇ ਸਕੱਤਰ ਕਾਮਰੇਡ ਅਮਰਜੀਤ ਸਿੰਘ ਸਿੱਧੂ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਸਵੰਤ ਸਿੰਘ ਬੀਰੋਕੇ, ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਪਰਵਿੰਦਰ ਸਿੰਘ ਭੀਖੀ, ਪੀ ਆਰ ਟੀ ਸੀ ਮੋਟਰ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਰਘਵੀਰ ਸਿੰਘ ਖਡਿਆਲ, ਪੈਨਸ਼ਨਰਜ਼ ਐਸੋਸੀਏਸ਼ਨ ਪਾਵਰ ਕਾਮ ਦੇ ਆਗੂ ਸਾਥੀ ਦਰਸ਼ਨ ਸਿੰਘ ਜੋਗਾ ਤੋਂ ਇਲਾਵਾ ਰਿਸ਼ਤੇਦਾਰ ਇਲਾਕੇ ਦੇ ਪਤਵੰਤਿਆਂ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕ ਮੌਜੂਦ ਸਨ।

# ਸਬ-ਡਵੀਜ਼ਨ ਧੂਰੀ ਦੀ ਪੁਲਸ ਵੱਲੋਂ ਹਫਤੇ ਦੌਰਾਨ 4 ਮੁਲਜ਼ਮ ਗ੍ਰਿਫ਼ਤਾਰ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸਬ ਡਵੀਜ਼ਨ ਧੂਰੀ ਦੀ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ ਅਧੀਨ ਮਿਤੀ 10 ਅਗਸਤ ਤੋਂ 16 ਅਗਸਤ ਤੱਕ ਕੀਤੀ ਗਈ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦੀ ਹਫ਼ਤਾਵਾਰੀ ਰਿਪੋਰਟ ਜਾਰੀ ਕੀਤੀ ਗਈ ਹੈ।ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਡਾ. ਰਵਜੋਤ ਗਰੇਵਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅਰਸੇ ਦੌਰਾਨ ਸਬ ਡਵੀਜ਼ਨ ਧੂਰੀ ਅਧੀਨ ਪੈਂਦੇ ਥਾਣਿਆਂ ਵੱਲੋਂ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਨਸ਼ਾ ਤਸਕਰਾਂ ਵਿਰੁੱਧ 4 ਮੁਕੱਦਮੇ ਦਰਜ ਕਰਕੇ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਪਾਸੋਂ 6 ਗ੍ਰਾਮ ਹੈਰੋਇਨ (ਚਿੱਟਾ), 10 ਰੁਪਏ ਦਾ ਕਰੰਸੀ ਨੋਟ ਤੇ ਪੰਨੀ, 38 ਨਸ਼ੀਲੀਆਂ ਗੋਲੀਆਂ ਅਤੇ 10 ਬੋਤਲਾਂ ਦੇਸੀ ਸ਼ਰਾਬ ਬਰਾਮਦ ਕੀਤੀ ਗਈ। ਇਸ ਦੇ ਨਾਲ ਹੀ ਪੁਲਸ ਦੀਆਂ ਸਾਰਥਕ ਕੋਸ਼ਿਸ਼ਾਂ ਨਾਲ ਨਸ਼ੇ ਦੀ ਗ੍ਰਿਫ਼ਤ ਵਿੱਚ ਆਏ 16 ਵਿਅਕਤੀਆਂ ਨੂੰ ਮੁੜ-ਵਸੇਬਾ ਮੁਹਿੰਮ ਤਹਿਤ ਓਟ ਸੈਂਟਰ ਤੋਂ ਦਵਾਈ ਦਿਵਾਈ ਗਈ।ਕਾਨੂੰਨ ਵਿਵਸਥਾ ਅਤੇ ਅਦਾਲਤੀ ਚਾਲਾਨਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਨੇ ਦੱਸਿਆ ਕਿ 15 ਮੁਕੱਦਮਿਆਂ ਦੀ ਤਫ਼ਤੀਸ਼ ਮੁਕੰਮਲ ਕਰਕੇ ਦੋਸ਼ੀਆਂ ਖ਼ਿਲਾਫ਼ ਅਦਾਲਤ ਵਿੱਚ ਚਾਲਾਨ ਪੇਸ਼ ਕੀਤੇ ਗਏ ਹਨ। ਆਮ ਜਨਤਾ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਦਿਆਂ 35 ਦਰਖ਼ਾਸਤਾਂ ਦਾ ਨਿਪਟਾਰਾ ਕੀਤਾ ਗਿਆ। ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਮੋਟਰ ਵਹੀਕਲ ਐਕਟ ਤਹਿਤ ਕਾਰਵਾਈ ਕਰਦੇ ਹੋਏ 247 ਵਹੀਕਲਾਂ ਦੇ ਚਾਲਾਨ ਕੱਟੇ ਗਏ ਅਤੇ ਸ਼ੱਕੀ ਵਿਅਕਤੀਆਂ ਦੀ ਬਾਰੀਕੀ ਨਾਲ ਚੈਕਿੰਗ ਕਰਕੇ 121 ਵਿਅਕਤੀਆਂ ਵਿਰੁੱਧ 172 ਬੀ ਐਨ ਐਸ ਐਸ ਤਹਿਤ ਕਾਰਵਾਈ ਕੀਤੀ ਗਈ।ਪੁਲਸ ਵੱਲੋਂ ਸੰਪਰਕ ਪ੍ਰੋਜੈਕਟ ਅਧੀਨ ਵੱਖ-ਵੱਖ ਥਾਣਿਆਂ ਤੇ ਚੌਂਕੀਆਂ ਰਾਹੀਂ ਪੰਚਾਇਤਾਂ, ਸਪੋਰਟਸ ਕਲੱਬਾਂ ਅਤੇ ਮੋਹਤਬਰ ਵਿਅਕਤੀਆਂ ਨਾਲ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਆਮ ਲੋਕਾਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਦਿਆਂ ਨਸ਼ਾ ਸਮੱਗਲਰਾਂ ਦੀ ਇਤਲਾਹ ਪੁਲਸ ਨਾਲ ਸਾਂਝੀ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਜ਼ਿਲ੍ਹਾ ਪੁਲਸ ਨੇ ਪਬਲਿਕ ਨਾਲ ਥਾਣਿਆਂ ਦੇ ਨੰਬਰ ਸਾਂਝੇ ਕਰਦਿਆਂ ਅਪੀਲ ਕੀਤੀ ਹੈ ਕਿ ਨਸ਼ੇ ਦੇ ਕੋੜ੍ਹ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੁਲਿਸ ਦਾ ਪੂਰਨ ਸਹਿਯੋਗ ਦਿੱਤਾ ਜਾਵੇ। ਨਸ਼ਿਆਂ ਵਿਰੁੱਧ ਇਹ ਜੰਗ ਨਿਰੰਤਰ ਜਾਰੀ ਰਹੇਗੀ।

# ਮਨਿਸਟੀਰੀਅਲ ਕਾਮਿਆਂ ਵੱਲੋਂ 2 ਦਿਨਾ ਕਲਮਛੋੜ ਹੜਤਾਲ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਰਾਜ ਮਨਿਸਟਰੀਅਲ ਸਰਵਿਸਜ਼ ਯੂਨੀਅਨ ਵੱਲੋਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰਨ, ਕੱਚੇ ਮੁਲਾਜ਼ਮ ਪੱਕੇ ਕਰਨ, ਖਾਲੀ ਪੋਸਟਾਂ ਭਰਨ ਅਤੇ ਮੁਲਾਜ਼ਮ ਮਾਰੂ ਪੱਤਰਾਂ ਨੂੰ ਵਾਪਸ ਲੈਣ ਸਬੰਧੀ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ, ਜਿਸ ਦੇ ਚਲਦਿਆਂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸਰਕਾਰੀ ਦਫ਼ਤਰਾਂ ਵਿੱਚ ਮਨਿਸਟਰੀਅਲ ਕਰਮਚਾਰੀਆਂ ਵੱਲੋਂ ਮੁਕੰਮਲ ਕਲਮਛੋੜ ਹੜਤਾਲ/ਕੰਪਿਊਟਰ ਬੰਦ ਹੜਤਾਲ ਕਰਕੇ ਆਪਣਾ ਰੋਸ ਦਰਜ ਕਰਵਾਇਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਮਨਿਸਟਰੀਅਲ ਕਰਮਚਾਰੀ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਖੁਸ਼ਕਰਨ ਸਿੰਘ, ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਅਤੇ ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸੂਬਾ ਬਾਡੀ ਵੱਲੋਂ ਸਰਕਾਰ ਨੂੰ 15 ਅਗਸਤ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਸੀ ਕਿ ਸਰਕਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਮਹਿੰਗਾਈ ਭੱਤੇ ਸਬੰਧੀ ਦਿੱਤੇ ਗਏ ਫੈਸਲੇ ਨੂੰ ਲਾਗੂ ਕਰਕੇ ਕਰਮਚਾਰੀਆਂ ਦਾ ਬਕਾਇਆ ਮਹਿੰਗਾਈ ਭੱਤਾ ਤੁਰੰਤ ਜਾਰੀ ਕਰੇ, ਜੇਕਰ ਸਰਕਾਰ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ 17 ਅਤੇ 18 ਅਗਸਤ ਨੂੰ ਪੰਜਾਬ ਦੇ ਸਮੂਹ ਮਨਿਸਟਰੀਅਲ ਕਰਮਚਾਰੀਆਂ ਵੱਲੋਂ ਕਲਮਛੋੜ ਹੜਤਾਲ ਕੀਤੀ ਜਾਵੇਗੀ।ਪ੍ਰੰਤੂ ਅਫ਼ਸੋਸ ਦੀ ਗੱਲ ਹੈ ਕਿ ਸਰਕਾਰ ਵੱਲੋਂ ਕਰਮਚਾਰੀਆਂ ਦੇ ਕਿਸੇ ਵੀ ਹੱਕੀ ਤੇ ਜਾਇਜ਼ ਮੰਗ ਨੂੰ ਬਿਲਕੁਲ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ, ਜਿਸ ਦੇ ਰੋਸ ਵਜੋਂ ਅੱਜ 17 ਅਤੇ 18 ਅਗਸਤ ਦੀ ਕਲਮਛੋੜ ਹੜਤਾਲ ਕੀਤੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਫਰੀ ਦੇ ਗੱਫ਼ੇ ਵੰਡ ਕੇ ਵੱਡੇ ਵੱਡੇ ਇਸ਼ਤਿਹਾਰ ਲਗਾ ਰਹੀ ਹੈ, ਉਥੇ ਦੂਸਰੇ ਪਾਸੇ ਕਰਮਾਰੀਆਂ ਨੂੰ ਉਨ੍ਹਾਂ ਦੇ ਹੱਕ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਹੁਣ ਮੁਲਾਜ਼ਮ ਵਰਗ ਜਾਗ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ ਅਤੇ ਜੇਕਰ ਸਰਕਾਰ ਦੀ ਨੀਂਦ ਫਿਰ ਵੀ ਨਾ ਖੁੱਲ੍ਹੀ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਸਰਕਾਰ ਨੂੰ ਇਸਦਾ ਖਾਮਿਆਜ਼ਾ ਭੁਗਤਣਾ ਪਵੇਗਾ।ਇਸ ਕਲਮਛੋੜ ਹੜਤਾਲ ਦੇ ਚਲਦਿਆਂ ਜਿਲ੍ਹੇ ਦੇ ਸਮੂਹ ਦਫ਼ਤਰ ਜਿਵੇਂ ਡਿਪਟੀ ਕਮਿਸ਼ਨਰ ਦਫ਼ਤਰ, ਉਪ ਮੰਡਲ ਮੈਜਿਸਟ੍ਰੇਟ ਦਫ਼ਤਰ, ਤਹਿਸੀਲ ਦਫ਼ਤਰ, ਸਬ ਤਹਿਸੀਲ, ਜਲ ਸਪਲਾਈ ਵਿਭਾਗ, ਰੋਡਵੇਜ਼ ਵਿਭਾਗ, ਜੰਗਲਾਤ ਵਿਭਾਗ, ਨਹਿਰੀ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ, ਬਾਗਬਾਨੀ ਵਿਭਾਗ, ਖੇਤੀਬਾੜੀ ਵਿਭਾਗ, ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਆਬਕਾਰੀ ਤੇ ਕਰਮ ਵਿਭਾਗ ਆਦਿ ਵਿੱਚ ਮੁਕੰਮਲ ਤੌਰ 'ਤੇ ਕੰਮ ਬੰਦ ਰਿਹਾ।ਆਗੂਆਂ ਨੇ ਦੱਸਿਆ ਕਿ 18 ਅਗਸਤ ਨੂੰ ਜਥੇਬੰਦੀ ਦੀ ਸੂਬਾ ਬਾਡੀ ਵੱਲੋਂ ਅਗਲਾ ਸੰਘਰਸ਼ ਉਲੀਕਿਆ ਜਾਵੇਗਾ, ਇਸ ਤੋਂ ਇਲਾਵਾ ਸਾਂਝਾ ਮੁਲਾਜ਼ਮ ਮੰਚ ਅਤੇ ਸਾਂਝੀ ਐਕਸ਼ਨ ਤਾਲਮੇਲ ਕਮੇਟੀ ਵੱਲੋਂ 27 ਅਗਸਤ ਦੇ ਮਹਾਂਬੰਦ ਦੌਰਾਨ ਮਨਿਸਟਰੀਲ ਕਾਮੇ ਮੁਕੰਮਲ ਕਲਮਛੋੜ ਹੜਤਾਲ ਤੇ ਰਹਿਣਗੇ। ਇਸ ਮੌਕੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਮਨਿਸਟਰੀਅਲ ਕਾਮੇ ਹਾਜ਼ਰ ਸਨ।

# ਐੱਸ ਓ ਆਈ ਵਿੰਗ ਦਾ ਪ੍ਰਧਾਨ ਬਣਨ 'ਤੇ ਸੁਖਵੀਰ ਸਿੰਘ ਸੁੱਖਾ ਦਾ ਸਨਮਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਨੌਜਵਾਨਾਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ।ਇਸੇ ਤਹਿਤ ਸੁਖਵੀਰ ਸਿੰਘ ਬਰਾੜ ਸੁੱਖਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਿਦਿਆਰਥੀ ਸੰਗਠਨ ਐਸ.ਓ.ਆਈ. ਵਿੰਗ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਮਨ ਬੁੱਧਸਿੰਘ ਵਾਲਾ ਨੇ ਸੁਖਵੀਰ ਸਿੰਘ ਬਰਾੜ ਸੁੱਖਾ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਹਾਜ਼ਰ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਦਿੱਤੀ ਤੇ ਆਸ ਪ੍ਰਗਟਾਈ ਕਿ ਉਹ ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਨਿਭਾਉਣਗੇ।ਹਰਮਨ ਬੁੱਧ ਸਿੰਘ ਵਾਲਾ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਸਿਆਸੀ ਜਥੇਬੰਦੀ ਦੀ ਮਜ਼ਬੂਤੀ ਦਾ ਅਹਿਮ ਆਧਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸੁਖਵੀਰ ਸਿੰਘ ਬਰਾੜ ਸੁੱਖਾ ਵੱਲੋਂ ਪਾਰਟੀ ਪ੍ਰਤੀ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ।ਉਨ੍ਹਾਂ ਆਸ ਜਤਾਈ ਕਿ ਸੁੱਖਾ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਤੇ ਐਸ.ਓ.ਆਈ. ਵਿੰਗ ਨੂੰ ਹੋਰ ਮਜ਼ਬੂਤ ਕਰਨ ਲਈ ਸਰਗਰਮ ਭੂਮਿਕਾ ਨਿਭਾਉਣਗੇ। ਸਨਮਾਨ ਪ੍ਰਾਪਤ ਕਰਨ ਉਪਰੰਤ ਸੁਖਵੀਰ ਸਿੰਘ ਬਰਾੜ ਸੁੱਖਾ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੇ ਸਥਾਨਕ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਭਾਰਤ-ਅਮਰੀਕਾ ਵਪਾਰ ਸੰਧੀ ਖਿਲਾਫ ਕਨਵੈਨਸ਼ਨ ਦੀ ਤਿਆਰੀ ਸੰਬੰਧੀ ਮੀਟਿੰਗ



**ਤਲਵੰਡੀ ਸਾਬੋ (ਜਗਦੀਪ ਗਿੱਲ)** ਲੋਕ ਮੋਰਚਾ ਪੰਜਾਬ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਭਾਰਤ ਅਮਰੀਕਾ ਵਪਾਰ ਵਾਰਤਾ ਖਿਲਾਫ਼ 18 ਅਗਸਤ ਨੂੰ ਬਰਨਾਲਾ ਵਿਖੇ ਕਰਵਾਈ ਜਾ ਰਹੀ ਕਨਵੈਨਸ਼ਨ ਦੀ ਤਿਆਰੀ ਤਹਿਤ ਮੀਟਿੰਗ ਕਰਾਈ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਭਾਰਤ ਅਮਰੀਕਾ ਵਪਾਰ ਵਾਰਤਾ ਦੇ ਸਿਰੇ ਚੜ੍ਹਨ ਨਾਲ ਭਾਰਤ ਦੀ ਖੇਤੀ ਮੰਡੀ ਵਿਦੇਸ਼ੀ ਵਸਤਾਂ ਲਈ ਖੁੱਲ੍ਹ ਜਾਣੀ ਹੈ ਤੇ ਇਸ ਦੇ ਕਿਸਾਨਾਂ ਉੱਤੇ ਬਹੁਤ ਮਾਰੂ ਅਸਰ ਪੈਣੇ ਹਨ।ਸਨਅਤੀ ਵਸਤਾਂ ਦੇ ਮਾਮਲੇ ਵਿੱਚ ਇਹ ਮੰਡੀ ਪਹਿਲਾਂ ਹੀ ਖੋਲ੍ਹੀ ਜਾ ਚੁੱਕੀ ਹੈ ਤੇ ਹੁਣ ਇਸ ਵਾਰਤਾ ਸਦਕਾ ਹੋਰ ਸਨਅਤੀ ਵਸਤਾਂ ਦੀ ਦਰਾਮਦ ਹੋਣੀ ਹੈ ਤੇ ਸਾਡੀ ਪਹਿਲਾਂ ਹੀ ਸੋਕੜੇ ਦਾ ਸ਼ਿਕਾਰ ਸਨਅਤ ਨੇ ਹੋਰ ਮਰੁੰਡੇ ਜਾਣਾ ਹੈ।ਨਾ ਸਿਰਫ ਭਾਰਤੀ ਉਤਪਾਦਕਾਂ ਉੱਤੇ ਸਗੋਂ ਖਪਤਕਾਰਾਂ ਉੱਤੇ ਵੀ ਵਿਦੇਸ਼ੀ ਵਸਤਾਂ ਦੀ ਦਰਾਮਦ ਨੇ ਵੱਡੇ ਅਸਰ ਪਾਉਣੇ ਹਨ।ਪਹਿਲਾਂ ਖੇਤੀ ਖੇਤਰ ਅੰਦਰ ਸੇਬਾਂ ਦੀ ਦਰਾਮਦ ਨੇ ਹਿਮਾਚਲ ਅਤੇ ਕਸ਼ਮੀਰ ਦੇ ਸੇਬ ਉਤਪਾਦਕਾਂ ਉੱਤੇ ਬੇਹਦ ਮਾਰੂ ਅਸਰ ਪਾਇਆ ਹੈ।ਹੁਣ ਮੱਕੀ ਤੇ ਹੋਰ ਫਸਲੀ ਵਸਤਾਂ ਦੀ ਦਰਾਮਦ ਨੇ ਦੇਸ਼ ਦੇ ਬਾਕੀ ਹਿੱਸਿਆਂ ਦੇ ਕਿਸਾਨਾਂ ਨੂੰ ਵੀ ਕੰਗਾਲੀ ਦੇ ਮੂੰਹ ਧੱਕਣਾ ਹੈ ਤੇ ਭਾਰਤ ਦੇ ਖੇਤੀ ਸੰਕਟ ਨੂੰ ਹੋਰ ਵਿਸ਼ਾਲ ਕਰਨਾ ਹੈ।

ਆਗੂਆਂ ਨੇ ਕਿਹਾ ਕਿ ਇਹ ਸਮਝੌਤਾ ਵਾਰਤਾ ਪੂਰੀ ਤਰ੍ਹਾਂ ਸਾਮਰਾਜੀ ਦਬਾਅ ਅੱਗੇ ਲਿਫ਼ ਕੇ ਤੇ ਦੇਸ਼ ਦੇ ਹਿੱਤਾਂ ਨੂੰ ਦਾਅ ਉੱਤੇ ਲਾ ਕੇ ਕੀਤੀ ਜਾ ਰਹੀ ਹੈ।ਇਸ ਦਾ ਮੰਤਵ ਭਾਰਤੀ ਖੇਤੀ ਮੰਡੀ ਨੂੰ ਸਾਮਰਾਜੀ ਲੁੱਟ ਲਈ ਪੜਾਅਵਾਰ ਖੋਲ੍ਹਣਾ ਹੈ।ਦੇਸ਼ ਦੇ ਬਹੁ ਗਿਣਤੀ ਲੋਕਾਂ ਦੇ ਹਿੱਤਾਂ ਦੀ ਕੀਮਤ ਦੇ ਕੇ ਬਦਲੇ ਵਿੱਚ ਮੁੱਠੀ ਭਰ ਵੱਡੇ ਕਾਰੋਬਾਰੀਆਂ ਲਈ ਵਿਦੇਸ਼ੀ ਮੰਡੀ ਦੀ ਰਸਾਈ ਹਾਸਲ ਕਰਨਾ ਹੈ।ਤੇਲ ਦੀ ਦਰਾਮਦ ਦੇ ਮਾਮਲੇ ਵਿੱਚ ਭਾਰਤ ਉੱਤੇ ਆਇਦ ਪਾਬੰਦੀਆਂ ਅਤੇ ਅਮਰੀਕਾ ਵੱਲੋਂ ਪਾਇਆ ਜਾ ਰਿਹਾ ਦਬਾਅ ਇਸ ਸੰਧੀ ਦਾ ਹੀ ਇੱਕ ਜੁੜਵਾਂ ਹਿੱਸਾ ਹੈ।

# ਡਾ. ਸੁਖਦੇਵ ਸਿੰਘ ਸਿਰਸਾ ਨੂੰ ਸੈਨੇਟ ਚੋਣਾਂ 'ਚ ਜਿਤਾਉਣ ਲਈ ਸਰਗਰਮੀਆਂ ਤੇਜ਼



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੇ ਪਿੰਡ ਦੌਧਰ ਦੇ ਜੰਮਪਲ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਡਾ. ਸੁਖਦੇਵ ਸਿੰਘ ਸਿਰਸਾ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨਟ ਲਈ ਲੜੀ ਜਾ ਰਹੀ ਚੋਣ ਵਿੱਚ ਮੋਗੇ ਦੀਆਂ ਵੱਖ ਵੱਖ ਜਥੇਬੰਦੀਆਂ ਵੱਲੋਂ ਸਰਗਰਮੀ ਨਾਲ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ। ਕਾਮਰੇਡ ਸਤੀਸ਼ ਲੂੰਬਾ ਭਵਨ ਮੋਗਾ ਵਿਖੇ ਹੋਈ ਮੀਟਿੰਗ ਵਿੱਚ ਜਥੇਬੰਦੀਆਂ ਨੇ ਇਸ ਮੰਤਵ ਲਈ ਇੱਕ ਸਾਂਝੀ ਕੋਆਰਡੀਨੇਸ਼ਨ ਕਮੇਟੀ ਦਾ ਵੀ ਗਠਨ ਕੀਤਾ ਜੋ ਡਾ. ਸੁਖਦੇਵ ਸਿੰਘ ਸਿਰਸਾ ਦੀ ਚੋਣ ਮੁਹਿੰਮ ਨੂੰ ਪੂਰੇ ਯੋਜਨਾਬੱਧ ਢੰਗ ਨਾਲ ਚਲਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਚੇਅਰਮੈਨ ਪੂਰਨ ਸਿੰਘ ਸੰਧੂ ਨੇ ਆਖਿਆ ਕਿ ਮੌਜੂਦਾ ਸਾਰੀਆਂ ਉੱਚ ਸੰਵਿਧਾਨਕ ਸੰਸਥਾਵਾਂ ਵਿੱਚ ਫਿਰਕੂ ਕਤਾਰਬੰਦੀ ਕੀਤੀ ਜਾ ਰਹੀ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿੱਤਾਂ ਨਾਲ਼ ਲਗਾਤਾਰ ਧੱਕਾ ਕੀਤਾ ਜਾ ਰਿਹਾ ਹੈ। ਅਜਿਹੇ ਦੌਰ ਵਿੱਚ ਡਾ. ਸੁਖਦੇਵ ਸਿੰਘ ਸਿਰਸਾ ਵਰਗੇ ਬੁੱਧੀਜੀਵੀ ਅਤੇ ਚਿੰਤਕ ਦਾ ਚੁਣ ਕੇ ਜਾਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਪ੍ਰਸਿੱਧ ਲੇਖਕਾਂ ਗੁਰਮੀਤ ਕੜਿਆਲਵੀ, ਬਲਦੇਵ ਸਿੰਘ ਸੜਕਨਾਮਾ, ਡਾ. ਸੁਰਜੀਤ ਬਰਾੜ ਨੇ ਵੀ ਡਾ. ਸੁਖਦੇਵ ਸਿੰਘ ਸਿਰਸਾ ਨੂੰ ਗੰਭੀਰ ਚਿੰਤਕ, ਸੰਘਰਸ਼ਸ਼ੀਲ ਆਗੂ, ਅਗਵਾਈ ਦੇਣ ਵਾਲਾ ਸਮਰਪਤ ਅਧਿਆਪਕ ਅਤੇ ਵਧੀਆ ਸੋਚ ਵਾਲਾ ਮਨੁੱਖ ਆਖਦਿਆਂ ਐਲਾਨ ਕੀਤਾ ਕਿ ਜ਼ਿਲ੍ਹੇ ਦੀਆਂ ਸਮੂਹ ਲੇਖਕ ਜਥੇਬੰਦੀਆਂ ਉਨ੍ਹਾਂ ਦੀ ਪੁਰਜ਼ੋਰ ਹਮਾਇਤ ਕਰਨਗੀਆਂ ਅਤੇ ਇਸ ਲਈ ਲੇਖਕਾਂ, ਪੱਤਰਕਾਰਾਂ ਅਤੇ ਸਾਹਿਤਕ ਲੋਕਾਂ ਨਾਲ਼ ਰਾਬਤਾ ਕਾਇਮ ਕੀਤਾ ਜਾਵੇਗਾ। ਉੱਘੇ ਮੁਲਾਜ਼ਮ ਆਗੂ ਦਿਗਵਿਜੇ ਪਾਲ ਸ਼ਰਮਾ ਨੇ ਆਖਿਆ ਕਿ ਸਿਰਸਾ ਦੀ ਚੋਣ ਮੁਹਿੰਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੂਰੀ ਸਮਰਪਤ ਭਾਵਨਾ ਨਾਲ਼ ਕੰਮ ਕਰਨ ਦੀ ਜ਼ਰੂਰਤ ਹੈ। ਡਾਕਟਰ ਇੰਦਰਵੀਰ ਗਿੱਲ ਨੇ ਕਿਹਾ ਕਿ ਯੂਨੀਵਰਸਿਟੀ ਵਿੱਚ ਆਮ ਵਰਗ ਦੇ ਗਰੀਬ ਵਿਦਿਆਰਥੀਆਂ ਦੇ ਹਿਤਾਂ ਦੀ ਰੱਖਿਆ ਲਈ ਡਾ. ਸੁਖਦੇਵ ਸਿੰਘ ਸਿਰਸਾ ਵਰਗੇ ਸਮਰਪਤ ਵਿਅਕਤੀ ਦਾ ਚੁਣ ਕੇ ਜਾਣਾ ਜ਼ਰੂਰੀ ਹੈ। ਮੁਲਾਜ਼ਮ ਆਗੂ ਦਰਸ਼ਨ ਸਿੰਘ, ਪਰਮਪ੍ਰੀਤ ਸਿੰਘ ਬੁੱਟਰ, ਇੰਜੀਨੀਅਰ ਸਵਰਨ ਸਿੰਘ ਖੋਸਾ, ਭੁਪਿੰਦਰ ਸਿੰਘ ਸੇਖੋਂ, ਬੂਟਾ ਸਿੰਘ ਭੱਟੀ, ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਨਾਟਕਕਾਰ ਵਿੱਕੀ ਮਹੇਸ਼ਰੀ, ਸੀ ਪੀ ਆਈ ਦੇ ਪ੍ਰਸਿੱਧ ਆਗੂ ਕੁਲਦੀਪ ਸਿੰਘ ਭੋਲਾ, ਜਗੀਰ ਸਿੰਘ ਖੋਖਰ, ਕਿਰਨਪਾਲ ਸਿੰਘ ਲਾਡੀ, ਸ਼ਵਿੰਦਰਪਾਲ ਕੌਰ ਅਤੇ ਡਾ. ਸੁਨੀਤਾ ਰਾਣੀ ਨੇ ਡਾ. ਸਿਰਸਾ ਨੂੰ ਪ੍ਰਤੀਬੱਧ ਚਿੰਤਕ ਆਖਦਿਆਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀ ਜਿੱਤ ਲਈ ਸਖ਼ਤ ਮਿਹਨਤ ਕੀਤੀ ਜਾਵੇਗੀ। ਮਹਿੰਦਰ ਸਾਥੀ ਯਾਦਗਾਰੀ ਮੰਚ ਦੇ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਮੰਚ ਵੱਲੋਂ ਡਾ. ਸਿਰਸਾ ਦੇ ਸਮਰਥਨ ਦਾ ਐਲਾਨ ਕੀਤਾ। ਇਸ ਮੌਕੇ ਸਿਮਰਜੀਤ ਸਿੰਮੀ, ਕਰਤਾਰ ਸਿੰਘ ਤੂਰ, ਚੇਤ ਰਾਮ ਸ਼ਰਮਾ, ਪਰਮਿੰਦਰ ਪਾਲ ਸਿੰਘ, ਮਨਜੀਤ ਸਿੰਘ ਬੁੱਟਰ, ਐਡਵੋਕੇਟ ਵਿਕਰਮਜੀਤ ਸਿੰਘ, ਤਾਰਾ ਮਸੀਹ, ਜਸਕਰਨ ਸਿੰਘ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਕਰਮ ਸਿੰਘ ਰਾਣਾ, ਲਖਵੀਰ ਸਿੰਘ, ਗੁਰਪ੍ਰੀਤ ਸਿੰਘ, ਜਸਪਾਲ ਸਿੰਘ ਬੱਬੀ ਸਮੇਤ ਬਹੁਤ ਸਾਰੀਆਂ ਰਾਜਨੀਤਕ, ਸਮਾਜਿਕ, ਸਾਹਿਤਕ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਐੱਫ ਸੀ ਆਈ ਕੋਲ ਥਾਂ ਦੀ ਘਾਟ ਕਾਰਨ ਪਿਛਲੇ ਸੀਜ਼ਨ ਦੇ ਚਾਵਲ ਦਾ ਭੁਗਤਾਨ ਅਜੇ ਬਾਕੀ : ਤਰਸੇਮ ਸੈਣੀ, ਚੀਮਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਜ਼ਿਲ੍ਹਾ ਰਾਈਸ ਮਿਲਰਜ਼ ਐਸੋਸੀਏਸ਼ਨ ਕੌਮੀ ਪ੍ਰਧਾਨ ਤਰਸੇਮ ਸੈਣੀ ਤੇ ਪੰਜਾਬ ਪ੍ਰਧਾਨ ਗੁਰਦੀਪ ਸਿੰਘ ਨੇ ਕਿਹਾ ਕਿ ਪੰਜਾਬ ਵਿਚ 25 ਤੋਂ 30 ਫ਼ੀਸਦੀ ਚੌਲ ਇਸ ਸਮੇਂ ਭਾਰਤੀ ਖ਼ੁਰਾਕ ਨਿਗਮ ਦੇ ਗੁਦਾਮਾਂ ਵਿਚ ਜਗ੍ਹਾ ਦੀ ਘਾਟ ਕਾਰਨ ਸ਼ੈਲਰਾਂ ਵਿਚ ਹੀ ਪਏ ਹਨ। ਇਸ ਨਾਲ ਮੁੱਖ ਤੌਰ 'ਤੇ ਗਰਮੀ ਕਾਰਨ ਚੌਲਾਂ ਦੇ ਭਾਰ ਵਿਚ ਕਮੀ, ਮਜ਼ਦਰੀ ਦੀ ਵੱਧ ਲਾਗਤ, ਚੌਲਾਂ ਦੀ ਗੁਣਵੱਤਾ ਵਿਚ ਲਗਾਤਾਰ ਗਿਰਾਵਟ ਤੇ ਹੋਰ ਕਾਰਨਾਂ ਕਰਕੇ ਸ਼ੈਲਰ ਮਾਲਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਲ 2025-26 ਵਿਚ ਪੰਜਾਬ ਸਰਕਾਰ ਨੇ ਕਿਸਾਨਾਂ ਤੋਂ ਝੋਨਾ ਖ਼ਰੀਦਿਆ ਅਤੇ ਇਸ ਨੂੰ ਸ਼ੈਲਰਾਂ ਵਿਚ ਸਟੋਰ ਕਰਵਾ ਦਿੱਤਾ ਪਰ ਚੌਲਾਂ ਦੀ ਅਦਾਇਗੀ ਲਈ ਗੁਦਾਮਾਂ ਵਿਚ ਜਗ੍ਹਾ ਦੀ ਘਾਟ ਬਾਰੇ ਕੇਂਦਰ ਸਰਕਾਰ ਨਾਲ ਜ਼ੋਰਦਾਰ ਵਕਾਲਤ ਕਰਨ ਵਿਚ ਅਸਫਲ ਰਹੀ। ਨਤੀਜੇ ਵਜੋਂ ਸ਼ੈਲਰਾਂ ਵਿਚ ਚੌਲਾਂ ਦੀ ਅਜੇ ਵੀ ਬਕਾਇਆ ਅਦਾਇਗੀ ਹੈ। ਸੈਣੀ ਨੇ ਕਿਹਾ ਕਿ ਪਿਛਲੇ ਸੀਜ਼ਨ ਵਿਚ ਕੇਂਦਰ ਸਰਕਾਰ ਦੀ ਨੀਤੀ ਅਨੁਸਾਰ ਕੁੱਲ ਮਿਲਿੰਗ ਦਾ 10 ਫ਼ੀਸਦੀ ਚੌਲ ਤੇ 10 ਫ਼ੀਸਦੀ ਟੁੱਟੇ ਚੌਲਾਂ ਤਾਂ ਲੈ ਲਏ ਗਏ, ਪਰ ਉਸ ਵਿਚੋਂ ਨਿਕਲੇ ਟੁੱਟੇ ਚੌਲਾਂ ਦਾ ਕੋਈ ਹੱਲ ਨਹੀਂ ਲੱਭਿਆ ਗਿਆ, ਜਦੋਂ ਕਿ ਕੇਂਦਰ ਸਰਕਾਰ ਦੀ ਨਵੀਂ ਨੀਤੀ ਅਨੁਸਾਰ, ਪੂਰੇ ਚੌਲਾਂ 'ਚੋਂ ਸਿਰਫ਼ 10 ਫ਼ੀਸਦੀ ਟੁੱਟੇ ਚੌਲ ਹੀ ਲਏ ਜਾਣਗੇ, ਅਜਿਹੀ ਸਥਿਤੀ ਵਿਚ ਬਚੇ ਹੋਏ ਟੁੱਟੇ ਚੌਲਾਂ ਦਾ ਕੀ ਹੋਵੇਗਾ ? ਉਨ੍ਹਾਂ ਕਿਹਾ ਕਿ ਸਰਕਾਰ ਨੇ ਹੁਣ ਪਿਛਲੇ ਸੀਜ਼ਨ ਦੇ ਚੌਲਾਂ ਦੀ ਡਿਲੀਵਰੀ ਦੀ ਆਖ਼ਰੀ ਤਾਰੀਕ 31 ਅਗਸਤ ਤੱਕ ਵਧਾ ਦਿੱਤੀ ਹੈ, ਪਰ ਜਦੋਂ ਗੁਦਾਮਾਂ ਵਿਚ ਜਗ੍ਹਾ ਨਹੀਂ ਹੈ, ਤਾਂ ਸ਼ੈਲਰ ਮਾਲਕ ਇਸ ਦੀ ਅਦਾਇਗੀ ਕਿਵੇਂ ਅਤੇ ਕਿੱਥੋਂ ਕਰਨਗੇ ? ਜਦੋਂ ਨਵਾਂ ਝੋਨੇ ਦਾ ਸੀਜ਼ਨ ਆਉਣ ਵਾਲਾ ਹੈ, ਤਾਂ ਅਜਿਹੀ ਸਥਿਤੀ ਵਿਚ ਜੋ ਸ਼ੈਲਰ ਮਾਲਕ ਸੌ ਫ਼ੀਸਦੀ ਚੌਲ ਨਹੀਂ ਦੇ ਸਕੇਗਾ, ਉਹ ਡਿਫਾਲਟਰ ਹੋਵੇਗਾ ਅਤੇ ਉਸ ਨੂੰ ਮਿਲਿੰਗ ਲਈ ਨਵੇਂ ਸੀਜ਼ਨ ਦਾ ਝੋਨਾ ਨਹੀਂ ਮਿਲੇਗਾ।

ਸੈਣੀ ਨੇ ਕਿਹਾ ਕਿ ਜਨਰਲ ਹਾਊਸ ਦੀ ਮੀਟਿੰਗ ਵਿਚ ਫ਼ੈਸਲਾ ਲਿਆ ਜਾਵੇਗਾ ਕਿ ਕਿ ਪਿਛਲੇ ਸੀਜ਼ਨ ਦੇ ਚੌਲਾਂ ਦੀ ਅਦਾਇਗੀ ਅਜੇ ਬਾਕੀ ਹੋਣ 'ਤੇ ਆਉਣ ਵਾਲੇ ਸੀਜ਼ਨ ਦੇ ਝੋਨੇ ਨੂੰ ਉਨ੍ਹਾਂ ਦੇ ਸ਼ੈਲਰਾਂ ਵਿਚ ਸਟੋਰ ਕਰਨਾ ਹੈ। ਜਾਂ ਨਹੀਂ ? ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਸੰਧੂ, ਚੇਅਰਮੈਨ ਸੁਰਜੀਤ ਸਿੰਘ ਸਾਹੀ, ਸਤਪ੍ਰਕਾਸ ਗੋਇਲ ਜ਼ਿਲ੍ਹੇ ਸਮੁੱਚੀ ਟੀਮ ਵਲੋਂ ਕੌਮੀ ਪ੍ਰਧਾਨ ਤਰਸੇਮ ਤੇ ਪੰਜਾਬ ਪ੍ਰਧਾਨ ਗੁਰਦੀਪ ਸਿੰਘ ਚੀਮਾ ਵਿਸ਼ੇਸ਼ ਸਨਮਾਨ ਵੀ ਕੀਤਾ।

# ਇਲੈਕਟਰੋ ਹੋਮਿਓਪੈਥਿਕ ਡਾਕਟਰਾਂ ਰਾਸ਼ਟਰੀ ਗੀਤ ਗਾ ਕੇ ਮਨਾਇਆ ਆਜ਼ਾਦੀ ਦਿਹਾੜਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਇਲੈਕਟਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਅਗਸਤ ਮਹੀਨੇ ਦੀ ਅਹਿਮ ਮੀਟਿੰਗ ਮੋਗਾ ਦੇ ਚੋਖਾ ਅੰਪਾਇਰ ਵਿਖੇ ਹੋਈ। ਇਸ ਮੀਟਿੰਗ ਵਿੱਚ ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ ਲਗਭਗ 100 ਤੋਂ ਵੱਧ ਡਾਕਟਰਾਂ ਨੇ ਸ਼ਮੂਲੀਅਤ ਕੀਤੀ ਅਤੇ ਚਿਕਿਤਸਾ ਖੇਤਰ ਨਾਲ ਸੰਬੰਧਤ ਵਿਚਾਰ ਸਾਂਝੇ ਕੀਤੇ।

ਮੀਟਿੰਗ ਦੀ ਸ਼ੁਰੂਆਤ ਵਿੱਚ ਭਾਰਤ ਦੇ 80ਵੇਂ ਅਜਾਦੀ ਦਿਵਸ ਤੇ ਰਾਸ਼ਟਰੀ ਗੀਤ ਗਾ ਕੇ ਅਤੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਆਜ਼ਾਦੀ ਦਿਨ ਮਨਾਇਆ ਗਿਆ। ਇਸ ਸਮੇਂ ਡਾ. ਜਗਜੀਤ ਸਿੰਘ ਗਿੱਲ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਚੰਬਾ ਵਿਖੇ ਪੰਜ ਰੋਜ਼ਾ ਨੈਸ਼ਨਲ ਸੈਮੀਨਾਰ 23 ਸਤੰਬਰ ਤੋਂ 27 ਸਤੰਬਰ ਤੱਕ ਹੋ ਰਿਹਾ ਹੈ ਜਿਸ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ।ਮੀਟਿੰਗ ਦੌਰਾਨ ਵੱਖ-ਵੱਖ ਮਾਹਿਰ ਡਾਕਟਰਾਂ ਨੇ ਇਲੈਕਟਰੋਹੋਮਿਓਪੈਥੀ ਅਤੇ ਹੋਰ ਗੰਭੀਰ ਬਿਮਾਰੀਆਂ ਦੇ ਇਲਾਜ ਸਬੰਧੀ ਜਾਣਕਾਰੀ ਸਾਂਝੀ ਕੀਤੀ। ਡਾ. ਜਗਤਾਰ ਸਿੰਘ ਸੇਖੋਂ ਮੋਗਾ ਵਲੋਂ ਨਿਊਰੋਪੈਥੀ ਦੇ ਕਾਰਨ ਅਤੇ ਇਲਾਜ ਬਾਰੇ ਚਾਨਣਾ ਪਾਇਆ।ਡਾ. ਪ੍ਰਮਿੰਦਰ ਪਾਠਕ ਨੇ ਦਵਾਈਆਂ ਦੀ ਬਾਹਰੀ ਵਰਤੋਂ ਦੇ ਵਿਗਿਆਨਕ ਤਰੀਕਿਆਂ ਬਾਰੇ ਦੱਸਿਆ। ਡਾ. ਅਵਤਾਰ ਸਿੰਘ ਨੇ ਲਿਵਰ ਟੈਸਟ ਰਿਪੋਰਟ ਦੀਆਂ ਬਰੀਕੀਆਂ ਬਾਰੇ



ਜਾਣਕਾਰੀ ਸਾਂਝੀ ਕੀਤੀ।ਡਾ. ਅੰਮ੍ਰਿਤਪਾਲ ਸਿੰਘ ਗੋਨਿਆਨਾ ਵਲੋਂ ਵਿਟਾਮਿਨ ਬੀ ਸਰੀਰ ਨੂੰ ਜ਼ਰੂਰਤ ਅਤੇ ਇਸਦੀ ਖੋਜ ਬਾਰੇ ਚਾਨਣਾ ਪਾਇਆ।

ਡਾ. ਜਗਪ੍ਰੀਤ ਸਿੰਘ ਖੋਖਰ ਨੇ ਤੰਤੂ ਨਾੜੀ (ਨਰਵਸ ਸਿਸਟਮ) ਦੇ ਕੰਮਾਂ ਸੰਬੰਧੀ ਜਾਣਕਾਰੀ ਦਿੱਤੀ।ਡਾ. ਕਿਸ਼ੋਰ ਚੰਦ ਨੇ ਦਿਲ ਦੇ ਰੋਗਾਂ ਸੰਬੰਧੀ ਜਾਣਕਾਰੀ ਦਿੱਤੀ। ਇਸ ਸਮੇਂ ਮੀਟਿੰਗ ਵਿੱਚ ਡਾਕਟਰਾਂ ਨੇ ਆਪਣੇ ਕਲੀਨੀਕਲ ਤਜਰਬੇ ਸਾਂਝੇ ਕੀਤੇ ਜਿਸ ਵਿੱਚ ਡਾ. ਮਨਦੀਪ ਸਿੰਘ ਗਦੂਦਾਂ ਦਾ ਵਧ ਜਾਣਾ ਅਤੇ ਜਨੇਊ, ਡਾ. ਪਰਮਜੀਤ ਸਿੰਘ ਨੇ ਸੀ ਆਰ ਪੀ ਅਤੇ ਈ ਐਸ ਆਰ ਦਾ ਵਧ ਜਾਣਾ, ਡਾ. ਸੰਜੀਵ ਜੁਨੇਜਾ ਨੇ ਐਲਰਜੀ, ਡਾ. ਸ਼ਿੰਦਰ ਸਿੰਘ ਕਲੇਰ ਨੇ ਥਾਈਰਡ, ਡਾ. ਐਸ ਕੇ ਕਟਾਰੀਆ ਨੇ ਗਠੀਆ, ਡਾ. ਕੰਚਨ ਸਾਹਨੀ ਚਮੜੀ ਰੋਗ, ਇਲਾਜ ਸਬੰਧੀ ਆਪਣੇ ਸਫ਼ਲ ਤਜਰਬੇ ਸਾਂਝੇ ਕੀਤੇ। ਇਸ ਸਮੇਂ ਡਾ. ਜਸਵਿੰਦਰ ਸਿੰਘ ਸਮਾਧ ਭਾਈ, ਡਾ. ਜਗਮੋਹਨ ਸਿੰਘ, ਡਾ. ਮਨਪ੍ਰੀਤ ਸਿੰਘ, ਡਾ. ਵਰਿੰਦਰ ਸਿੰਘ, ਡਾ. ਸੁਰੇਸ਼ ਸ਼ਰਮਾ, ਡਾ. ਰੋਬਿਨ ਅਰੋੜਾ, ਡਾ. ਅਮਰਜੀਤ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਮਲਕੀਤ ਸਿੰਘ, ਡਾ. ਰਾਜਵੀਰ ਸ਼ਰਮਾ, ਡਾ. ਅਮਿਤਪਾਲ ਸਿੰਘ, ਡਾ. ਕੁਲਦੀਪ ਕੌਰ, ਡਾ. ਮਨਦੀਪ ਸਿੰਘ, ਡਾ. ਹਰਮਨਦੀਪ ਸਿੰਘ, ਡਾ. ਕੁਲਦੀਪ ਸਿੰਘ, ਡਾ. ਨਿਸ਼ਾਨ ਸਿੰਘ, ਡਾ. ਸੁਰਜੀਤ ਸਿੰਘ, ਡਾ. ਸਤਾਰ ਮੁਹੰਮਦ, ਡਾ. ਮੋਹਨ ਸਿੰਘ, ਡਾ. ਗੁਰਦੀਪ ਸਿੰਘ, ਡਾ. ਨਰਿੰਦਰ ਕੌਰ, ਡਾ. ਤਾਜਪ੍ਰੀਤ ਸਿੰਘ, ਡਾ. ਕਿਸ਼ੋਰ ਚੰਦ, ਡਾ. ਜਸਵੀਰ ਸਿੰਘ, ਡਾ. ਬਲਵਿੰਦਰ ਸਿੰਘ, ਡਾ. ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।ਅੰਤ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਮਹੀਨੇ ਦੀ ਮੀਟਿੰਗ ਵਿੱਚ ਆਉਣ ਦਾ ਸੱਦਾ ਦਿੱਤਾ।

## ਭਾਜਪਾ ਦੀ ਦਲਿਤਾਂ ਪ੍ਰਤੀ ਸੋਚ ਜੱਗ ਜ਼ਾਹਰ ਹੋਈ : ਡਾ. ਰਹਿਮਤ ਅਲੀ



ਦਿੜ੍ਹਬਾ (ਜਸਵੀਰ ਲਾਡੀ)-ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਉਤਰਾਖੰਡ ਸੂਬੇ 'ਚ ਕੀਤੀ ਗਈ ਰੈਲੀ ਵਾਲੀ ਜਗ੍ਹਾ ਦਾ ਭਾਜਪਾ ਵੱਲੋਂ ਇਸ ਕਰਕੇ ਸ਼ੁੱਧੀਕਰਨ ਕੀਤਾ ਗਿਆ ਕਿ ਇਸ ਜਗ੍ਹਾ ਹੋਈ ਰੈਲੀ 'ਚ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਸ੍ਰੀ ਮਲਿਕਾਰਜੁਨ ਖੜਗੇ ਪਹੁੰਚੇ ਸਨ, ਜੋ ਦਲਿਤ ਸਮਾਜ ਨਾਲ ਸਬੰਧਤ ਹਨ। ਇਸ ਲਈ ਇਸ ਜਗ੍ਹਾ ਦਾ ਸ਼ੁੱਧੀਕਰਨ ਕੀਤਾ ਗਿਆ, ਜਿਸ ਨਾਲ ਭਾਜਪਾ ਦੀ ਦਲਿਤ ਸਮਾਜ ਪ੍ਰਤੀ ਸੋੜੀ ਸੋਚ ਜੱਗ ਜ਼ਾਹਰ ਹੋਈ ਹੈ।ਕਾਂਗਰਸ ਪਾਰਟੀ ਦੇ ਘੱਟ ਗਿਣਤੀ ਵਿੰਗ ਪੰਜਾਬ ਦੇ ਵਾਈਸ ਚੇਅਰਮੈਨ ਡਾਕਟਰ ਰਹਿਮਤ ਅਲੀ ਜੀ ਤੇ ਲੱਕੀ ਸ਼ਾਹ ਸਮਾਜ ਨਿਗਰਾਨ ਦਿੜ੍ਹਬਾ ਹਲਕੇ ਦੇ ਲੋਕਾਂ ਦਾ ਦੁੱਖ-ਸੁੱਖ ਦੀ ਸਾਂਝ ਰੱਖਣ ਵਾਲੇ ਸਮਾਜ ਸੇਵੀ ਤੇ ਕਾਂਗਰਸ ਪਾਰਟੀ ਦੇ ਜੁਝਾਰੂ ਆਗੂ ਰਣ ਸਿੰਘ ਮਹਿਲਾ ਨੇ ਕਿਹਾ ਕਿ ਇਹ ਸਾਡੇ ਮਹਿਬੂਬ ਨੇਤਾ ਇਕੱਲੇ ਮਲਿਕਾਰਜੁਨ ਖੜਗੇ ਦਾ ਅਪਮਾਨ ਨਹੀਂ, ਸਗੋਂ ਦੇਸ਼ ਦੇ ਸਮੁੱਚੇ ਦਲਿਤ ਭਾਈਚਾਰੇ ਦਾ ਅਪਮਾਨ ਹੈ, ਕਿ ਬਰਦਾਸ਼ਤ ਨਾਕਰਨ ਯੋਗ ਹੈ, ਇਸ ਘਟਨਾ ਨਾਲ ਇਕੱਲੇ ਦਲਿਤ ਭਾਈਚਾਰੇ ਨੂੰ ਠੇਸ ਨਹੀਂ ਪੁੱਜੀ ਸਗੋਂ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਹਰ ਨਾਗਰਿਕ ਨੂੰ ਠੇਸ ਪਹੁੰਚੀ ਹੈ।

## ਪੰਜਾਬੀ ਯੂਨੀਵਰਸਿਟੀ ਵਿਖੇ ਮਨਾਇਆ ਸੁਤੰਤਰਤਾ ਦਿਵਸ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ 80ਵਾਂ ਸੁਤੰਤਰਤਾ ਦਿਵਸ ਪੂਰੇ ਉਤਸ਼ਾਹ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।ਇਸ ਸ਼ੁਭ ਅਵਸਰ 'ਤੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਰਾਸ਼ਟਰੀ ਝੰਡਾ 'ਤਿਰੰਗਾ' ਲਹਿਰਾਉਣ ਦੀ ਰਸਮ ਅਦਾ ਕੀਤੀ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਸਮੂਹ ਯੂਨੀਵਰਸਿਟੀ ਪਰਿਵਾਰ ਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਆਜ਼ਾਦੀ ਦਿਹਾੜਾ ਸਾਨੂੰ ਇਹ ਵਿਚਾਰਨ ਦਾ ਮੌਕਾ ਦਿੰਦਾ ਹੈ ਕਿ ਸਾਡੇ ਸ਼ਹੀਦਾਂ ਨੇ ਜਿਨ੍ਹਾਂ ਉੱਚ ਆਦਰਸ਼ਾਂ ਤੇ ਵਿਰਾਸਤ ਲਈ ਕੁਰਬਾਨੀਆਂ ਦਿੱਤੀਆਂ, ਅਸੀਂ ਉਸ ਦੀ ਰਾਖੀ ਲਈ ਕਿੰਨੇ ਯਤਨਸ਼ੀਲ ਹਾਂ।ਉਨ੍ਹਾਂ ਕਿਹਾ ਕਿ ਇੱਕ ਆਜ਼ਾਦ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਸਾਡਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਇਸ ਮਿਲੀ ਆਜ਼ਾਦੀ ਦੀ ਸੰਭਾਲ ਕਰੀਏ ਅਤੇ ਦੇਸ਼ ਦੀ ਪ੍ਰਗਤੀ ਤੇ ਇਸ ਨੂੰ ਹੋਰ ਖੂਬਸੂਰਤ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਨਿਰੰਤਰ ਪਾਉਂਦੇ ਰਹੀਏ।ਸਮਾਰੋਹ ਦੌਰਾਨ ਯੂਨੀਵਰਸਿਟੀ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਪੰਜਾਬੀ ਯੂਨੀਵਰਸਿਟੀ ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪਰੇਡ ਪੇਸ਼ ਕੀਤੀ ਗਈ, ਜਿਸ ਤੋਂ ਉਪ-ਕੁਲਪਤੀ ਨੇ ਸਲਾਮੀ ਲਈ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਤੇ ਰਜਿਸਟਰਾਰ ਵੱਲੋਂ ਵੀ ਆਪਣੇ ਵਿਚਾਰ ਪ੍ਰਗਟਾਏ ਗਏ।ਇਸ ਮੌਕੇ ਯੂਨੀਵਰਸਿਟੀ ਦੇ ਸਟਾਫ਼, ਅਧਿਆਪਕਾਂ, ਵਿਦਿਆਰਥੀਆਂ ਤੇ ਹੋਰ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

## ਆਲੋਅਰਖ 'ਚ ਤੀਆਂ ਦਾ ਮੇਲਾ ਮਨਾਇਆ



ਭਵਾਨੀਗੜ੍ਹ (ਰਾਜ ਖੁਰਮੀ)-ਪਿੰਡ ਆਲੋਅਰਖ ਵਿਖੇ ਤੀਜ ਦੀਆਂ ਤੀਆਂ ਦਾ ਮੇਲਾ ਬੜੀ ਧੂਮਧਾਮ ਤੇ ਉਤਸ਼ਾਹ ਨਾਲ ਲਾਇਆ ਗਿਆ।ਮੇਲਾ ਗੁਰਪ੍ਰੀਤ ਸਿੰਘ ਫੌਜੀ ਆਲੋਅਰਖ, ਜ਼ਿਲ੍ਹਾ ਪ੍ਰਧਾਨ ਈਵੈਂਟ ਮੈਨੇਜਮੈਂਟ ਸੰਗਰੂਰ ਦੀ ਅਗਵਾਈ ਹੇਠ ਸਾਬਕਾ ਟਰੱਕ ਯੂਨੀਅਨ ਪ੍ਰਧਾਨ ਪਰਗਟ ਸਿੰਘ ਢਿੱਲੋਂ ਦੇ ਸਹਿਯੋਗ ਨਾਲ ਕਰਾਇਆ ਗਿਆ। ਮੇਲੇ 'ਚ ਕਰਤਾਰ ਕੰਬਾਈਨ ਦੇ ਐੱਮ.ਡੀ. ਮਨਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮਨਜੀਤ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਜਸਮੀਤ ਕੌਰ ਦਾ ਪ੍ਰਬੰਧਕਾਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਤੇ ਮੁਟਿਆਰਾਂ ਨੇ ਸ਼ਮੂਲੀਅਤ ਕਰਦਿਆਂ ਤੀਆਂ ਦੇ ਰਵਾਇਤੀ ਰੰਗ ਨੂੰ ਹੋਰ ਗੂੜ੍ਹਾ ਕੀਤਾ।ਮੁੱਖ ਮਹਿਮਾਨ ਮਨਜੀਤ ਸਿੰਘ ਨੇ ਕਿਹਾ ਕਿ ਤੀਆਂ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਨਾਲ ਜੁੜਿਆ ਹੋਇਆ ਮਹੱਤਵਪੂਰਨ ਤਿਉਹਾਰ ਹੈ।ਅਜਿਹੇ ਮੇਲੇ ਨਵੀਂ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਵਿਰਾਸਤੀ ਪ੍ਰੰਪਰਾਵਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਅਜਿਹੇ ਉਪਰਾਲੇ ਲਗਾਤਾਰ ਕਰਨੇ ਚਾਹੀਦੇ ਹਨ।

## ਸੁਖਬੀਰ ਬਾਦਲ ਦੀ ਸਿਹਤਯਾਬੀ ਲਈ ਅਰਦਾਸ ਕਰਾਈ



ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਵਿੱਚ ਉਹ ਜ਼ਖ਼ਮੀ ਹੋ ਗਏ ਸਨ ਤੇ ਹਸਪਤਾਲ ਵਿਖੇ ਜੇਰੇ ਇਲਾਜ ਹਨ।ਉਨ੍ਹਾਂ ਦੀ ਸਿਹਤਯਾਬੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਨਤਮਸਤਕ ਹੋ ਕੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਜਗਬੀਰ ਸਿੰਘ ਵੱਲੋਂ ਅਰਦਾਸ ਕਰਾਈ ਗਈ।ਇਸ ਤੋਂ ਪਹਿਲਾਂ ਹਨੀ ਫੱਤਣਵਾਲਾ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਚੜ੍ਹਦੀ ਕਲਾ ਲਈ ਦੇਗ ਕਰਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਹ ਜਲਦ ਠੀਕ ਹੋ ਕੇ ਮੁੜ ਤੋਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ।

## ਆਜ਼ਾਦੀ ਦਿਵਸ ਮੌਕੇ ਸ਼ਾਨਦਾਰ ਸੇਵਾਵਾਂ ਲਈ ਡੀਬੀਯੂ ਦੇ ਅਧਿਆਪਕ ਤੇ ਕ੍ਰਮਚਾਰੀ ਸਨਮਾਨਤ



ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ ਦੇ ਅਧਿਆਪਕਾਂ ਤੇ ਕ੍ਰਮਚਾਰੀਆਂ ਨੂੰ 80ਵੇਂ ਆਜ਼ਾਦੀ ਦਿਵਸ ਦੇ ਮੌਕੇ 'ਤੇ ਉਨ੍ਹਾਂ ਦੀ ਸ਼ਾਨਦਾਰ ਲੋਕ ਸੇਵਾ, ਪੇਸ਼ੇਵਰ ਵਚਨਬੱਧਤਾ ਅਤੇ ਸਿੱਖਿਆ ਤੇ ਸਮਾਜ ਭਲਾਈ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਲਈ ਪ੍ਰਤਿਸ਼ਠਿਤ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਲੋਕ ਸੇਵਾ ਅਤੇ ਸਮਾਜ ਭਲਾਈ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ ਗਏ।ਇਹ ਸਨਮਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਪ੍ਰਦਾਨ ਕੀਤੇ ਗਏ।ਸੀਨੀਅਰ ਪੁਲਸ ਕਪਤਾਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਵੀ ਮੌਜੂਦ ਸਨ।ਸਨਮਾਨਤ ਹੋਣ ਵਾਲਿਆਂ ਵਿੱਚ ਹਰਦੇਵ ਸਿੰਘ ਨੂੰ ਜ਼ਿਲ੍ਹੇ ਭਰ ਵਿੱਚ ਸਮਾਜ ਭਲਾਈ ਨਾਲ ਸਬੰਧਤ ਉਪਰਾਲਿਆਂ ਪ੍ਰਤੀ ਉਨ੍ਹਾਂ ਦੀ ਸ਼ਾਨਦਾਰ ਸਮਰਪਣ ਭਾਵਨਾ ਤੇ ਲਗਾਤਾਰ ਯੋਗਦਾਨ ਲਈ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਨਰੇਸ਼ ਕੁਮਾਰ ਨੂੰ ਸ਼ਾਨਦਾਰ ਲੋਕ ਸੇਵਾ ਤੇ ਸਥਾਨਕ ਭਾਈਚਾਰੇ ਦੀ ਸਹਾਇਤਾ ਤੇ ਚੜ੍ਹਦੀ ਕਲਾ ਲਈ ਕੀਤੇ ਗਏ ਸ਼ਲਾਘਾਯੋਗ ਉਪਰਾਲਿਆਂ ਵਾਸਤੇ ਸਨਮਾਨ ਦਿੱਤਾ ਗਿਆ।ਅਮਲੋਹ ਵਿਖੇ ਕਰਾਏ ਗਏ ਇੱਕ ਵੱਖਰੇ ਸਮਾਗਮ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਨਾਲ ਸਬੰਧਤ ਤਿੰਨ ਮੈਂਬਰਾਂ ਨੂੰ ਵੀ ਉਨ੍ਹਾਂ ਦੀ ਵਿਲੱਖਣ ਸੇਵਾ ਤੇ ਪੇਸ਼ੇਵਰ ਯੋਗਦਾਨ ਲਈ ਸਨਮਾਨਤ ਕੀਤਾ ਗਿਆ।ਇਹ ਸਨਮਾਨ ਅਮਲੋਹ ਹਲਕੇ ਦੇ ਵਿਧਾਇਕ ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਉਪ-ਮੰਡਲ ਮੈਜਿਸਟ੍ਰੇਟ ਦੀ ਮੌਜੂਦਗੀ ਵਿੱਚ ਪ੍ਰਦਾਨ ਕੀਤੇ ਗਏ।ਪ੍ਰੋ. (ਡਾ.) ਪ੍ਰੀਸ਼ਿਅਸ ਸ਼ਿਓਰਾਣ, ਡੀਨ, ਫੈਕਲਟੀ ਆਫ਼ ਐਜੂਕੇਸ਼ਨ, ਨੂੰ ਸ਼ਾਨਦਾਰ ਅਗਵਾਈ ਤੇ ਸਿੱਖਿਆ ਦੇ ਮਿਆਰ ਨੂੰ ਲਗਾਤਾਰ ਉੱਚਾ ਚੁੱਕਣ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਲਈ ਸਨਮਾਨਤ ਕੀਤਾ ਗਿਆ।

## ਸਮੱਸਿਆਵਾਂ ਸੰਬੰਧੀ ਰਾਜਵਿੰਦਰ ਕੌਰ ਸਿਆਲ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨਾਲ ਕੀਤੀ ਮੁਲਾਕਾਤ



ਫਿਰੋਜ਼ਪੁਰ (ਗੁਰਬਚਨ ਸਿੰਘ)-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਆਗੂ ਬੀਬੀ ਰਾਜਵਿੰਦਰ ਕੌਰ ਸਿਆਲ ਨੇ ਫਿਰੋਜ਼ਪੁਰ ਦਿਹਾਤੀ ਦੀਆਂ ਸਮੱਸਿਆਵਾਂ ਸੰਬੰਧੀ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਬੀਬੀ ਸਿਆਲ ਨੇ ਕਿਹਾ ਕਿ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋ ਵੱਲੋਂ ਉਹਨਾਂ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦਿਆਂ ਸਾਰ ਹੀ ਪਹਿਲੇ ਆਧਾਰ 'ਤੇ ਹਲਕਾ ਫਿਰੋਜ਼ਪੁਰ ਦਿਹਾਤੀ ਦੀਆਂ ਮੁੱਖ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਚੰਗੇ ਸਿਸਟਮ ਦੀ ਸਥਾਪਨਾ ਕੀਤੀ ਜਾਵੇਗੀ ਤਾਂ ਜੋ ਕੰਮ ਕਾਜ ਲਈ ਕਿਸੇ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਬੀਬੀ ਸਿਆਲ ਨੇ ਦੱਸਿਆ ਕਿ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਕਸਬਾ ਮਮਦੋਟ ਦੇ ਲੋਕਾਂ ਦੀ ਵੱਡੀ ਮੰਗ ਖੇਡ ਮੈਦਾਨ ਵਰਗੇ ਚੰਗੇ ਗਰਾਊਂਡ ਅਤੇ ਬੱਸ ਸਟੈਂਡ ਦੀ ਸਮੇਂ ਸਮੇਂ 'ਤੇ ਜਿੱਤੇ ਵਿਧਾਇਕਾਂ ਤੋਂ ਮੰਗ ਕੀਤੀ ਗਈ ਸੀ ਪ੍ਰੰਤੂ ਹੁਣ ਤੱਕ ਕਿਸੇ ਵੀ ਰੁਚੀ ਨਹੀਂ ਦਿਖਾਈ ਗਈ ਜੋ ਕਿ ਅੱਜ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਕੋਲ ਮੰਗ ਰੱਖੀ ਗਈ ਹੈ ਅਤੇ ਉਨਾਂ ਵਿਸ਼ਵਾਸ ਦਿਵਾਇਆ ਕਿ ਭਾਜਪਾ ਸਰਕਾਰ ਬਣਦੇ ਸਾਰ ਹੀ ਪਹਿਲ ਦੇ ਆਧਾਰ 'ਤੇ ਮੰਗ ਨੂੰ ਪੂਰਾ ਕੀਤਾ ਜਾਵੇਗਾ।

## ਮਿਊਂਸਪਲ ਕਰਮਚਾਰੀ ਸੰਯੁਕਤ ਕਮੇਟੀ ਦੀ ਨਗਰ ਨਿਗਮ ਦੀ ਉਜਸਵੀ ਅਲਕਾਰ ਨਾਲ ਅਹਿਮ ਮੀਟਿੰਗ



ਲੁਧਿਆਣਾ (ਐਮ ਐਸ ਭਾਟੀਆ)-ਮਿਊਂਸਪਲ ਕਰਮਚਾਰੀ ਸੰਯੁਕਤ ਕਮੇਟੀ ਵੱਲੋਂ ਨਗਰ ਨਿਗਮ ਲੁਧਿਆਣਾ ਦੇ ਕਮਿਸ਼ਨਰ ਉਜਸਵੀ ਅਲਕਾਰ ਨਾਲ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਸਬੰਧੀ ਅਹਿਮ ਮੀਟਿੰਗ ਕੀਤੀ ਗਈ। ਜਿਸ ਵਿੱਚ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਬਾਰੇ ਗੱਲਬਾਤ ਹੋਈ।ਮੰਗ ਕੀਤੀ ਗਈ ਕਿ ਸੈੱਲ ਦੇ ਸੁਪਰਵਾਈਜ਼ਰਾਂ ਦੀ ਸਿਨੀਓਰਟੀ ਬਣਾ ਕੇ ਜਲਦ ਨਿਯੁਕਤੀ ਕੀਤੀ ਜਾਵੇ। 2020 ਤੋਂ ਬਾਅਦ ਰਿਟਾਇਰ ਹੋਏ ਮੁਲਾਜ਼ਮਾਂ ਦੀ ਬਕਾਇਆ 41 ਪੇਮੈਂਟ ਜਲਦ ਰਿਲੀਜ਼ ਕੀਤੀ ਜਾਵੇ ਅਤੇ ਕੱਚੇ ਮੁਲਾਜ਼ਮਾਂ ਲਈ 15% ਤਨਖਾਹ ਵਾਧਾ ਅਤੇ ਮਿਨੀਮਮ ਵੇਜ ਜਲਦ ਲਾਗੂ ਕੀਤਾ ਜਾਵੇ।ਕਮਿਸ਼ਨਰ ਵੱਲੋਂ ਯੂਨੀਅਨ ਨੂੰ ਸਾਰੀਆਂ ਜਾਇਜ਼ ਮੰਗਾਂ 'ਤੇ ਜਲਦ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ।ਮੀਟਿੰਗ ਵਿੱਚ ਮੁਲਾਜ਼ਮ ਸਾਥੀ ਕਾਮਰੇਡ ਵਿਜੇ ਕੁਮਾਰ, ਕਾਮਰੇਡ ਗੁਰਜੀਤ, ਕਾਮਰੇਡ ਮਹੀਪਾਲ, ਕਾਮਰੇਡ ਪ੍ਰੀਤਮ, ਸ਼ੁਭਾਸ਼, ਜਗਦੀਸ਼, ਰਾਜੇਸ਼ ਕੁਮਾਰ, ਵਰਿੰਦਰ, ਅਮਨ, ਦਵਿੰਦਰ ਅਤੇ ਜਗਦੀਪ ਸ਼ਾਮਲ ਹੋਏ।

### ਸੂਚਨਾ ਐਕਟ ਨੇ ਖੋਲ੍ਹੀ ਖੰਨਾ ਟ੍ਰੈਫਿਕ ਪੁਲਸ ਦੀ ਪੋਲ

## 8 ਮਹੀਨੇ 'ਚ ਸਿਰਫ਼ 15 ਚਲਾਨ, ਸਰਕਾਰ ਨੂੰ ਕਰੋੜਾਂ ਦਾ ਚੂਨਾ

ਖੰਨਾ (ਸੁਖਵਿੰਦਰ ਸਿੰਘ ਭਾਦਲਾ) ਸੂਚਨਾ ਅਧਿਕਾਰ ਐਕਟ ਰਾਹੀ ਪਿੰਡ ਰੋਹਣੋਂ ਖੁਰਦ ਦੇ ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਨੇ ਖੁਲਾਸਾ ਕੀਤਾ ਕਿ ਜ਼ਿਲ੍ਹਾ ਪੁਲਿਸ ਖੰਨਾ ਦੇ ਮੁਖੀ ਤੋਂ ਪਿਛਲੇ 8 ਮਹੀਨਿਆਂ ਦੌਰਾਨ ਟ੍ਰੈਫਿਕ ਪੁਲਿਸ ਵੱਲੋਂ ਓਵਰਲੋਡ ਵਾਹਨਾਂ ਦੇ ਕੀਤੇ ਚਲਾਨਾਂ ਦਾ ਵੇਰਵਾ 48 ਘੰਟਿਆਂ ਦੌਰਾਨ ਮੰਗਿਆ ਸੀ ਐਸ.ਐਸ.ਪੀ ਦਫ਼ਤਰ ਖੰਨਾ ਵੱਲੋਂ ਤੁਰੰਤ ਮੁਹੱਈਆ ਕਰਾਈ ਜਾਣਕਾਰੀ ਨੇ ਟ੍ਰੈਫਿਕ ਪੁਲਿਸ ਖੰਨਾ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।



ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਜਾਣਕਾਰੀ ਦਿੰਦੇ ਹੋਏ।

8 ਮਹੀਨਿਆਂ 'ਚ ਟ੍ਰੈਫਿਕ ਪੁਲਸ ਨੇ ਓਵਰਲੋਡ ਵਾਹਨਾਂ ਦੇ 15 ਚਲਾਨ ਕੀਤੇ।8 ਮਹੀਨਿਆਂ 'ਚ ਨੋ ਐਂਟਰੀ 'ਚ ਦਾਖਲ ਹੋਏ ਹੈਵੀ ਵਾਹਨਾਂ ਦੇ 105 ਚਲਾਨ ਕੀਤੇ। ਪੁਲਸ ਜ਼ਿਲ੍ਹਾ ਖੰਨਾ ਦੀ ਹਦੂਦ ਅੰਦਰੋਂ ਰੋਜ਼ਾਨਾ ਸੈਂਕੜੇ ਓਵਰਲੋਡ ਟਰੱਕ/ਸਤਲੁਜ ਦਰਿਆ 'ਚੋਂ ਰੇਤੇ ਦੀ ਢੋਆ ਢੁਆਈ ਕਰ ਰਹੇ ਟਿੱਪਰ ਦਿਨ-ਰਾਤ ਸ਼ਰੇਆਮ ਨਿਕਲਦੇ ਆਮ ਜਨਤਾ ਨੂੰ ਦਿਖਾਈ ਦੇ ਰਹੇ ਹਨ, ਪਰ ਖੰਨਾ ਟ੍ਰੈਫਿਕ ਪੁਲਿਸ ਮੂਕ ਦਰਸ਼ਕ ਬਣ ਕੇ ਦੇਖਦੀ ਰਹਿੰਦੀ ਹੈ।

ਬੈਨੀਪਾਲ ਨੇ ਦੱਸਿਆ ਕਿ ਸੜਕਾਂ 'ਤੇ ਦੌੜਦੇ ਓਵਰਲੋਡ ਵਾਹਨਾਂ ਨਾਲ ਲੋਕ ਆਏ ਦਿਨ ਹਾਦਸਿਆਂ ਦੇ ਸ਼ਿਕਾਰ ਹੋ ਰਹੇ ਹਨ। ਆਏ ਦਿਨ ਇਨ੍ਹਾਂ ਹਾਦਸਿਆਂ ਕਰਕੇ ਕਿਸੇ ਨਾ ਕਿਸੇ ਘਰ ਦਾ ਚਿਰਾਗ ਬੁਝ ਰਿਹਾ ਹੈ।ਸੜਕਾਂ 'ਤੇ ਦੌੜਦੇ ਓਵਰਲੋਡ ਵਾਹਨਾਂ 'ਤੇ ਕਾਰਵਾਈ ਕਰਨ ਲਈ ਹਾਈਕੋਰਟ ਵੱਲੋਂ ਵੀ ਸਖ਼ਤ ਹੁਕਮ ਕੀਤੇ ਹੋਏ ਹਨ, ਪਰ ਪੁਲਸ ਜ਼ਿਲ੍ਹਾ ਖੰਨਾ ਦੀ ਟ੍ਰੈਫਿਕ ਪੁਲਿਸ ਹਾਈਕੋਰਟ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਕੇ ਓਵਰਲੋਡ ਮਾਫ਼ੀਆ ਦਾ ਸਾਥ ਦਿੰਦੀ ਨਜ਼ਰ ਆਉਂਦੀ ਹੈ।

ਪਿੰਡ ਰਣਨੇਹੜੀ ਦੇ ਸਰਪੰਚ ਅਮਰਜੀਤ ਸਿੰਘ ਦੀ ਹੋਈ ਹਾਦਸੇ ਦੌਰਾਨ ਹੋਈ ਮੌਤ ਦੀ ਵਜ੍ਹਾ ਪ੍ਰਸ਼ਾਸਨ ਦੀ ਨਲਾਇਕੀ ਹੈ।ਜੇਕਰ ਇਨ੍ਹਾਂ ਸਮੇਂ ਟ੍ਰੈਫਿਕ ਪੁਲਸ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕਰ ਲੈਂਦੀ ਤਾਂ ਸਰਪੰਚ ਅਮਰਜੀਤ ਸਿੰਘ ਤੇ ਹੋਰ ਅਨੇਕਾਂ ਘਰਾਂ ਦੇ ਨੌਜਵਾਨ ਹਾਦਸਿਆਂ ਦਾ ਸ਼ਿਕਾਰ ਨਾ ਹੁੰਦੇ।ਬੈਨੀਪਾਲ ਨੇ ਦੱਸਿਆ ਕਿ ਓਵਰਲੋਡ ਵਾਹਨਾਂ ਤੇ ਕਾਰਵਾਈ ਕਰਨ ਲਈ ਉਨ੍ਹਾਂ ਵੱਲੋਂ ਹਾਈਕੋਰਟ ਵਿਚ ਸਿਵਲ ਰਿਟ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਦੀ ਸੁਣਵਾਈ ਦੌਰਾਨ ਵਿਭਾਗ ਨੇ ਹਾਈਕੋਰਟ ਨੂੰ ਹਲਫ਼ਨਾਮਾ ਦੇ ਕੇ ਕਿਹਾ ਸੀ ਕਿ ਓਵਰਲੋਡ ਵਾਹਨਾਂ ਖ਼ਿਲਾਫ਼ ਮੋਟਰ ਵ੍ਹੀਕਲ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਧਰਨੇ 20 ਨੂੰ

ਦਿੜ੍ਹਬਾ (ਜਸਵੀਰ ਲਾਡੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਵੱਲੋਂ ਪਿੰਡ ਤੂਰਬੰਜਾਰਾ (ਸੈਲੋ ਪੱਕਾ ਮੋਰਚੇ) ਵਿਖੇ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਹਰਜੀਤ ਸਿੰਘ ਮਹਿਲਾ ਦੀ ਅਗਵਾਈ ਵਿੱਚ ਕੀਤੀ ਗਈ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਤੇ ਜ਼ਿਲ੍ਹਾ ਖ਼ਜ਼ਾਨਚੀ ਅਮਰਜੀਤ ਸਿੰਘ ਮਹਿਲਾ ਹਾਜ਼ਰ ਹੋਏ ਮੀਟਿੰਗ 'ਚ ਫੈਸਲਾ ਕੀਤਾ ਕਿ ਆਉਣ ਵਾਲੀ 20 ਅਗਸਤ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਵੱਡੀਆਂ ਸਾਮਰਾਜੀ ਕੰਪਨੀਆਂ ਅੱਗੇ ਇਕਰੋਜ਼ਾ ਧਰਨੇ ਦਿੱਤੇ ਜਾਣਗੇ। ਬਠਿੰਡਾ ਵਿਖੇ ਕਾਰਗਲ ਕੰਪਨੀ, ਅੰਮ੍ਰਿਤਸਰ ਵਿਖੇ ਜਲ ਪ੍ਰੋਜੈਕਟ ਅੱਗੇ ਤੇ ਸੰਗਰੂਰ ਪੈਪਸੀਕੋ ਕੰਪਨੀ ਚੰਨੋ ਵਿਖੇ ਵੱਡੇ ਇਕੱਠ ਕਰਕੇ ਧਰਨਾ ਦਿੱਤਾ ਜਾਵੇਗਾ, ਕਿਉਂਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਸਾਮਰਾਜੀਆਂ ਦੀ ਦਲਾਲ ਬਣ ਕੇ ਕਾਰਪੋਰੇਟਾਂ ਨੂੰ ਮੋਟੇ ਮੁਨਾਫੇ ਦੇਣ ਵਾਸਤੇ ਭਾਰਤ ਅਮਰੀਕਾ ਟੈਕਸ ਮੁਕਤ ਵਪਾਰ ਸਮਝੌਤੇ, ਲੈਂਡ ਪੂਲਿੰਗ ਪੋਲਸੀ, ਬਿਜਲੀ ਬਿੱਲ ਤੇ ਬੀਜ ਬਿਲ ਲਿਆ ਕੇ ਕਾਰਪੋਰੇਟਾਂ ਦੀ ਸੇਵਾ ਵਿੱਚ ਲੱਗੀ ਹੋਈ ਹੈ, ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਕਾਰਪੋਰੇਟਾਂ ਦੇ ਨਿੱਜੀ ਅਦਾਰੇ ਬੰਦ ਕਰਕੇ ਪੱਕੇ ਮੋਰਚੇ ਲਾਏ ਜਾਣਗੇ। ਭਾਰਤ ਸਰਕਾਰ ਕਿਸਾਨਾਂ ਨਾਲ ਲਿਖਤੀ ਵਾਅਦੇ ਕਰਕੇ ਮੁੱਕਰ ਚੁੱਕੀ ਹੈ, ਜਿਸ ਵਿੱਚ ਸਾਰੀਆਂ ਫ਼ਸਲਾਂ ਤੇ ਸੀ 2+ 50% ਫਾਰਮੂਲੇ ਨਾਲ ਐਮਐਸਪੀ ਗਰੰਟੀ ਕਾਨੂੰਨ ਬਣਾਉਣਾ, ਜਨਤਕ ਵੰਡ ਪ੍ਰਣਾਲੀ ਲਾਗੂ ਕਰਨਾ, ਸਾਰੇ ਕਿਸਾਨਾਂ ਮਜ਼ਦੂਰਾਂ ਦਾ ਪੂਰਨ ਕਰਜ਼ਾ ਮੁਆਫੀ ਤੇ ਦਿੱਲੀ ਮੋਰਚੇ ਦੌਰਾਨ ਕਿਸਾਨਾਂ ਤੇ ਪਾਏ ਝੂਠੇ ਪਰਚੇ ਰੱਦ ਕਰਨ, ਬਿਜਲੀ ਬਿੱਲ 2025 ਆਦੀ ਮੰਗਾਂ ਨੂੰ ਮਨਵਾਉਣ ਲਈ ਸੰਘਰਸ਼ ਜਾਰੀ ਰਹੇਗਾ।

## ਆਜ਼ਾਦੀ ਦਿਹਾੜਾ ਸ਼ਾਨੋ-ਸ਼ੌਕਤ ਨਾਲ ਮਨਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸਬ-ਡਵੀਜ਼ਨ ਦੇ ਐਸ.ਡੀ.ਐਮ. ਬੇਅੰਤ ਸਿੰਘ ਸਿੱਧੂ ਦੀ ਅਗਵਾਈ ਹੇਠ 80ਵਾਂ ਆਜ਼ਾਦੀ ਦਿਹਾੜਾ ਅਨਾਜ ਮੰਡੀ ਮਹਿਲ ਕਲਾਂ ਵਿਖੇ ਦੇਸ਼ਭਗਤੀ ਤੇ ਰਾਸ਼ਟਰੀ ਏਕਤਾ ਦੀ ਭਾਵਨਾ ਨਾਲ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ।ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਕੁਲਵੰਤ ਸਿੰਘ ਪੰਡੋਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਐਸ.ਡੀ.ਐਮ. ਬੇਅੰਤ ਸਿੰਘ ਸਿੱਧੂ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ, ਅਧਿਆਪਕਾਂ, ਵਿਦਿਆਰਥੀਆਂ, ਪਿੰਡਾਂ ਦੇ ਸਰਪੰਚਾਂ, ਪੰਚਾਂ, ਨੰਬਰਦਾਰਾਂ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।ਵਿਧਾਇਕ ਪੰਡੋਰੀ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਹ ਲੱਖਾਂ ਦੇਸ਼ਭਗਤਾਂ ਦੀਆਂ ਮਹਾਨ ਕੁਰਬਾਨੀਆਂ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਤੇ ਉਨ੍ਹਾਂ ਦੇ ਸੁਪਨਿਆਂ ਅਨੁਸਾਰ ਦੇਸ਼ ਤੇ ਪੰਜਾਬ ਦੀ ਤਰੱਕੀ ਲਈ ਕੰਮ ਕਰਨਾ ਸਾਡਾ ਫਰਜ਼ ਹੈ।ਉਨ੍ਹਾਂ ਕਿਹਾ ਕਿ ਸ਼ਹੀਦਾਂ ਤੇ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ ਦਾ ਸਨਮਾਨ ਕਰਨਾ ਸਿਰਫ਼ ਰਸਮੀ ਕਾਰਵਾਈ ਨਹੀਂ, ਸਗੋਂ ਉਨ੍ਹਾਂ ਪਰਿਵਾਰਾਂ ਪ੍ਰਤੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ।ਵਿਧਾਇਕ ਨੇ ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ, ਸਿਹਤ, ਰੁਜ਼ਗਾਰ, ਬੁਨਿਆਦੀ ਸਹੂਲਤਾਂ ਅਤੇ ਲੋਕ-ਪੱਖੀ ਪ੍ਰਸ਼ਾਸਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਿੱਖਿਆ ਕੇਂਦਰਾਂ ਵਜੋਂ ਵਿਕਸਤ ਕਰਨ, ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਐਸ ਡੀ ਐਮ ਮਹਿਲ ਕਲਾਂ ਬੇਅੰਤ ਸਿੰਘ ਸਿੱਧੂ ਨੇ ਕਿਹਾ ਕਿ ਆਜ਼ਾਦੀ ਦਿਹਾੜਾ ਸਾਨੂੰ ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਆਜ਼ਾਦ ਦੇਸ਼ ਵਿੱਚ ਰਹਿਣ ਦਾ ਮਾਣ ਪ੍ਰਾਪਤ ਕਰ ਰਹੇ ਹਾਂ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਹੋਈ ਜ਼ਿਲ੍ਹਾ ਪੱਧਰੀ ਮੀਟਿੰਗ

ਮਾਨਸਾ (ਆਤਮਾ ਸਿੰਘ ਪਮਾਰ)

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੱਤ ਪਾਲ ਰਿਸ਼ੀ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਵਿਖੇ ਹੋਈ।ਮੀਟਿੰਗ 'ਚ ਜ਼ਿਲ੍ਹਾ ਕਮੇਟੀ ਅਤੇ ਬਲਾਕਾਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।



ਮੀਟਿੰਗ 'ਚ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ, ਸੂਬਾ ਸਹਾਇਕ ਵਿੱਤ ਸਕੱਤਰ ਤਾਰਾ ਚੰਦ ਭਾਵਾ, ਜ਼ਿਲ੍ਹਾ ਚੇਅਰਮੈਨ ਰਘਵੀਰ ਚੰਦ ਅਕਲੀਆ, ਜ਼ਿਲ੍ਹਾ ਸਕੱਤਰ ਸਿਮਰਜੀਤ ਸਿੰਘ ਗਾਗੋਵਾਲ ਅਤੇ ਕੈਸ਼ੀਅਰ ਅਮਰੀਕ ਸਿੰਘ ਮਾਖਾ, ਸੀਨੀਅਰ ਵਾਇਸ ਪ੍ਰਧਾਨ ਸਿਸਨ ਗੋਇਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੇ ਸ਼ੁਰੂ 'ਚ ਜਥੇਬੰਦਕ ਪਰਵਾਰ 'ਚੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਉਪਰੰਤ ਹਾਜ਼ਰੀਨ ਦਾ ਸਵਾਗਤ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਤਾਰਾ ਚੰਦ ਭਾਵਾ ਅਤੇ ਜ਼ਿਲ੍ਹਾ ਚੇਅਰਮੈਨ ਰਘਵੀਰ ਚੰਦ ਸ਼ਰਮਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਥੇਬੰਦੀ ਦੇ ਲਗਾਤਾਰ ਸੰਘਰਸ਼ ਸਦਕਾ ਡਾਇਰੈਕਟਰ, ਸਿਹਤ ਵਿਭਾਗ ਵੱਲੋਂ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਲਈ ਸ਼ਾਰਟ ਟਰਮ ਟ੍ਰੇਨਿੰਗ ਸ਼ੁਰੂ ਕਰਾਉਣ ਸਬੰਧੀ ਸਵੈ-ਘੋਸ਼ਣਾ, ਯੋਗਤਾ ਤੇ ਤਜਰਬਾ ਸਰਟੀਫਿਕੇਟ ਦਾ ਪੱਤਰ ਜਾਰੀ ਹੋਇਆ ਹੈ, ਜੋ ਸੂਬਾ ਪ੍ਰਧਾਨ ਰਾਹੀਂ ਜਥੇਬੰਦੀ ਕੋਲ ਪਹੁੰਚ ਚੁੱਕਾ ਹੈ।ਆਗੂਆਂ ਨੇ ਐਸੋਸੀਏਸ਼ਨ ਦੇ ਮੈਂਬਰ ਸਾਥੀਆਂ ਨੂੰ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਤੇ ਜਲਦ ਤੋਂ ਜਲਦ ਆਪਣੇ ਸਵੈ-ਘੋਸ਼ਣਾ ਪੱਤਰ ਜਮ੍ਹਾਂ ਕਰਾਉਣ ਲਈ ਕਿਹਾ।ਉਨ੍ਹਾਂ ਕਿਹਾ ਕਿ ਸਹਿਨਸ਼ੀਲਤਾ ਅਤੇ ਜਥੇਬੰਦਕ ਜ਼ਾਬਤੇ 'ਚ ਰਹਿੰਦਿਆਂ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸਵੈ-ਪੜਚੋਲ ਕਰਦਿਆਂ ਜਥੇਬੰਦੀ ਦੀ ਬਿਹਤਰੀ ਲਈ ਮਿਲ-ਜੁਲ ਕੇ ਉਪਰਾਲੇ ਕੀਤੇ ਜਾਣ ਅਤੇ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਿਹਾ ਜਾਵੇ। ਬਲਾਕ ਆਗੂਆਂ ਵੱਲੋਂ ਆ ਰਹੀਆਂ ਜਥੇਬੰਦਕ ਸਮੱਸਿਆਵਾਂ 'ਤੇ ਖੁੱਲ੍ਹ ਕੇ ਚਰਚਾ ਹੋਈ ਤੇ ਰਹਿੰਦੀਆਂ ਘਾਟਾਂ-ਕਮਜ਼ੋਰੀਆਂ ਨੂੰ ਦੂਰ ਕਰਕੇ ਜਥੇਬੰਦੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਚੇਅਰਮੈਨ ਮਹਿਤਾ ਨੇ ਕੀਤਾ ਅੰਤਰਰਾਸ਼ਟਰੀ ਤਮਗਾ ਜੇਤੂ ਅਰਜੁਨ ਦਾ ਸਨਮਾਨ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਨਾਈਜੀਰੀਆ ਦੇ ਲਾਗੋਸ ਸ਼ਹਿਰ ਵਿਖੇ ਸੰਪੰਨ ਹੋਈ ਕਾਮਨਵੈਲਥ ਫੈਂਸਿੰਗ ਚੈਂਪਿਅਨਸ਼ਿਪ ਦੇ ਫੋਇਲ ਈਵੈਂਟ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਭਾਰਤ ਅਤੇ ਪਟਿਆਲਾ ਦਾ ਨਾਮ ਰੌਸ਼ਨ ਕਰਨ ਵਾਲੇ ਫੈਂਸਿੰਗ ਖਿਡਾਰੀ ਅਰਜੁਨ ਵਰਮਾ ਦਾ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਵੱਲੋਂ ਸਨਮਾਨ ਕੀਤਾ ਗਿਆ।ਤੇਜਿੰਦਰ ਮਹਿਤਾ ਨੇ ਅਰਜੁਨ ਵਰਮਾ ਨੂੰ ਉਸ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਅਰਜੁਨ ਨੇ ਆਪਣੀ ਮਿਹਨਤ, ਲਗਨ ਅਤੇ ਖੇਡ ਪ੍ਰਤੀ ਸਮਰਪਣ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਖੇਡਾਂ ਦੀ ਧਰਤੀ ਹੈ ਅਤੇ ਅਰਜੁਨ ਵਰਗੇ ਖਿਡਾਰੀ ਆਪਣੀਆਂ ਪ੍ਰਾਪਤੀਆਂ ਨਾਲ ਇਸ ਖੇਡ ਵਿਰਾਸਤ ਨੂੰ ਹੋਰ ਮਜ਼ਬੂਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਰਜੁਨ ਦੀ ਸਫਲਤਾ ਪਟਿਆਲਾ ਦੇ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹੈ।ਅਰਜੁਨ ਵਰਮਾ ਇਸ ਤੋਂ ਪਹਿਲਾਂ ਫੈਂਸਿੰਗ ਵਰਲਡ ਕੱਪ ਅਤੇ ਏਸ਼ੀਅਨ ਗੇਮਜ਼-2023 ਵਿੱਚ ਭਾਰਤ ਦੀ ਨੁਮਾਇੰਦਗੀ ਕਰ ਚੁੱਕਾ ਹੈ। ਪਿਛਲੇ ਸਾਲਾਂ ਦੌਰਾਨ ਉਸਨੇ ਕਈ ਰਾਸ਼ਟਰੀ ਪੱਧਰ ਦੀਆਂ ਫੈਂਸਿੰਗ ਪ੍ਰਤੀਯੋਗਿਤਾਵਾਂ ਵਿੱਚ ਵੀ ਤਮਗੇ ਹਾਸਲ ਕੀਤੇ ਹਨ। ਪਟਿਆਲਾ ਦਾ ਵਸਨੀਕ ਅਰਜੁਨ ਇਸ ਸਮੇਂ ਖੇਡ ਵਿਭਾਗ ਵਿੱਚ ਫੈਂਸਿੰਗ ਕੋਚ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ ਅਤੇ ਨੌਜਵਾਨ ਖਿਡਾਰੀਆਂ ਨੂੰ ਫੈਂਸਿੰਗ ਦੀ ਸਿਖਲਾਈ ਦੇ ਰਿਹਾ ਹੈ।ਅਰਜੁਨ ਵਰਮਾ ਦੀ ਮੰਗ 'ਤੇ ਉਸਦੇ ਵਿਦਿਆਰਥੀਆਂ ਲਈ ਫੈਂਸਿੰਗ ਦੀ ਸਕੋਰਿੰਗ ਮਸ਼ੀਨ (ਅਪਰੇਟਸ) ਮੁਹੱਈਆ ਕਰਵਾਉਣ ਵਾਸਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਫੰਡ ਵਿੱਚੋਂ ਢਾਈ ਲੱਖ ਰੁਪਏ ਪ੍ਰਵਾਨ ਕੀਤੇ ਗਏ ਹਨ। ਇਹ ਰਾਸ਼ੀ ਜਲਦ ਹੀ ਖੇਡ ਵਿਭਾਗ ਨੂੰ ਜਾਰੀ ਕਰ ਦਿੱਤੀ ਜਾਵੇਗੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਟੇਟ ਐਵਾਰਡੀ ਰੰਗਕਰਮੀ ਗੁਲਜ਼ਾਰ ਪਟਿਆਲਵੀ, ਐਕਸ ਪੁਲਸ ਪੈਂਸ਼ਨਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਵੜੈਚ, ਟ੍ਰੇਡ ਕਮਿਸ਼ਨ ਦੇ ਮੈਂਬਰ ਨਿਰਮਲ ਝਨੇੜੀ ਅਤੇ ਸਮਾਜ ਸੇਵੀ ਗਗਨ ਪਾਂਧੀ ਹਾਜ਼ਰ ਸਨ।

## ਵਿਕਾਸ ਦੇ ਨਾਂਅ 'ਤੇ ਧੂਰੀ ਵਾਸੀਆਂ ਨਾਲ ਧੋਖਾ ਹੋਇਆ : ਹਰਦੀਪ ਦੌਲਤਪੁਰ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਿਸਾਨ ਵਿੰਗ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਹਰਦੀਪ ਸਿੰਘ ਦੌਲਤਪੁਰ ਵੱਲੋਂ ਇਲਾਕੇ ਵਿੱਚ ਵਿੱਢੀ ਡੋਰ-ਟੂ-ਡੋਰ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਉਨ੍ਹਾਂ ਨੇ ਨੇੜਲੇ ਪਿੰਡ ਬੁਗਰਾ ਵਿਖੇ ਭਰਵੀਂ ਇਕੱਤਰਤਾ ਨੂੰ ਸੰਬੋਧਨ ਕੀਤਾ।ਉਨ੍ਹਾਂ ਮੌਜੂਦਾ ਸਰਕਾਰ 'ਤੇ ਤਿੱਖੇ ਸਿਆਸੀ ਹਮਲੇ ਕਰਦਿਆਂ ਆਖਿਆ ਕਿ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲਿਆਂ ਨੇ ਧੂਰੀ ਦੇ ਆਮ ਲੋਕਾਂ ਨਾਲ ਸਰਾਸਰ ਧੋਖਾ ਕੀਤਾ ਹੈ।ਹਰਦੀਪ ਸਿੰਘ ਦੌਲਤਪੁਰ ਨੇ ਆਖਿਆ ਕਿ ਮੁੱਖ ਮੰਤਰੀ ਦਾ ਹਲਕਾ ਹੋਣ ਦੇ ਬਾਵਜੂਦ ਲੋਕ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ।ਉਨ੍ਹਾਂ ਕਿਹਾ ਕਿ ਸਿਆਸੀ ਤਾਕਤ ਹਾਸਲ ਕਰਨ ਅਤੇ ਹਰਾ ਪੈੱਨ ਮਿਲਣ ਤੋਂ ਬਾਅਦ ਮੁੱਖ ਮੰਤਰੀ ਨੇ ਧੂਰੀ ਵਾਸੀਆਂ ਦੀ ਬਾਂਹ ਫੜਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ।ਹਲਕੇ ਦੇ ਵਿਕਾਸ ਕਾਰਜ ਠੱਪ ਪਏ ਹਨ ਤੇ ਨੌਜਵਾਨਾਂ, ਕਿਸਾਨਾਂ ਤੇ ਆਮ ਸ਼ਹਿਰੀਆਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਕਾਂਗਰਸੀ ਆਗੂ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਕਾਂਗਰਸ ਪਾਰਟੀ ਹਮੇਸ਼ਾ ਆਮ ਲੋਕਾਂ ਤੇ ਕਿਸਾਨਾਂ ਦੇ ਹੱਕਾਂ ਲਈ ਡਟ ਕੇ ਖੜ੍ਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਧੂਰੀ ਦੇ ਲੋਕ ਸਿਆਸੀ ਅਣਦੇਖੀ ਦਾ ਜਵਾਬ ਵੋਟ ਦੀ ਤਾਕਤ ਨਾਲ ਦੇਣਗੇ।

## 9ਵੀਂ ਹੀਰੋਜ਼ ਤਾਇਕਵਾਂਡੋ ਇੰਟਰਨੈਸ਼ਨਲ ਚੈਂਪੀਅਨਸ਼ਿਪ 'ਚ ਮਾਤਾ ਗੁਜਰੀ ਸਕੂਲ ਨੇ ਜਿੱਤੇ ਕਾਂਸੀ ਦੇ ਤਗਮੇ




ਸਨੌਰ (ਰਾਜਿੰਦਰ ਸਿੰਘ ਥਿੰਦ)-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਦੇਵੀਗੜ੍ਹ ਦੇ ਦੋ ਹੋਣਹਾਰ ਵਿਦਿਆਰਥੀਆਂ ਕਰਨ ਗਿਰ ਤੇ ਸਰਬਜੀਤ ਸਿੰਘ ਨੇ 9ਵੀਂ ਹੀਰੋਜ਼ ਤਾਇਕਵਾਂਡੋ ਇੰਟਰਨੈਸ਼ਨਲ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦੇ ਤਗਮੇ ਜਿੱਤੇ ਹਨ। ਇਹ ਅੰਤਰਰਾਸ਼ਟਰੀ ਚੈਂਪੀਅਨਸ਼ਿਪ 31 ਜੁਲਾਈ ਤੋਂ 2 ਅਗਸਤ ਤੱਕ ਪਟਾਇਆ ਸਿਟੀ, ਥਾਈਲੈਂਡ ਵਿਖੇ ਆਯੋਜਤ ਕੀਤੀ ਗਈ।ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਦੇਸ਼ਾਂ ਦੇ ਖਿਡਾਰੀਆਂ ਨੇ ਭਾਗ ਲਿਆ, ਜਿਸ ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ, ਮਿਹਨਤ ਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਕਰਨ ਗਿਰ, ਜਮਾਤ 12ਵੀਂ ਸਾਇੰਸ ਤੇ ਸਰਬਜੀਤ ਸਿੰਘ, ਜਮਾਤ 12ਵੀਂ ਕਾਮਰਸ ਨੇ ਸਖ਼ਤ ਮੁਕਾਬਲੇ ਵਿੱਚ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰਦਿਆਂ ਕਾਂਸੀ ਦੇ ਤਗਮੇ ਹਾਸਲ ਕੀਤੇ।ਉਨ੍ਹਾਂ ਦੀ ਇਸ ਉਪਲਬਧੀ ਨਾਲ ਸਕੂਲ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਨੇ ਦੋਨਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਤਗਮਾ ਜਿੱਤਣਾ ਵਿਦਿਆਰਥੀਆਂ ਦੀ ਮਿਹਨਤ, ਅਨੁਸ਼ਾਸਨ ਤੇ ਸਮਰਪਣ ਦਾ ਨਤੀਜਾ ਹੈ।ਉਨ੍ਹਾਂ ਆਸ ਪ੍ਰਗਟ ਕੀਤੀ ਕਿ ਦੋਵੇਂ ਖਿਡਾਰੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਦੇ ਰਹਿਣਗੇ।ਵਿਦਿਆਰਥੀਆਂ ਦੇ ਕੋਚ ਸ੍ਰੀ ਹਰਦੀਪ ਕੁਮਾਰ ਨੇ ਵੀ ਕਰਨ ਗਿਰ ਅਤੇ ਸਰਬਜੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੋਵੇਂ ਖਿਡਾਰੀਆਂ ਨੇ ਲਗਾਤਾਰ ਸਖ਼ਤ ਮਿਹਨਤ ਅਤੇ ਅਭਿਆਸ ਨਾਲ ਇਹ ਮੁਕਾਮ ਹਾਸਲ ਕੀਤਾ ਹੈ।


AXIS BANK LTD.

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.

Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025
Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ/ਰਹਿਣਕਾਰ ਦਾ ਨਾਂਅ ਅਤੇ ਪਤਾ | (1). ਡਿਮਾਂਡ ਨੋਟਿਸ ਦੀ ਮਿਤੀ (2). ਐਨ ਪੀ ਏ ਮਿਤੀ (3). ਕਬਜ਼ੇ ਦੀ ਮਿਤੀ (4). 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|
| 1 | 1. ਮੈਸਰਜ਼ ਗੋਬਿੰਦ ਸੇਲਜ਼ ਐਂਡ ਟਰਾਂਸਪੋਰਟ ਕੰਪਨੀ ਰਾਹੀਂ ਇਸ ਦੇ ਮਾਲਕ 2. ਸ੍ਰੀ ਗੋਬਿੰਦ ਸਿੰਘ ਮਨੇਸ਼ ਪੁੱਤਰ ਅਮਰਜੀਤ ਸਿੰਘ 3. ਸ੍ਰੀ ਅਮਰਜੀਤ ਸਿੰਘ ਪੁੱਤਰ ਜਾਗਰ ਸਿੰਘ | (1). 13 ਫਰਵਰੀ 2025 (2). 30 ਨਵੰਬਰ 2024 (3). 12 ਅਗਸਤ 2026 (4). ਰੁਪਏ 25,45,451/- (ਪੱਚੀ ਲੱਖ ਪੰਤਾਲੀ ਹਜ਼ਾਰ ਚਾਰ ਸੌ ਇਕਵੰਜਾ ਰੁਪਏ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ: ਪਿੰਡ ਬਾਲੀਆਂ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਰਿਹਾਇਸ਼ੀ ਜਾਇਦਾਦ ਨਾਲ ਸੰਬੰਧਤ ਸਭ ਕੁਝ, 1995-96 ਦੀ ਜਮ੍ਹਾਂਬੰਦੀ ਅਨੁਸਾਰ, ਖੱਤਾ ਨੰਬਰ 287/489, ਖਸਰਾ ਨੰਬਰ 379/2 ਮਿਨ (0-10) ਕੁੱਲ ਖੇਤਰਫਲ 08-10 ਬਿਸਵਾ ਪੁਖਤਾ ਸ਼ਾਮਲ ਹੈ, ਰਜਿਸਟਰਡ ਵਸੀਕਾ ਨੰਬਰ 1756 ਮਿਤੀ 10-11-1997 ਅਨੁਸਾਰ : ਅਮਰਜੀਤ ਸਿੰਘ ਪੁੱਤਰ ਜਾਗਰ ਸਿੰਘ ਦੇ ਨਾਮ 'ਤੇ, ਜਿਸ ਦੀ ਹੱਦ ਹੇਠ ਲਿਖੇ ਅਨੁਸਾਰ ਹੈ: ਹੱਦਾਂ ਪੂਰਬ : ਐੱਨ ਏ, ਉਤਰ : ਐੱਨ ਏ, ਪੱਛਮ: ਐੱਨ ਏ, ਦੱਖਣ : : ਐੱਨ ਏ | |
| 2 | 1. ਡਿਵਾਈਨ ਸਟੀਲ ਇੰਡਸਟ੍ਰੀਜ਼ ਰਾਹੀਂ ਇਸ ਦੇ ਭਾਈਵਾਲ, ਸ੍ਰੀ ਅਮਿਤ ਕੁਮਾਰ ਕਾਂਸਲ ਅਤੇ ਸ੍ਰੀਮਤੀ ਕਿਰਨ ਬਾਲਾ ਕਾਂਸਲ 2. ਸ੍ਰੀ ਅਮਿਤ ਕਾਂਸਲ ਪੁੱਤਰ ਸ੍ਰੀ ਲਾਭ ਕੁਮਾਰ ਕਾਂਸਲ 3. ਸ੍ਰੀ ਅਮਿਤ ਕੁਮਾਰ ਕਾਂਸਲ ਪੁੱਤਰ ਸ੍ਰੀ ਲਾਭ ਕੁਮਾਰ ਕਾਂਸਲ 4. ਸ੍ਰੀਮਤੀ ਕਿਰਨ ਬਾਲਾ ਕਾਂਸਲ ਪਤਨੀ ਸ੍ਰੀ ਲਾਭ ਕੁਮਾਰ ਕਾਂਸਲ 5. ਸ੍ਰੀਮਤੀ ਕਿਰਨ ਬਾਲਾ ਕਾਂਸਲ ਪਤਨੀ ਸ੍ਰੀ ਲਾਭ ਕੁਮਾਰ ਕਾਂਸਲ | (1). 28 ਜੁਲਾਈ 2025 (2). 01 ਜੁਲਾਈ 2025 (3). 12 ਅਗਸਤ 2026 (4). ਰੁਪਏ 13,51,145/- (ਤੇਰਾਂ ਲੱਖ ਇਕਵੰਜਾ ਹਜ਼ਾਰ ਇੱਕ ਸੌ ਪੰਤਾਲੀ ਰੁਪਏ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ: ਵਪਾਰਕ ਜਾਇਦਾਦ ਬੂਥ ਨੰਬਰ 15 ਨਾਲ ਸੰਬੰਧਤ ਸਭ ਕੁਝ। ਰਕਬਾ 88.89 ਵਰਗ ਗਜ਼, ਖਸਰਾ ਨੰਬਰ 49, 50, 51, 52, 53, 54, 55, 56, 57, 58, 59, 60, ਖੱਤਾ ਨੰਬਰ 49//59-60-61 ਜਮ੍ਹਾਂਬੰਦੀ ਸਾਲ 2011-2012। ਪਾਮ ਐਨਕਲੇਵ, ਪਿੰਡ ਬ੍ਰਾਹਮਣ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਵਿੱਚ ਸਥਿਤ। ਹੱਦਬਸਤ ਨੰਬਰ 264, ਵਸੀਕਾ ਨੰਬਰ 2019-20/103/1/8176, ਮਿਤੀ: 11-10-2019 ਅਨੁਸਾਰ। ਸ੍ਰੀ ਅਮਿਤ ਕੁਮਾਰ ਕਾਂਸਲ ਪੁੱਤਰ ਸ੍ਰੀ ਲਾਭ ਕੁਮਾਰ ਕਾਂਸਲ ਦੇ ਨਾਂਅ 'ਤੇ ਰਜਿਸਟਰਡ। ਹੱਦਾਂ ਹੇਠ ਅਨੁਸਾਰ। ਪੂਰਬ : 40'0'' ਤੱਕ ਫੁੱਟਪਾਥ, ਪੱਛਮ: ਬੂਥ ਨੰਬਰ 14 40'0'' ਤੱਕ, ਉੱਤਰ : ਪਾਰਕਿੰਗ 20'0'' ਤੱਕ, ਦੱਖਣ : 35' ਚੌੜੀ ਸੜਕ 20'0'' ਤੱਕ | |
| 3 | 1. ਮੈਸਰਜ਼ ਨਿਊ ਸ਼ੇਰ-ਏ-ਪੰਜਾਬ ਪੇਸਟੀਸਾਈਡਸ ਰਾਹੀਂ ਇਸ ਦੇ ਮਾਲਕ 2. ਗੁਰਦਿੱਤ ਸਿੰਘ ਪੁੱਤਰ ਸੁਖਦੇਵ ਸਿੰਘ | (1). 24 ਜੁਲਾਈ 2025 (2). 29 ਜੂਨ 2025 (3). 12 ਅਗਸਤ 2026 (4). ਰੁਪਏ 4,20,626/- (ਚਾਰ ਲੱਖ ਵੀਹ ਹਜ਼ਾਰ ਛੇ ਸੌ ਛੱਬੀ ਰੁਪਏ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ: ਗੁਰਦਿੱਤ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਹਜ਼ੂਰ ਸਿੰਘ ਦੀ ਵਪਾਰਕ ਜਾਇਦਾਦ ਨਾਲ ਸੰਬੰਧਤ ਸਭ ਕੁਝ। ਜਾਇਦਾਦ ਦੇ ਮਾਲਕ, 00 ਕਨਾਲ 07 ਮਰਲੇ ਦੀਆਂ ਦੋ ਦੁਕਾਨਾਂ, ਖਸਰਾ ਨੰਬਰ 357/1/2 (0-7), ਖੇਵਟ ਨੰਬਰ 154 ਖਤੌਨੀ ਨੰਬਰ 251 ਜਮ੍ਹਾਂਬੰਦੀ ਸਾਲ 2019-2020, ਹਮੀਰਗੜ੍ਹ ਤਹਿਸੀਲ ਭਗਤਾ ਭਾਈਕਾ ਜ਼ਿਲ੍ਹਾ ਬਠਿੰਡਾ ਦੀ ਮਾਲੀਆ ਸੀਮਾ ਦੇ ਅੰਦਰ ਸਥਿਤ ਹਨ। ਪੂਰਬ : ਰਾਮਾ ਸਿੰਘ ਪੁੱਤਰ ਹਰਵੰਤ ਸਿੰਘ, ਪੱਛਮ : ਬਲਬੀਰ ਸਿੰਘ, ਉੱਤਰ: ਬਾਜਾਖਾਨਾ-ਬਰਨਾਲਾ ਰੋਡ, ਦੱਖਣ : ਬਲਬੀਰ ਸਿੰਘ | |
| 4 | 1. ਸਾਈ ਐਡਵਰਟਸ ਰਾਹੀਂ ਇਸ ਦੇ ਮਾਲਕ 2. ਸ੍ਰੀ ਪ੍ਰਿੰਸ ਜੌਲੀ ਪੁੱਤਰ ਪ੍ਰਸ਼ੋਤਮ ਲਾਲ | (1). 14 ਮਈ 2026 (2). 28 ਸਤੰਬਰ 2025 (3). 12 ਅਗਸਤ 2026 (4). ਰੁਪਏ 67,14,775.90/- (ਸਤਾਹਠ ਲੱਖ ਚੌਦਾਂ ਹਜ਼ਾਰ ਸੱਤ ਸੌ ਪਚੱਤਰ ਰੁਪਏ ਨੱਬੇ ਪੈਸੇ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ: ਫਲੈਟ ਨੰਬਰ 209, ਬਲਾਕ ਬੀ, ਤੀਜੀ ਮੰਜ਼ਿਲ, ਕਵਰਡ ਏਰੀਆ ਨਾਲ ਸੰਬੰਧਤ ਸਭ ਕੁਝ। ਲਗਭਗ ਰਕਬਾ 1396 ਵਰਗ ਫੁੱਟ ਬਿਨਾਂ ਛੱਤ ਦੇ। ਪਿੰਡ ਬੂਟ, ਨਕੋਦਰ ਰੋਡ, ਸਿਲਵਰ ਗਲੈਕਸੀ ਅਪਾਰਟਮੈਂਟ, ਜਲੰਧਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਵਿੱਚ ਸਥਿਤ। ਰਜਿਸਟਰਡ ਸੇਲ ਡੀਡ ਨੰਬਰ 2024-25/187/1/1573, ਮਿਤੀ : 06 ਮਈ 2024 ਸ੍ਰੀ ਪ੍ਰਿੰਸ ਜੌਲੀ ਪੁੱਤਰ ਸ੍ਰੀ ਪੁਰਸ਼ੋਤਮ ਲਾਲ ਦੇ ਨਾਂਅ 'ਤੇ। ਪੂਰਬ : ਐੱਨ ਏ, ਉੱਤਰ : ਐੱਨ ਏ, ਪੱਛਮ : ਐੱਨ ਏ ਦੱਖਣ : ਐੱਨ ਏ | |
| 5 | 1. ਮੈਸਰਜ਼ ਗੋਇਲ ਗਿਫ਼ਟ ਗੈਲਰੀ ਰਾਹੀਂ ਇਸ ਦੇ ਮਾਲਕ 2. ਸ੍ਰੀ ਗਗਨਦੀਪ ਕੁਮਾਰ ਪੁੱਤਰ ਵਿਜੇ ਕੁਮਾਰ 3. ਸ੍ਰੀਮਤੀ ਉਰਮਿਲਾ ਰਾਣੀ ਪਤਨੀ ਵਿਜੇ ਕੁਮਾਰ | (1). 14 ਜੁਲਾਈ 2025 (2). 16 ਮਈ 2025 (3). 13 ਅਗਸਤ 2026 (4). ਰੁਪਏ 17,86,987.36/- (ਸਤਾਰਾਂ ਲੱਖ ਛਿਆਸੀ ਹਜ਼ਾਰ ਨੌਂ ਸੌ ਸਤਾਸੀ ਰੁਪਏ ਛੱਤੀ ਪੈਸੇ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ : ਰਿਹਾਇਸ਼ੀ-ਕਮ-ਵਪਾਰਕ ਜਾਇਦਾਦ ਮਕਾਨ ਨਾਲ ਸੰਬੰਧਤ ਸਭ ਕੁਝ, ਜਿਸ ਦਾ ਮਾਪ 14' × 80' ਜੋ ਕਿ 124.44 ਵਰਗ ਗਜ਼, ਜਿਸ ਵਿੱਚ ਐਮ.ਸੀ. ਨੰ. 10/104 ਹੈ [ਮਿਊਂਸਪਲ ਕੌਂਸਲ ਅਸੈਸਮੈਂਟ ਬੇਨਤੀ ਸੀਰੀਅਲ ਨੰ. 121, ਸਾਲ 2005-2006 ਲਈ] ਗਲੀ ਨੰਬਰ 5, ਰਾਮਾਂ ਮੰਡੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਪੰਜਾਬ ਵਿਖੇ ਸਥਿਤ। ਹੱਦਾਂ ਹੇਠ ਲਿਖੇ ਅਨੁਸਾਰ : ਪੂਰਬ : 80' ਜਵਾਹਰ ਲਾਲ, ਪੱਛਮ : 80' ਕਿਸ਼ਨ ਲਾਲ, ਉੱਤਰ : 14' ਗਲੀ ਨੰਬਰ 5, ਦੱਖਣ : 14' ਗਲੀ ਨੰਬਰ 4 | |
| 6 | 1. ਮੈਸਰਜ਼ ਰਾਜੀਵ ਕਰਿਆਨਾ ਸਟੋਰ ਰਾਹੀਂ ਇਸ ਦੇ ਮਾਲਕ 2. ਸ੍ਰੀ ਰਾਜੀਵ ਕੁਮਾਰ ਪੁੱਤਰ ਪਵਨ ਕੁਮਾਰ 3. ਸ੍ਰੀਮਤੀ ਸੋਨੀਆ ਪਤਨੀ ਸ੍ਰੀ ਰਾਜੀਵ ਕੁਮਾਰ | (1). 06 ਮਈ 2026 (2). 18 ਮਾਰਚ 2026 (3). 12 ਅਗਸਤ 2026 (4). ਰੁਪਏ 1,12,45,595.35/- (ਇੱਕ ਕਰੋੜ ਬਾਰਾਂ ਲੱਖ ਪੰਤਾਲੀ ਹਜ਼ਾਰ ਪੰਜ ਸੌ ਪਚਾਨਵੇਂ ਰੁਪਏ ਪੈਂਤੀ ਪੈਸੇ ਕੇਵਲ) |
| | ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ ਦਾ ਸਾਰਾ ਹਿੱਸਾ, ਜੋ ਕਿ ਰਿਹਾਇਸ਼ੀ ਮਕਾਨ/ਪਲਾਟ ਜਿਸ ਦਾ ਮਾਪ 20*60 ਵਰਗ ਫੁੱਟ ਹੈ, ਨਗਰ ਪਾਲਿਕਾ ਨੰਬਰ 2/114, ਸੀਰੀਅਲ ਨੰਬਰ 135, ਵਾਰਡ ਨੰਬਰ 2, ਮੁਲਾਂਕਣ ਸਾਲ 2005-06, ਰਾਮਾਂ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿਖੇ ਸਥਿਤ ਹੈ, ਇਸ ਦੇ ਰਜਿਸਟਰਡ ਮਾਲਕ ਸ੍ਰੀ ਰਾਜੀਵ ਕੁਮਾਰ ਪੁੱਤਰ ਪਵਨ ਕੁਮਾਰ ਵਸੀਕਾ ਨੰਬਰ 2250 ਮਿਤੀ 27/7/2016 ਅਨੁਸਾਰ। ਵਿਕਰੀ ਡੀਡ ਅਨੁਸਾਰ ਹੱਦਾਂ, ਪੂਰਬ : ਗਲੀ. ਪੱਛਮ : ਮੁਕੰਦ ਰਾਮ, ਉੱਤਰ: ਹਰਚਰਨ ਸਿੰਘ, ਦੱਖਣ: ਬ੍ਰਿਜ ਲਾਲ ਪੁੱਤਰ ਚਿਰੰਜੀ ਲਾਲ | |

ਮਿਤੀ : 18.08.2026 ਸਹੀ/- ਅਧਿਕਾਰਤ ਅਫਸਰ
ਸਥਾਨ : ਪੰਜਾਬ ਐਕਸਿਸ ਬੈਂਕ ਲਿਮਟਿਡ



AXIS BANK

Retail Asset Centre: AXIS Bank Ltd. SCB-5, First Floor, Chotti Baradari, Patiala-147001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Opposite Samartheswar Temple, Law Garden, Ellisbridge, Ahmadabad-380006

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| (1) ਵਿਕਾਸ ਜਿੰਦਲ ਪੁੱਤਰ ਸ੍ਰੀ ਸਰੂਪ ਚੰਦ ਵਾਸੀ ਮਕਾਨ ਨੰ. 60, ਵਾਰਡ ਨੰ. 16 ਏ, ਤਹਿਸੀਲ ਮੁਹੱਲਾ ਧੂਰੀ, ਜ਼ਿਲ੍ਹਾ ਸੰਗਰੂਰ, ਪੰਜਾਬ-148024, (2) ਸ੍ਰੀਮਤੀ ਮੋਨਿਕਾ ਪਤਨੀ ਵਿਕਾਸ ਜਿੰਦਲ ਵਾਸੀ | 16-AUG-2025 | 08-AUG-2025 | 13-AUG-2026 | ਰੁਪਏ 4,43,961/- (ਚਾਰ ਲੱਖ ਤਰਤਾਲੀ ਹਜ਼ਾਰ ਨੌਂ ਸੌ ਇਕਾਹਠ ਰੁਪਏ ਕੇਵਲ) |

ਮਕਾਨ ਨੰ. 60, ਵਾਰਡ ਨੰ. 16 ਏ, ਤਹਿਸੀਲ ਮੁਹੱਲਾ ਧੂਰੀ, ਜ਼ਿਲ੍ਹਾ ਸੰਗਰੂਰ, ਪੰਜਾਬ--148024

**ਜਾਇਦਾਦਾਂ ਦਾ ਵੇਰਵਾ**

**ਜਾਇਦਾਦ ਰਕਬਾ 165 ਵਰਗ, ਜੋ ਕਿ 220/920 ਹਿੱਸਾ, ਖਸਰਾ ਨੰ. 1837 (2-6), ਖੱਤਾ ਨੰ. 2059/410, ਜਮ੍ਹਾਂਬੰਦੀ ਸਾਲ 2008-2009, ਵਾਕਿਆ ਰਕਬਾ ਮਹੇਸ਼ ਨਗਰ, ਧੂਰੀ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ, ਪੰਜਾਬ, ਹੱਦਬਸਤ ਨੰ. 94 ਨਾਲ ਸੰਬੰਧਤ ਸਭ ਕੁਝ। ਰਜਿਸਟਰਡ ਬੈਨਾਮਾ ਨੰ. 2598 ਮਿਤੀ 19.10.2012 ਅਨੁਸਾਰ ਸ੍ਰੀਮਤੀ ਮੋਨਿਕਾ ਰਾਣੀ ਪਤਨੀ ਸ੍ਰੀ ਵਿਕਾਸ ਜਿੰਦਲ ਦੇ ਨਾਂਅ। ਹੱਦਾਂ ਸਾਈਟ ਅਨੁਸਾਰ : ਪੂਰਬ : ਸਰਲਾ ਦੇਵੀ ਬਾਹੀ 54 ਫੁੱਟ, ਪੱਛਮ : ਹਰੀ ਓਮ ਬਾਹੀ 54 ਫੁੱਟ, ਉੱਤਰ : ਨਰੰਗ ਸਿੰਘ ਬਾਹੀ 28 ਫੁੱਟ, ਦੱਖਣ : ਗਲੀ 10 ਫੁੱਟ ਚੌੜੀ ਬਾਹੀ 23 ਫੁੱਟ।**

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| (1) ਸ੍ਰੀ ਅਰੁਣ ਗੌਤਮ ਪੁੱਤਰ ਸ੍ਰੀ ਬਾਲ ਮੁਕੰਦ ਸ਼ਰਮਾ ਵਾਸੀ 343, ਦੂਜੀ ਮੰਜ਼ਲ, ਸੈਕਟਰ-11, ਪੰਚਕੂਲਾ-134109, ਹਰਿਆਣਾ। ਨਾਲ ਹੀ : ਸ੍ਰੀ ਅਰੁਣ ਗੌਤਮ ਪੁੱਤਰ ਬਾਲ | 26-MAR-2026 | 30-JUL-2021 | 13-AUG-2026 | ਰੁਪਏ 26,95,741/- (ਛੱਬੀ ਲੱਖ ਪਚਾਨਵੇਂ ਹਜ਼ਾਰ ਸੱਤ ਸੌ ਇਕਤਾਲੀ ਰੁਪਏ ਕੇਵਲ) |

ਮੁਕੰਦ ਸ਼ਰਮਾ, ਫਲੈਟ ਨੰ. 100, ਤੀਜੀ ਮੰਜ਼ਲ, ਗੁਰੂ ਨਾਨਕ ਇਨਕਲੇਵ, ਗੇਟ ਨੰ.1, ਢਕੋਲੀ, ਐੱਸ ਏ ਐੱਸ ਨਗਰ ਮੁਹਾਲੀ, ਪੰਜਾਬ-140603, ਨਾਲ ਹੀ : ਸ੍ਰੀ ਅਰੁਣ ਗੌਤਮ ਪੁੱਤਰ ਸ੍ਰੀ ਬਾਲ ਮੁਕੰਦ ਸ਼ਰਮਾ, ਪਿੰਡ ਪੰਜਗਾਈਂ, ਤਹਿਸੀਲ ਸਦਰ, ਪੰਜਗਾਈਂ, (126) ਬਿਲਾਸਪੁਰ ਹਿਮਾਚਲ ਪ੍ਰਦੇਸ਼-174012 (2) ਸ੍ਰੀਮਤੀ ਸੋਨੀਆ ਸ਼ਰਮਾ ਪਤਨੀ ਸ੍ਰੀ ਅਰੁਣ ਗੌਤਮ ਵਾਸੀ 343, ਦੂਜੀ ਮੰਜ਼ਲ, ਸੈਕਟਰ-11, ਪੰਚਕੂਲਾ-134109, ਹਰਿਆਣਾ। ਨਾਲ ਹੀ : ਸ੍ਰੀ ਅਰੁਣ ਗੌਤਮ ਪੁੱਤਰ ਸ੍ਰੀ ਬਾਲ ਮੁਕੰਦ ਸ਼ਰਮਾ, ਫਲੈਟ ਨੰ. 100, ਤੀਜੀ ਮੰਜ਼ਲ, ਗੁਰੂ ਨਾਨਕ ਇਨਕਲੇਵ, ਗੇਟ ਨੰ. 1, ਢਕੋਲੀ ਐੱਸ ਏ ਐੱਸ ਨਗਰ ਮੋਹਾਲੀ, ਪੰਜਾਬ-140603, ਨਾਲ ਹੀ : ਸ੍ਰੀ ਅਰੁਣ ਗੌਤਮ ਪੁੱਤਰ ਬਾਲ ਮੁਕੰਦ ਸ਼ਰਮਾ ਪਿੰਡ ਪੰਜਗਾਈਂ, ਤਹਿਸੀਲ ਸਦਰ, ਪੰਜਗਾਈਂ (126) ਬਿਲਾਸਪੁਰ, ਹਿਮਾਚਲ ਪ੍ਰਦੇਸ਼-174012

**ਜਾਇਦਾਦਾਂ ਦਾ ਵੇਰਵਾ**

ਰਿਹਾਇਸ਼ੀ ਜਾਇਦਾਦ ਨਿਰਮਿਤ ਖੇਤਰ/ਫਲੈਟ ਨੰ. 100-ਸੀ, ਤੀਜੀ ਮੰਜ਼ਲ ਪਲਾਟ ਨੰ. 100, ਛੱਤਿਆ ਖੇਤਰ 600 ਵਰਗ ਫੁੱਟ। ਉੱਕਤ ਫਲੈਟ ਦਾ ਹਿੱਸਾ 0 ਬਿਘਾ 0 ਬਿਸਵਾ 13 ਬਿਸਵਾਸੀ, ਜੋ ਕਿ ਕੁੱਲ ਜ਼ਮੀਨ 5 ਬਿਘਾ 15 ਬਿਸਵਾਸੀ ਦਾ 13/2300 ਹਿੱਸਾ (98.22 ਵਰਗ ਗਜ਼) ਦਾ 32.74 ਵਰਗ ਗਜ਼ ਦਾ 1/3 ਹਿੱਸਾ) ਖਸਰਾ ਨੰ. 528/2 (3-0), 529/2 (2-15), ਕਿੱਤੇ 2, ਖੇਵਟ ਖਤੌਨੀ ਨੰ. 24/24 , 142/150, ਜਮ੍ਹਾਂਬੰਦੀ ਸਾਲ 2014-2015, ਗੁਰੂ ਨਾਨਕ ਇਨਕਲੇਵ ਵਿਖੇ ਸਥਿਤ, ਪਿੰਡ ਢਕੋਲੀ, ਹੱਦਬਸਤ ਨੰ. 48, ਐੱਮ ਸੀ ਅਤੇ ਸਬ-ਤਹਿਸੀਲ, ਜ਼ੀਰਕਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐੱਸ ਏ ਐੱਸ ਨਗਰ ਨਾਲ ਸੰਬੰਧਤ ਸਭ ਕੁਝ, ਜੋ ਕਿ ਸੋਨੀਆ ਸ਼ਰਮਾ ਪਤਨੀ ਸ੍ਰੀ ਅਰੁਣ ਗੌਤਮ ਦੇ ਨਾਂਅ ਰਜਿਸਟਰਡ ਬੈਨਾਮਾ ਨੰ. 2020-21/13/1/3134 ਮਿਤੀ 03 ਸਤੰਬਰ 2020 ਅਨੁਸਾਰ।

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| (1) ਸ੍ਰੀ ਤਰੁਣ ਪੁਰੀ ਪੁੱਤਰ ਸ਼ੋਕ ਪੁਰੀ ਵਾਸੀ ਮਕਾਨ ਨੰ. 75 ਸੀ, ਬੇਲਾ ਹੋਮਜ਼, ਮੁਬਾਰਕਪੁਰ, ਡੇਰਾਬਸੀ, ਐੱਸ ਏ ਐੱਸ ਨਗਰ, ਮੁਹਾਲੀ। ਨਾਲ ਹੀ : ਮਕਾਨ ਨੰ. | 08-AUG-2024 | 30-MAY-2024 | 14-AUG-2026 | ਰੁਪਏ 17,08,859/- (ਸਤਾਰਾਂ ਲੱਖ ਅੱਠ ਹਜ਼ਾਰ ਅੱਠ ਸੌ ਉਨਾਹਠ ਰੁਪਏ ਕੇਵਲ) |

220 (2 ਬੀ ਆਰ) ਸੀ-10, ਉਪਰਲੀ ਮੰਜ਼ਲ, ਗੁਲਮੋਹਰ ਸਿਟੀ, ਡੇਰਾਬਸੀ, ਐੱਸ ਏ ਐੱਸ ਨਗਰ, ਮੁਹਾਲੀ (2) ਸ੍ਰੀਮਤੀ ਕਨਿਕਾ ਪਤਨੀ ਤਰੁਣ ਪੁਰੀ ਵਾਸੀ ਮਕਾਨ ਨੰ. 75 ਸੀ, ਬੇਲਾ ਹੋਮਜ਼, ਮੁਬਾਰਕਪੁਰ, ਡੇਰਾਬਸੀ, ਐੱਸ ਏ ਐੱਸ ਨਗਰ, ਮੁਹਾਲੀ। ਨਾਲ ਹੀ : ਮਕਾਨ ਨੰ. 220 (2 ਬੀ ਆਰ) ਸੀ 10, ਉਪਰਲੀ ਧਰਾਤਲ ਮੰਜ਼ਲ, ਗੁਲਮੋਹਰ ਸਿਟੀ, ਡੇਰਾਬਸੀ, ਐੱਸ ਏ ਐੱਸ ਨਗਰ, ਮੁਹਾਲੀ।

**ਜਾਇਦਾਦਾਂ ਦਾ ਵੇਰਵਾ**

ਜਾਇਦਾਦ/ਅਪਾਰਟਮੈਂਟ ਨੰ. 220 (2 ਬੀ ਆਰ), ਸੀ-10, ਉਪਰਲੀ ਧਰਾਤਲ ਮੰਜ਼ਲ, ਖੇਵਟ/ਖਤੌਨੀ ਨੰ. 190/308, ਖਸਰਾ ਨੰ. 63 (2-16), 64 (5-0), 65 (5-0), 66 (5-0), 67 (1-13), 69 (4-4), 70 (2-18), 72 (4-0), 73 (4-0), 74 (4-0), 75 (4-0), 76 (1-17), 77 (4-1), 78 (4-0), 79 (3-15), ਕਿੱਤੇ 15 ਜ਼ਮੀਨੀ ਰਕਬਾ 56 ਬਿਘਾ 04 ਬਿਸਵਾ 8/22480 ਦੇ ਹੱਦ ਹਿੱਸਾ, ਗੁਲਮੋਹਰ ਸਿਟੀ ਵਿਖੇ ਸਥਿਤ, ਪਿੰਡ ਮਾਧੋਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ ਨਾਲ ਸੰਬੰਧਤ ਸਭ ਕੁਝ, ਜੋ ਕਿ ਸ੍ਰੀ ਤਰੁਣ ਪੁਰੀ ਪੁੱਤਰ ਅਸ਼ੋਕ ਪੁਰੀ ਅਤੇ ਸ੍ਰੀਮਤੀ ਕਨਿਕਾ ਪਤਨੀ ਤਰੁਣ ਪੁਰੀ ਦੇ ਨਾਂਅ ਬੈਨਾਮਾ 2022-23/14/1/1305 ਮਿਤੀ 16 ਜੂਨ 2022 ਅਨੁਸਾਰ। ਹੱਦਾਂ (ਸਾਈਟ ਅਨੁਸਾਰ) ਪੂਰਬ : ਫਲੈਟ ਨੰ. 219, ਪੱਛਮ : ਹੋਰ, ਉੱਤਰ : ਇੰਟਰੈਂਸ, ਦੱਖਣ : ਹੋਰ ਫਲੈਟ।

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| (1) ਸ੍ਰੀ ਵਿਸ਼ਾਲ ਗੁਪਤਾ ਪੁੱਤਰ ਸ੍ਰੀ ਤਰਲੋਕ ਚੰਦ ਵਾਸੀ ਪਲਾਟ ਨੰ. 4, ਮਕਾਨ ਨੰ. 51, ਵਾਰਡ ਨੰ. 1, ਅਨੰਦ ਵਿਹਾਰ ਕਾਲੋਨੀ, ਦੀਨਾ ਨਗਰ, ਗੁਰਦਾਸਪੁਰ, ਪੰਜਾਬ- | 16-APR-2026 | 01-OCT-2021 | 14-AUG-2026 | ਰੁਪਏ 29,59,846/- (ਉਨੱਤੀ ਲੱਖ ਉਨਾਹਠ ਹਜ਼ਾਰ ਅੱਠ ਸੌ ਛਿਆਲੀ ਰੁਪਏ ਕੇਵਲ) |

143621, ਨਾਲ ਹੀ : ਫਲੈਟ ਨੰ. ਜੀ-304 (2 ਬੀ ਐੱਚ ਕੇ), ਤੀਜੀ ਮੰਜ਼ਲ, ਇਮਰਜ਼ਿੰਗ ਹਾਈਟਸ-III ਸੈਕਟਰ-115, ਖਰੜ (2) ਸ੍ਰੀਮਤੀ ਪ੍ਰਿਯਾ ਮਹਾਜਨ ਪਤਨੀ ਵਿਸ਼ਾਲ ਗੁਪਤਾ ਵਾਸੀ ਮਕਾਨ ਪਲਾਟ ਨੰ. 4, ਮਕਾਨ ਨੰ. 51, ਵਾਰਡ ਨੰ. 1, ਅਨੰਦ ਵਿਹਾਰ ਕਾਲੋਨੀ, ਦੀਨਾਨਗਰ, ਗੁਰਦਾਸਪੁਰ, ਪੰਜਾਬ-143621, ਨਾਲ ਹੀ : ਫਲੈਟ ਨੰ. ਜੀ-304 (2 ਬੀ ਐੱਚ ਕੇ), ਤੀਜੀ ਮੰਜ਼ਲ ਇਮਰਜਿੰਗ ਹਾਈਟਸ-III, ਸੈਕਟਰ-115, ਖਰੜ।

**ਜਾਇਦਾਦਾਂ ਦਾ ਵੇਰਵਾ**

**ਰਿਹਾਇਸ਼ੀ ਜਾਇਦਾਦ ਮਕਾਨ ਫਲੈਟ ਨੰ. ਜੀ -304 (2 ਬੀ ਐੱਚ ਕੇ) ਤੀਜੀ ਮੰਜ਼ਲ ਇਮਰਜਿੰਗ ਹਾਈਟਸ-III, ਸੈਕਟਰ 115, ਖਰੜ ਸ੍ਰੀ ਵਿਸ਼ਾਲ ਗੁਪਤਾ ਪੁੱਤਰ ਤਰਲੋਕ ਚੰਦ ਦੇ ਨਾਂਅ ਨਾਲ ਸੰਬੰਧਤ ਸਭ ਕੁਝ।**

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| (1) ਸ੍ਰੀ ਸੰਜੇ ਰਾਏ ਗੌੜ ਪੁੱਤਰ ਹਰੀਸ਼ ਕੁਮਾਰ ਵਾਸੀ ਮਕਾਨ ਪਲਾਟ ਨੰ. 4, ਮਕਾਨ ਨੰ. 35, ਪਹਿਲੀ ਮੰਜ਼ਲ, 12 ਐੱਮ ਸੀ ਕਾਲੋਨੀ, ਅਰਬਨ ਅਸਟੇਟ, ਸੁਖਦਾ ਹਸਪਤਾਲ ਦੇ ਪਿਛਲੇ | 16-APR-2025 | 09-AUG-2021 | 14-AUG-2026 | ਰੁਪਏ 24,57,787 (ਚੌਵੀ ਲੱਖ ਸਤਵੰਜਾ ਹਜ਼ਾਰ ਸੱਤ ਸੌ ਸਤਾਸੀ ਰੁਪਏ ਕੇਵਲ) |

ਪਾਸੇ, ਹਿਸਾਰ, ਹਰਿਆਣਾ -125001, ਨਾਲ ਹੀ : 302, ਟਾਵਰ ਐੱਚ, ਤੀਜੀ ਮੰਜ਼ਲ, 2 ਬੀ ਐੱਚ ਕੇ, ਇਮਰਜਿੰਗ ਹਾਈਟਸ-III, ਖਰੜ (2) ਸ੍ਰੀਮਤੀ ਸੈਲੇਸ਼ ਗੌੜ ਪਤਨੀ ਸੰਜੇ ਰਾਏ ਗੌੜ, ਵਾਸੀ ਮਕਾਨ ਪਲਾਟ ਨੰ. 4, ਮਕਾਨ ਨੰ. 35, ਪਹਿਲੀ ਮੰਜ਼ਲ, 12 ਐੱਮ ਸੀ ਕਾਲੋਨੀ, ਅਰਬਨ ਅਸਟੇਟ, ਸੁਖਦਾ ਹਸਪਤਾਲ ਦੇ ਪਿਛਲੇ ਪਾਸੇ, ਹਿਸਾਰ, ਹਰਿਆਣਾ-125001, ਨਾਲ ਹੀ : ਐੱਚ 302, ਟਾਵਰ ਐੱਚ, ਤੀਜੀ ਮੰਜ਼ਲ, 2 ਬੀ ਐੱਚ ਕੇ, ਇਮਰਜਿੰਗ ਹਾਈਟਸ --III, ਖਰੜ

**ਜਾਇਦਾਦਾਂ ਦਾ ਵੇਰਵਾ**

ਰਿਹਾਇਸ਼ੀ ਜਾਇਦਾਦ/ਮਕਾਨ ਟਾਵਰ-ਐੱਚ, ਐੱਚ 302, ਤੀਜੀ ਮੰਜ਼ਲ, 2 ਬੀ ਐੱਚ ਕੇ, ਇਮਰਜਿੰਗ ਹਾਈਟਸ III, ਖਰੜ, ਸ੍ਰੀਮਤੀ ਸੈਲੇਸ਼ ਗੌੜ ਪਤਨੀ ਸੰਜੇ ਰਾਏ ਗੌੜ ਦੇ ਨਾਂਅ ਨਾਲ ਸੰਬੰਧਤ ਸਭ ਕੁਝ।

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| (1) ਸ੍ਰੀ ਅਜੀਤ ਸਿੰਘ ਵੱਲ੍ਹੇ ਪੁੱਤਰ ਇੰਦਰ ਸਿੰਘ ਵਾਸੀ ਕੁਆਰਟਰ ਨੰ. 1, ਸਟਾਫ ਕਾਲੋਨੀ, ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ | 17-MAR-2026 | 08-AUG-2023 | 14-AUG-2026 | ਰੁਪਏ 30,89,263/- (ਤੀਹ ਲੱਖ ਉਨਾਨਵੇਂ ਹਜ਼ਾਰ ਦੋ ਸੌ ਤਰੇਹਠ ਰੁਪਏ ਕੇਵਲ) |

ਟੈਕਨਾਲੋਜੀ, ਵਾਰਡ ਨੰ. 12, ਲਹਿਰਾਗਾਗਾ, ਪੰਜਾਬ। ਨਾਲ ਹੀ : ਫਲੈਟ ਨੰ. ਡੀ 102, ਪਹਿਲੀ ਮੰਜ਼ਲ, ਇਮਰਜਿੰਗ ਹਾਈਟਸ-III,, ਟਾਵਰ-ਡੀ, ਪਿੰਡ ਸੰਤੇ ਮਾਜਰਾ, ਸੈਕਟਰ 115, ਐੱਸ ਏ ਐੱਸ ਨਗਰ, ਮੁਹਾਲੀ (2) ਹਰਬਿੰਦਰ ਕੌਰ ਪਤਨੀ ਅਜੀਤ ਸਿੰਘ ਵੱਲ੍ਹੇ ਵਾਸੀ ਕੁਆਰਟਰ ਨੰ. 1, ਸਟਾਫ ਕਾਲੋਨੀ, ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਵਾਰਡ ਨੰ. 12, ਲਹਿਰਾਗਾਗਾ, ਪੰਜਾਬ। ਨਾਲ ਹੀ : ਫਲੈਟ ਨੰ. ਡੀ-102, ਪਹਿਲੀ ਮੰਜ਼ਲ, ਇਮਰਜਿੰਗ ਹਾਈਟਸ-III, ਟਾਵਰ-ਡੀ, ਪਿੰਡ ਸੰਤੇਮਾਜਰਾ, ਸੈਕਟਰ 115, ਐੱਸ ਏ ਐੱਸ ਨਗਰ, ਮੁਹਾਲੀ।

**ਜਾਇਦਾਦਾਂ ਦਾ ਵੇਰਵਾ**

ਜਾਇਦਾਦ ਜੋ ਕਿ ਫਲੈਟ ਨੰ. ਡੀ-102, ਪਹਿਲੀ ਮੰਜ਼ਲ, ਇਮਰਜਿੰਗ ਹਾਈਟਸ-III , ਖੇਵਟ ਖਤੌਨੀ ਨੰ. 99/120, 347/361 'ਚ ਮਾਲਕੀ, ਖਸਰਾ ਨੰ. 39//2 (3-4), 39//3 (8-0), 39//8(8-0), 39//9(0-12), 39//12(0-14), 39//13(7-15), 39//18(2-4), 39//19(0-9) ਕਿਤੇ 8, ਰਕਬਾ 30 ਕਨਾਲ 18 ਮਰਲੇ ਦਾ 1/1236 ਹਿੱਸਾ ਅਣਵੰਡਿਆ ਬਕਦਰ 0 ਕਨਾਲ 1/2 ਮਰਲੇ, ਹੱਦਬਸਤ ਨੰ. 186, ਰਕਬਾ ਪਿੰਡ ਸੰਤੇਮਾਜਰਾ, ਖਰੜ, ਐੱਸ ਏ ਐੱਸ ਨਗਰ ਸ੍ਰੀ ਅਜੀਤ ਵੱਲ੍ਹੇ ਅਤੇ ਸ੍ਰੀਮਤੀ ਹਰਬਿੰਦਰ ਕੌਰ ਦੀ ਸਾਂਝੀ ਮਾਲਕੀ, ਵਸੀਕਾ ਨੰ. 801 ਮਿਤੀ 25-04-2017 ਨਾਲ ਸੰਬੰਧਤ ਸਭ ਕੁਝ।

| ਕਰਜ਼ਦਾਰ/ਗਰੰਟਰ/ ਰਹਿਣਕਾਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਕਬਜ਼ੇ ਦੀ ਮਿਤੀ | 13-2 ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|---|
| 1. ਸੁਨੀਤਾ ਗਰੋਵਰ ਪੁੱਤਰ ਸ਼ਿਆਮ ਗਰੋਵਰ 2. ਸ੍ਰੀਮਤੀ ਸ਼ਾਲਿਨੀ ਗਰੋਵਰ ਪੁੱਤਰ ਸੁਨੀਤ ਗਰੋਵਰ। | 16-APR-2025 | 12-MAY-2021 | 14-AUG-2026 | ਰੁਪਏ 19,89,860.00/- (ਉੱਨੀ ਲੱਖ ਉਨਾਨਵੇ ਹਜ਼ਾਰ ਅੱਠ ਸੌ ਸੱਠ ਰੁਪਏ ਕੇਵਲ) |

**ਜਾਇਦਾਦਾਂ ਦਾ ਵੇਰਵਾ**

ਰਿਹਾਇਸ਼ੀ ਜਾਇਦਾਦ/ਮਕਾਨ ਫਲੈਟ ਨੰ. 56, ਚੌਥੀ ਮੰਜ਼ਲ ਟਾਵਰ ਨੰ. ਸੀ 2, ਸੈਂਡਵੁੱਡ ਓਪੂਲੇਨਸੀਆ, ਸੈਕਟਰ-110, ਮੁਹਾਲੀ, ਪੰਜਾਬ ਨਾਲ ਸੰਬੰਧਤ ਸਭ ਕੁਝ, ਜੋ ਕਿ ਸ੍ਰੀ ਸੁਨੀਤ ਗਰੋਵਰ ਪੁੱਤਰ ਸ਼ਿਆਮ ਗਰੋਵਰ ਅਤੇ ਸ੍ਰੀਮਤੀ ਸ਼ਾਲਿਨੀ ਗਰੋਵਰ ਪਤਨੀ ਸੁਨੀਤ ਗਰੋਵਰ ਦੇ ਨਾਂਅ ਰਜਿਸਟਰਡ।

ਮਿਤੀ 13/14/08.2026, ਸਥਾਨ ਪੰਜਾਬ (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

THIS IS A PUBLIC ANNOUNCEMENT FOR INFORMATION PURPOSES ONLY AND IS NOT A PROSPECTUS ANNOUNCEMENT. THIS DOES NOT CONSTITUTE AN INVITATION OR OFFER TO ACQUIRE, PURCHASE OR SUBSCRIBE TO SECURITIES. THIS PUBLIC ANNOUNCEMENT IS NOT INTENDED FOR PUBLICATION OR DISTRIBUTION, DIRECTLY OR INDIRECTLY OUTSIDE INDIA.

INITIAL PUBLIC OFFER OF EQUITY SHARES ON SME PLATFORM OF NSE ("NSE") IN COMPLIANCE WITH CHAPTER IX OF THE SECURITIES AND EXCHANGE BOARD OF INDIA (ISSUE OF CAPITAL AND DISCLOSURE REQUIREMENTS) REGULATIONS, 2018

Please scan this QR code to view the Abridged Prospectus & RHP

# MADHUR KNIT CRAFTS LIMITED

**Corporate Identity Number: U17301PB1997PLC020381**

*Our Company was originally incorporated as a private limited company under the Companies Act, 1956 in the name and style of "Madhur Knit Crafts Private Limited" bearing Corporate Identification Number U17301PB1997PTC020381 August 21, 1997, issued by the Registrar of Companies, Punjab, H.P & Chandigarh. Subsequently, the name of our Company was changed to "Madhur Knit Crafts Limited" and a fresh Certificate of Incorporation dated January 30, 2025, was issued by the Registrar of Companies, Chandigarh. As on date of this Red Herring Prospectus, the Corporate Identification Number of our Company is U17301PB1997PLC020381. For further details, please refer to "Our History and Certain Other Corporate Matters" beginning on page 155 of the Red Herring Prospectus.*

**Registered Office:** Village - Seera, Sattowal Road, Rahon Road, Eros Bajra Road, Ludhiana, Punjab, India, 141007
**Tel No:** +91 9878009690 **Email:** ipo@mkcpl.in; **Website:** www.mkcpl.in
**Contact Person:** Ms Nikita Tayal, Company Secretary & Compliance Officer;

## PROMOTERS OF OUR COMPANY: (I) ARUN GUPTA (II) PIYUSH GUPTA AND (III) CHIRAG GUPTA

**INITIAL PUBLIC OFFER OF UP TO 27,00,000 EQUITY SHARES OF FACE VALUE ₹ 10 EACH (THE "EQUITY SHARES") OF SHREE BALAJI (MALA) TEXTILES LIMITED ("OUR COMPANY" OR THE "ISSUER") FOR CASH AT AN ISSUE PRICE OF ₹ [•] PER EQUITY SHARE (INCLUDING SECURITIES PREMIUM OF ₹ [•] PER EQUITY SHARE) ("ISSUE PRICE"), AGGREGATING UP TO ₹ [•] LAKHS (THE "ISSUE") OF WHICH 1,36,000 EQUITY SHARES OF FACE VALUE OF ₹ 10 EACH AGGREGATING TO ₹ [•] LAKHS WILL BE RESERVED FOR SUBSCRIPTION BY MARKET MAKER ("MARKET MAKER RESERVATION PORTION"). THE ISSUE LESS THE MARKET MAKER RESERVATION PORTION I.E. ISSUE OF 25,64,000 EQUITY SHARES OF FACE VALUE OF ₹ 10 EACH AT AN ISSUE PRICE OF ₹ [•] PER EQUITY SHARE AGGREGATING UPTO ₹ [•] LAKHS IS HEREINAFTER REFERRED TO AS THE "NET ISSUE". THE ISSUE AND THE NET ISSUE WILL CONSTITUTE 27.26% AND 25.89% RESPECTIVELY OF THE POST-ISSUE PAID-UP EQUITY SHARE CAPITAL OF OUR COMPANY.**
***Subject to finalization of basis of allotment.**

## DETAILS OF SELLING SHAREHOLDERS, OFFER FOR SALE AND WEIGHTED AVERAGE COST OF ACQUISITION:
**Not Applicable as the Entire Issue Constitutes Fresh Issue of Equity Shares.**

Our Company, in consultation with the Book Running Lead Manager, undertook a preferential issue of 2,72,307 Equity Shares of face value ₹10 each at a price of ₹65 per Equity Share (including a premium of ₹55 per Equity Share), aggregating to ₹176.99 lakhs, as permitted under applicable law ("Pre-IPO Placement"). The Pre-IPO Placement was undertaken at a price determined by our Company in consultation with the Book Running Lead Manager and was completed prior to filing of this Red Herring Prospectus with the RoC. The amount raised pursuant to the Pre-IPO Placement has been reduced from the Fresh Issue, subject to compliance with Rule 19(2)(b) of the Securities Contracts (Regulation) Rules, 1957, as amended. The Pre-IPO Placement did not exceed 20% of the original size of the Fresh Issue as disclosed in the Draft Red Herring Prospectus. Our Company had appropriately intimated the subscribers to the Pre-IPO Placement, prior to allotment pursuant to the Pre-IPO Placement, that there is no guarantee that our Company may proceed with the Offer or that the Offer may be successful and result in listing of the Equity Shares on the Stock Exchange. Further, relevant disclosures in relation to such intimation to the subscribers to the Pre-IPO Placement have been appropriately made in the relevant sections of this Red Herring Prospectus and will be made in the Prospectus.

## PRICE BAND: ₹ 95/- TO ₹ 100/- PER EQUITY SHARE OF FACE VALUE ₹ 10/- EACH.

**THE FLOOR PRICE IS 9.5 TIMES OF THE FACE VALUE AND THE CAP PRICE IS 10 TIMES OF THE FACE VALUE OF THE EQUITY SHARES.**
**THE PRICE TO EARNING RATIO BASED ON DILUTED EPS FOR THE FINANCIAL YEAR ENDED MARCH 31, 2025 AT THE FLOOR PRICE IS 11.16 TIMES AND AT THE CAP PRICE IS 11.75 TIMES.**
**BIDS CAN BE MADE FOR A MINIMUM OF 2400 EQUITY SHARES AND IN MULTIPLES OF 1200 EQUITY SHARES THEREAFTER.**

### BRIEF DESCRIPTION OF THE BUSINESS OF THE COMPANY

Madhur Knit Crafts Limited is a Ludhiana-based textile manufacturing company engaged in the production of fabrics and garments, with a primary focus on consumer textile products such as blankets. The Company commenced its commercial operations in 2013 and has since evolved into a diversified textile manufacturer with integrated operations across the value chain.

Branch Address-Bajaj Finance Limited, 1st Floor, Shimla Complex, ICICI Building, Water Works Road, Punjab 151505

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

(ਸਕਿਊਰਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਨਿਯਮ 8 (1) ਨਾਲ ਪੜ੍ਹੀ ਜਾਂਦੀ ਅੰਤਿਕਾ IV ਅਨੁਸਾਰ)

ਜਦੋਂਕਿ, ਨਿਮਨ ਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 ਦੀਆਂ ਵਿਵਸਥਾਵਾਂ ਅਧੀਨ ਬਜਾਜ ਫਾਈਨਾਂਸ ਲਿਮਿਟਿਡ (ਬੀ ਐੱਫ ਐੱਲ) ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਹੇਠ ਵਰਨਣ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਰਜਿਸਟਰਡ ਡਾਕ ਰਾਹੀਂ ਡਿਮਾਂਡ ("ਨੋਟਿਸ") ਨੋਟਿਸ ਜਾਰੀ ਕਰਕੇ ਦਰਸਾਏ ਐਕਟ ਦੇ 13 (2) ਅਧੀਨ ਨੋਟਿਸ ਵਿੱਚ ਵਰਨਣ ਰਾਸ਼ੀ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਗਿਆ ਸੀ।

ਹੇਠਾਂ ਵਰਨਣ ਨਾਂਅ ਵਾਲੇ ਕਰਜ਼ਦਾਰ/ਗਿਰਵੀਕਾਰ/ਗਰੰਟਰ ਰਾਸ਼ੀ ਮੋੜਨ 'ਚ ਅਸਫਲ ਰਹੇ ਹਨ। ਇਸ ਲਈ ਇਸ ਦੁਆਰਾ ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਨਿਮਨ ਹਸਤਾਖਰੀ ਨੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਇੱਥੇ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਵਰਨਣ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜੇ ਸੌਦੇਬਾਜ਼ੀ ਕੀਤੀ ਜਾਂਦੀ ਹੈ ਤਾਂ ਠੇਕਾ ਦਰ 'ਤੇ ਬਣਦੇ ਵਿਆਜ ਸਮੇਤ ਬਕਾਇਆ ਨਿਕਲਦੀ ਰਾਸ਼ੀ ਲਈ ਬਜਾਜ ਫਾਈਨਾਂਸ ਲਿਮਿਟਿਡ ਦੇ ਚਾਰਜ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ ਦਾ ਧਿਆਨ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਸੰਬੰਧੀ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

| ਸ਼ਾਖਾ ਕਰਜ਼ਾ ਖਾਤਾ ਨੰ./ਕਰਜ਼ਦਾਰ (ਕਰਜ਼ਦਾਰਾਂ)/ਗਿਰਵੀਕਾਰ (ਗਿਰਵੀਕਾਰਾਂ)/ਗਰੰਟਰ (ਗਰੰਟਰਾਂ) ਦੇ ਨਾਂਅ ਅਤੇ ਪਤੇ | ਸੁਰੱਖਿਅਤ ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਰਾਸ਼ੀ / ਕਬਜ਼ੇ ਦੀ ਮਿਤੀ |
|---|---|---|
| ਸ਼ਾਖਾ: ਮਾਨਸਾ<br>ਐਲ ਏ ਐਨ: PV54PBL13836336<br>1. ਪਰਮਜੀਤ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਬੁਰਜ ਸੇਮਾ, ਬਠਿੰਡਾ, ਪੰਜਾਬ-151509, ਸੰਪਰਕ: 9914987214, ਈਮੇਲ ਆਈ ਡੀ : paramjitkair88@gmail.com<br>ਨਾਲ ਹੀ: ਵਾਸੀ ਖੇਵਟ ਖਤੌਨੀ ਨੰ: 104/162, ਖਸਰਾ ਨੰ: 1//25/1 (02-04), ਵਾਕਿਆ ਰਕਬਾ, ਮੌੜ ਖੁਰਦ, ਜ਼ਿਲ੍ਹਾ ਬਠਿੰਡਾ-151509.<br>2. ਗੁਰਮੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬੁਰਜ ਸੇਮਾ, ਬਠਿੰਡਾ, ਪੰਜਾਬ-151509, ਸੰਪਰਕ: 94633-36855, ਈਮੇਲ ਆਈ ਡੀ: simagurmita400@gmail.com | ਖੇਵਟ ਖਤੌਨੀ ਨੰ: 104/162, ਖਸਰਾ ਨੰ: 1//25/1 (02-04) ਵਾਕਿਆ ਰਕਬਾ ਮੌੜ ਖੁਰਦ, ਜ਼ਿਲ੍ਹਾ ਬਠਿੰਡਾ-151509 ਨਾਲ ਸੰਬੰਧਤ ਸਭ ਕੁਝ ਸਮੇਤ ਸਾਂਝਾ ਖੇਤਰ ਦਾ ਅਨੁਪਾਤਕ ਹਿਸਾ (ਖੇਤਰ ਰਕਬਾ 1089 ਵਰਗ ਫੁੱਟ) ਹੱਦਾਂ: ਕਾਨੂੰਨੀ ਦਸਤਾਵੇਜ਼ ਅਨੁਸਾਰ: ਪੂਰਬ: ਗਿੰਨੀ ਦੇਵੀ, ਪੱਛਮ: ਜਸਵਿੰਦਰ ਕੌਰ, ਉੱਤਰ: ਗਲੀ, ਦੱਖਣ: ਹਰੀ ਰਾਮ ਸਾਈਟ ਅਨੁਸਾਰ ਸੀਮਾ: ਪੂਰਬ: ਮੋਹਨ ਸਿੰਘ, ਪੱਛਮ: ਖਾਲੀ ਪਲਾਟ, ਉੱਤਰ: ਗਲੀ, ਦੱਖਣ: ਹਰੀ ਰਾਮ | 19.05.2026 ਅਤੇ ਰੁਪਏ 23, 58, 982/- (ਰੁਪਏ ਤੇਈ ਲੱਖ ਅਠਵੰਜਾ ਹਜ਼ਾਰ ਨੌਂ ਸੌ ਬਿਆਸੀ ਰੁਪਏ ਕੇਵਲ)<br>ਕਬਜ਼ੇ ਦੀ ਮਿਤੀ 14.08.2026 ਦੁਪਹਿਰ 12 ਵਜੇ ਤੋਂ ਦੁਪਹਿਰ 1 ਵਜੇ ਤੱਕ |

ਸਥਾਨ: ਪੰਜਾਬ
ਮਿਤੀ : 16.08.2026
ਅਧਿਕਾਰਤ ਅਫਸਰ, ਵਾਸਤੇ ਮੈਸ: ਬਜਾਜ ਫਾਈਨਾਂਸ ਲਿਮਿਟਿਡ


## ਬਾ-ਅਦਾਲਤ ਸੇਲ ਅਫਸਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਬੁਢਲਾਡਾ

## ਨਿਲਾਮੀ ਨੋਟਿਸ

ਪੰਜਾਬ ਸਹਿਕਾਰੀ ਸਭਾਵਾਂ ਰੂਲਜ਼ 1963 ਦੇ ਰੂਲ 72 ਅਨੁਸਾਰ ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ, ਵਾਸੀ ਪਿੰਡ ਸ਼ੇਰਖਾਵਾਲਾ, ਤਹਿਸੀਲ ਬੁਢਲਾਡਾ ਅਤੇ ਜ਼ਿਲ੍ਹਾ ਮਾਨਸਾ ਦੇ ਵਿਰੁੱਧ ਗਬਨ ਦੇ ਸਾਲਸੀ ਕੇਸਾਂ ਅਸਲ ਰਕਮ ਮੁਬ:4328898.13/- ਰੁਪਏ, ਮੁਬ: 557122.87/- ਰੁਪਏ ਵਿਆਜ, ਮੁਬ: 8000/- ਰੁਪਏ ਕਾਨੂੰਨੀ ਖਰਚਾ, ਕੁੱਲ ਜੋੜ ਮੁਬ: 4894021/- ਰੁਪਏ (ਵਿਆਜ ਤਾ ਤਾਰੀਖ ਜਾਰੀ ਰਹੇਗਾ) ਅਤੇ ਫੈਸਲਿਆਂ ਤੋਂ ਬਾਅਦ ਦੀ ਡਿਗਰੀ ਦੀ ਰਾਮਗੜ੍ਹ ਸ਼ਾਹਪੁਰੀਆਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਰਾਮਗੜ੍ਹ ਸ਼ਾਹਪੁਰੀਆਂ ਦੇ ਹੱਕ ਵਿੱਚ ਹੋਈ ਸੀ, ਪਰ ਉਕਤ ਮਕਰੂਜ ਡਿਗਰੀ ਦੀ ਰਕਮ ਸਭਾ ਨੂੰ ਅਦਾ ਨਹੀਂ ਕਰ ਰਿਹਾ ਹੈ। ਉਸ ਨੂੰ ਪੰਜਾਬ ਸਹਿਕਾਰੀ ਸਭਾਵਾਂ, ਰੂਲਜ਼ 1963 ਦੇ ਰੂਲ 72 ਅਨੁਸਾਰ/ਅਧੀਨ ਜ਼ਰੂਰੀ ਨੋਟਿਸ ਦਿੱਤੇ ਜਾ ਚੁੱਕੇ ਹਨ, ਪਰੰਤੂ ਇਸ ਦੇ ਬਾਵਜੂਦ ਉਕਤ ਮਕਰੂਜ ਦੀ ਡਿਗਰੀ ਦੀ ਰਕਮ ਅਦਾ ਕਰਨ ਵਿੱਚ ਅਸਮਰਥ ਰਿਹਾ ਹੈ।

ਇਸ ਲਈ ਹੁਣ ਉਕਤ ਮਕਰੂਜ ਦੀ ਹੇਠ ਲਿਖੀ ਜਾਇਦਾਦ ਦੀ ਸੇਲ ਮਿਤੀ 20.08.2026 ਨੂੰ, ਸਥਾਨ ਦੀ ਰਾਮਗੜ੍ਹ ਸ਼ਾਹਪੁਰੀਆਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਰਾਮਗੜ੍ਹ ਸ਼ਾਹਪੁਰੀਆਂ ਵਿਖੇ, ਸਵੇਰੇ 11:00 ਵਜੇ ਦੀ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ 1961 ਦੀ ਧਾਰਾ 63 (ਬੀ) ਰੈੱਡ ਵਿਦ ਰੂਲ (Read with Rule) 72 ਆਫ਼ ਦੀ ਪੰਜਾਬ ਸਹਿਕਾਰੀ ਸਭਾਵਾਂ ਰੂਲਜ਼ 1963 ਤਹਿਤ ਸੇਲ ਅਫਸਰ ਵੱਲੋਂ ਕੀਤੀ ਜਾਵੇਗੀ। ਜੋ ਜਾਇਦਾਦ ਨਿਲਾਮ ਕੀਤੀ ਜਾਵੇਗੀ, ਉਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ: | ਨਾਂਅ ਅਤੇ ਪਿਤਾ ਦਾ ਨਾਂਅ | ਪਤਾ | ਅਹੁਦਾ | ਅਸਲ ਰਕਮ | ਵਿਆਜ | ਖਰਚਾ | ਕੁੱਲ ਰਕਮ |
|---|---|---|---|---|---|---|---|
| 1. | ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ | ਪਿੰਡ ਸ਼ੇਰਖਾਵਾਲਾ ਤਹਿ. ਬੁਢਲਾਡਾ, ਜਿਲ੍ਹਾ ਮਾਨਸਾ। | ਸਾਬਕਾ ਸਕੱਤਰ | 4328898.13/- | 557122.87/- | 8000/- | 4894021/- |

### ਸਭਾ ਦੇ ਨਾਂਅ ਅਟੈਚ ਜ਼ਮੀਨ ਦਾ ਵੇਰਵਾ:

| ਜਮ੍ਹਾਂਬੰਦੀ ਸਾਲ | ਪਿੰਡ | ਜ਼ਮੀਨ ਦਾ ਮਾਲਕ | ਹਿੱਸਾ | ਰਕਬਾ |
|---|---|---|---|---|
| 2020-21 | ਸ਼ੇਰਖਾਵਾਲਾ | 1. ਹਰਸਵੀਟ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ | ਖੇਵਟ-ਖਾਤਾ 72/99 ਦਾ ਸਾਲਮ ਰਕਬਾ 13-9 ਦਾ 32/81 | 5-6 |
| | | | ਖੇਵਟ-ਖਾਤਾ 137/195-208 ਦਾ ਸਾਲਮ ਰਕਬਾ 442-02 ਦਾ 1/24 | 18-8 |
| | | | ਖੇਵਟ-ਖਾਤਾ 138/209-210 ਦਾ ਸਾਲਮ ਰਕਬਾ 47-02 ਦਾ 1/24 | 1-19 |
| | | | ਖੇਵਟ-ਖਾਤਾ 141/213 ਦਾ ਸਾਲਮ ਰਕਬਾ 19-08 ਦਾ 1/3 | 6-9 |
| | | | ਖੇਵਟ-ਖਾਤਾ 142/214 ਦਾ ਸਾਲਮ ਰਕਬਾ 4-10 ਦਾ 1/6 | 0-15 |
| | | | ਕੁੱਲ ਰਕਬਾ | 32-18 |

| ਜਮ੍ਹਾਂਬੰਦੀ ਸਾਲ | ਪਿੰਡ | ਜ਼ਮੀਨ ਦਾ ਮਾਲਕ | ਹਿੱਸਾ | ਰਕਬਾ |
|---|---|---|---|---|
| 2020-21 | ਸ਼ੇਰਖਾਵਾਲਾ | 1. ਮਨਦੀਪ ਕੌਰ ਪਤਨੀ ਜੋਗਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ | ਖੇਵਟ-ਖਾਤਾ 72/99 ਦਾ ਸਾਲਮ ਰਕਬਾ 13-9 ਦਾ 16/81 | 2-13 |
| | | | ਖੇਵਟ-ਖਾਤਾ 137/195-208 ਦਾ ਸਾਲਮ ਰਕਬਾ 442-02 ਦਾ 1/48 | 9-4 |
| | | | ਖੇਵਟ-ਖਾਤਾ 138/209-210 ਦਾ ਸਾਲਮ ਰਕਬਾ 47-02 ਦਾ 1/48 | 0-19 |
| | | | ਖੇਵਟ-ਖਾਤਾ 141/213 ਦਾ ਸਾਲਮ ਰਕਬਾ 19-08 ਦਾ 1/6 | 3-4 |
| | | | ਖੇਵਟ-ਖਾਤਾ 142/214 ਦਾ ਸਾਲਮ ਰਕਬਾ 4-10 ਦਾ 1/12 | 0-7 |
| | | | ਕੁੱਲ ਰਕਬਾ | 16-09 |

ਨਿਲਾਮੀ ਦੀਆਂ ਕੁਝ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :-

ਵਿਆਜ ਦੀ ਰਕਮ ਸਾਲਮ ਵਸੂਲੀ ਤੱਕ ਚਾਲੂ ਰਹੇਗੀ। ਬੋਲੀ ਦੇ ਹੱਕ ਵਿੱਚ ਹੋਣ ਵਾਲੇ ਵਿਅਕਤੀ ਨੂੰ 15% ਰਕਮ ਤੁਰੰਤ ਸੇਲ ਅਫਸਰ ਕੋਲ ਜਮ੍ਹਾਂ ਕਰਵਾਉਣੀ ਪਵੇਗੀ। ਬਾਕੀ ਦੀ 85% ਰਕਮ ਸਟੈਂਪ ਡਿਊਟੀ ਦੀ ਰਕਮ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣੀ ਪਵੇਗੀ। ਬਾਕੀ ਦੀ 85% ਰਕਮ ਮਿੱਥੇ ਸਮੇਂ ਦੇ ਅੰਦਰ-ਅੰਦਰ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ 15% ਜਮ੍ਹਾਂ ਰਕਮ ਜ਼ਬਤ ਕੀਤੀ ਜਾਵੇਗੀ। ਬੋਲੀ ਨੂੰ ਮੁਅੱਤਲ ਜਾਂ ਅੱਗੇ ਪਾਇਆ ਜਾ ਸਕਦਾ ਹੈ। ਨਿਲਾਮ ਕੀਤੀ ਜਾਣ ਵਾਲੀ ਜਾਇਦਾਦ ਦੇ ਪੂਰੇ ਵੇਰਵੇ (ਸੇਲ ਅਫਸਰ) ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਬੁਢਲਾਡਾ ਦੇ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੇ ਜਾ ਸਕਦੇ ਹਨ। ਬਾਕੀ ਦੀਆਂ ਸ਼ਰਤਾਂ ਸੇਲ ਅਫਸਰ ਵੱਲੋਂ ਮੌਕੇ 'ਤੇ ਸੁਣਾਈਆਂ ਜਾਣਗੀਆਂ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਜੰਗਲਾਤ ਵਰਕਰ ਯੂਨੀਅਨ ਨੇ ਰੋਸ ਵਜੋਂ ਕਟਾਰੂਚੱਕ ਨੂੰ ਦਿੱਤਾ ਮੰਗ ਪੱਤਰ



ਪਠਾਨਕੋਟ (ਦਵਿੰਦਰ ਸਿੰਘ)-ਜੰਗਲਾਤ ਵਰਕਰ ਯੂਨੀਅਨ ਨੇ ਹਲਕਾ ਭੋਆ ਦੇ ਪਿੰਡ ਸੁੰਦਰਚੱਕ, ਭੋਆ, ਕੋਟਲੀ ਤੇ ਅੱਡਾ ਬਲਸੂਆ ਤੋਂ ਝੰਡਾ ਮਾਰਚ ਕਰਨ ਉਪਰੰਤ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਉਸ ਦੀ ਰਿਹਾਇਸ਼ ਪਿੰਡ ਕਟਾਰੂਚੱਕ ਪਹੁੰਚ ਕੇ ਮੰਗ ਪੱਤਰ ਦਿੱਤਾ।ਮੰਗ ਪੱਤਰ 'ਚ ਹਰ ਵਰਕਰ ਮੰਗਾਂ ਅਤੇ ਰੇਂਜ ਅਫਸਰ ਵੱਲੋਂ ਧੱਕਾ ਕੀਤੇ ਜਾਣ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਪ੍ਰਧਾਨ ਰਕੇਸ਼ ਕੁਮਾਰ ਅਤੇ ਜਨਰਲ ਸਕੱਤਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਰੇਂਜ ਪਠਾਨਕੋਟ ਵਿੱਚ 9-10 ਸਾਲ ਤੋਂ ਕੰਮ ਕਰਦੇ ਕਾਮਿਆਂ ਨਾਲ ਰੇਂਜ ਅਫਸਰ ਪਠਾਨਕੋਟ ਵੱਲੋਂ ਧੱਕਾ ਕੀਤਾ ਜਾ ਰਿਹਾ।ਸਾਲ 2025-26 ਅਤੇ ਸਾਲ 2026-27 ਵਿੱਚ ਫੰਡ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕੇਵਲ 10-10 ਦਿਨਾਂ ਦੀ ਪੇਮੈਂਟ ਦੇ ਕੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ, ਨਜਾਇਜ਼ ਕੱਢੇ ਕਾਮਿਆਂ ਤੇ ਤਨਖਾਹ ਰੋਕੇ ਖਿਲਾਫ ਅਸਿਸਟੈਂਟ ਲੇਬਰ ਕਮਿਸ਼ਨਰ ਪਠਾਨਕੋਟ ਵਿਖੇ ਕੀਤੇ ਕੇਸ ਨੂੰ ਵਾਪਸ ਲੈਣ, ਨਹੀਂ ਤਾਂ ਝੂਠੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।ਉਪਰੋਕਤ ਧੱਕਾਸ਼ਾਹੀ ਤੋਂ ਇਲਾਵਾ ਜੰਗਲਾਤ ਕਾਮਿਆਂ ਦੀਆਂ ਬੜੀਆਂ ਵਾਜਿਬ ਮੰਗਾਂ ਜਿਵੇਂ ਕਿ ਜਾਣਬੁੱਝ ਕੇ ਕੱਟੀਆਂ ਪੇਮੈਂਟਾਂ ਤੁਰੰਤ ਦਿੱਤੀਆਂ ਜਾਣ, ਸੀਨੀਅਰਤਾ ਸੂਚੀ ਵਿਚ ਦਰਜ ਵਰਕਰਾਂ ਦੇ ਮਸਟਰੋਲ ਵਿੱਚੋਂ ਨਾ ਕੱਟ ਕੇ ਫਰਜ਼ੀ ਬੰਦੇ ਭਰਨੇ ਬੰਦ ਕੀਤੇ ਜਾਣ, ਜੰਗਲਾਤ ਵਰਕਰਾਂ ਨੂੰ ਪੱਕਾ ਕੀਤਾ ਜਾਵੇ, ਪੁਰਾਣੇ ਵਰਕਰਾਂ ਨੂੰ ਪੂਰੇ ਮਹੀਨੇ ਦੀ ਤਨਖਾਹ ਦਿੱਤੀ ਜਾਵੇ, ਸਾਲ 2025-26 ਅਤੇ 2026-27 ਵਿੱਚ ਜਾਰੀ ਫੰਡਾਂ ਦੀ ਜਾਂਚ ਕਰਵਾਈ ਜਾਵੇ।ਮਸਟਰੋਲਾਂ ਦੀ ਸੂਚੀ ਹਰ ਮਹੀਨੇ ਦਫ਼ਤਰ ਦੇ ਸੂਚਨਾ ਬੋਰਡ ਉਪਰ ਲਗਾਈ ਜਾਵੇ ਆਦਿ ਮੰਗਾਂ ਮੰਗ ਪੱਤਰ ਵਿਚ ਸ਼ਾਮਲ ਸਨ।ਝੰਡਾ ਮਾਰਚ ਦਾ ਮੁੱਖ ਕਾਰਨ ਡੀ ਐੱਫ ਓ ਪਠਾਨਕੋਟ ਵੱਲੋਂ ਵਰਕਰਾਂ ਨੂੰ ਲਗਾਤਾਰ ਅਣਗੌਲਿਆਂ ਕਰਨ ਕਰਕੇ ਰੋਸ ਪ੍ਰਗਟ ਕਰਦਿਆਂ ਜੰਗਲਾਤ ਵਰਕਰ ਯੂਨੀਅਨ ਪਠਾਨਕੋਟ ਨੇ ਝੰਡਾ ਮਾਰਚ ਕਰਕੇ ਜੰਗਲਾਤ ਕਾਮਿਆਂ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਲੋਕਾਂ ਦੀ ਕਚਹਿਰੀ ਵਿੱਚ ਉਜਾਗਰ ਕੀਤਾ। ਸੁੰਦਰਚੱਕ ਅੱਡੇ ਵਿਚ ਸਾਬਕਾ ਵਿਧਾਇਕ ਜੋਗਿੰਦਰ ਪਾਲ ਨੇ ਜੰਗਲਾਤ ਵਰਕਰਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ। ਝੰਡਾ ਮਾਰਚ ਵਿੱਚ ਪਹੁੰਚੇ ਮਜ਼ਦੂਰ ਆਗੂ ਕਾਮਰੇਡ ਸ਼ਿਵ ਕੁਮਾਰ ਨੇ ਮੰਗਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਵੈਸੇ ਤਾਂ ਪੰਜਾਬ ਦੀ ਭਗਵੰਤ ਮਾਨ ਦੇ ਮੰਤਰੀ ਥਾਂ ਥਾਂ ਪ੍ਰਚਾਰ ਕਰ ਰਹੇ ਹਨ ਕਿ ਮਾਨ ਸਰਕਾਰ ਲੋਕਾਂ ਦੇ ਦੁਆਰ ਅਤੇ ਸਾਰੇ ਕੱਚੇ ਕਾਮੇ, ਪੱਕੇ ਬਹਾਲ ਪਰ ਜਮੀਨੀ ਹਕੀਕਤਾਂ ਕੁਝ ਹੋਰ ਬਿਆਨ ਕਰਦੀਆਂ ਹਨ।ਝੰਡਾ ਮਾਰਚ ਉਪਰੰਤ ਪ੍ਰੈੱਸ ਬਿਆਨ ਵਿੱਚ ਜੰਗਲਾਤ ਵਰਕਰ ਯੂਨੀਅਨ ਦੇ ਆਗੂਆਂ ਰਕੇਸ਼ ਕੁਮਾਰ, ਨਰਿੰਦਰ ਕੁਮਾਰ, ਓਂਕਾਰ ਨਾਥ, ਅਸ਼ੋਕ ਕੁਮਾਰ, ਨਰਿੰਦਰ ਸਿੰਘ, ਸ੍ਰੀਮਤੀ ਸੁਮਿਤਰੀ ਦੇਵੀ, ਸੁਸ਼ਮਾ ਦੇਵੀ, ਤਿਲਕ ਰਾਜ, ਦਿਆ ਰਾਮ, ਰਤਨ ਸਿੰਘ ਪ੍ਰੇਮ ਚਾਂਦੀਆਂ, ਰਾਜ ਕੁਮਾਰ, ਦੇਵ ਰਾਜ ਸੋਨੀ ਕੋਲੀਆਂ ਅਤੇ ਵੱਡੀ ਗਿਣਤੀ ਵਿਚ ਹਾਜ਼ਰ ਔਰਤਾਂ-ਮਰਦਾਂ ਨੇ ਕਿਹਾ ਕਿ ਜੇਕਰ ਫੌਰੀ ਤੌਰ ਤੇ ਸਾਡੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪਠਾਨਕੋਟ ਜਿਲ੍ਹੇ ਦੀਆਂ ਬਾਕੀ ਰੇਂਜਾਂ ਦੇ ਵਰਕਰਾਂ ਤੱਕ ਪਹੁੰਚ ਕਰਕੇ ਅਤੇ ਹੋਰ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਸਹਿਯੋਗ ਨਾਲ ਅਕਤੂਬਰ ਦੇ ਪਹਿਲੇ ਹਫਤੇ ਡੀ ਐੱਫ ਓ ਦਫ਼ਤਰ ਪਠਾਨਕੋਟ ਰੋਸ ਪ੍ਰਦਰਸ਼ਨ ਕੀਤਾ ਜਾਏਗਾ ਜਿਸ ਦੀ ਸਾਰੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਜੰਗਲਾਤ ਵਿਭਾਗ ਹੋਵੇਗਾ।

# ਅਪਰਬਾਰੀ ਦੁਆਬ ਨਹਿਰ ਦੇ ਕਿਨਾਰੇ ਨਜਾਇਜ਼ ਕਬਜ਼ੇ ਹਟਾਉਣੇ ਸ਼ੁਰੂ



ਪਠਾਨਕੋਟ (ਦਵਿੰਦਰ ਸਿੰਘ)- ਸਿੰਚਾਈ ਵਿਭਾਗ ਵੱਲੋਂ ਅਪਰਬਾਰੀ ਦੁਆਬ ਨਹਿਰ ਦੇ ਕਿਨਾਰੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਮੁਹਿੰਮ ਚਲਾਈ ਗਈ।ਇਹ ਕਬਜ਼ੇ ਮਾਧੋਪੁਰ ਤੋਂ ਲੈ ਕੇ ਸਰਨਾ ਨਹਿਰ ਤੱਕ ਕੀਤੇ ਹੋਏ ਹਨ।ਨਹਿਰੀ ਵਿਭਾਗ ਵੱਲੋਂ ਪੁਲਸ ਸੁਰੱਖਿਆ ਲੈ ਕੇ ਨਹਿਰ ਦੇ ਕੰਢੇ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਜੇਸੀਬੀ ਮਸ਼ੀਨਾਂ ਦੀ ਮਦਦ ਨਾਲ ਪੁੱਟਿਆ ਗਿਆ।

ਉੱਥੇ ਹੀ ਕਈ ਲੋਕਾਂ ਦਾ ਕਹਿਣਾ ਸੀ ਕਿ ਉਹ 25-30 ਸਾਲਾਂ ਤੋਂ ਇੱਥੇ ਆਪਣਾ ਕਾਰੋਬਾਰ ਕਰ ਰਹੇ ਹਨ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਹਨ ਪਰ ਨਹਿਰੀ ਵਿਭਾਗ ਵੱਲੋਂ ਉਨ੍ਹਾਂ ਦੇ ਖੋਖੇ ਤੋੜ ਕੇ ਉਨ੍ਹਾਂ ਨੂੰ ਸੜਕ ਤੇ ਲੈ ਆਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਨਹਿਰੀ ਵਿਭਾਗ ਵੱਲੋਂ ਸਿਰਫ ਮਾੜੇ ਬੰਦੇ ਦੇ ਹੀ ਖੋਖੇ ਹਟਾਏ ਗਏ ਹਨ ਜਦ ਕਿ ਰਸੂਖਦਾਰ ਲੋਕਾਂ ਦੇ ਨਜਾਇਜ਼ ਕਬਜ਼ੇ ਅੱਜ ਵੀ ਬਰਕਰਾਰ ਹਨ।ਜਦ ਇਸ ਸਬੰਧ ਵਿੱਚ ਨਹਿਰੀ ਵਿਭਾਗ ਦੇ ਐੱਸਡੀਓ ਰਾਜੀਵ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਮਾਧੋਪੁਰ ਤੋਂ ਲੈ ਕੇ ਧਾਰੀਵਾਲ ਨਹਿਰ ਦੇ ਕੰਢੇ ਨਜਾਇਜ਼ ਕਬਜ਼ੇ ਹਟਾਉਣ ਦੇ ਆਦੇਸ਼ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ ਉਹਨਾਂ ਦੇ ਅਧਿਕਾਰ ਖੇਤਰ ਵਿੱਚ ਮਾਧੋਪੁਰ ਤੋਂ ਲੈ ਕੇ ਮਲਿਕਪੁਰ ਤੱਕ ਦਾ ਏਰੀਆ ਹੈ ਜਿੱਥੇ ਅੱਜ ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਚਲਾਈ ਗਈ ਹੈ।ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਲੋਕਾਂ ਦਾ ਕਹਿਣਾ ਹੈ ਕਿ ਮਾੜੇ ਲੋਕਾਂ ਦੇ ਕਬਜ਼ੇ ਹਟਾਏ ਜਾ ਰਹੇ ਹਨ ਜਦ ਕਿ ਰਸੂਖਦਾਰਾਂ ਦੇ ਕਬਜ਼ੇ ਨਹੀਂ ਢਾਹੇ ਗਏ, ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਘੱਟ ਪੁਲਸ ਪ੍ਰੋਟੈਕਸ਼ਨ ਮਿਲੀ ਹੈ, ਜਦੋਂ ਪੂਰੀ ਪ੍ਰੋਟੈਕਸ਼ਨ ਮਿਲ ਜਾਵੇਗੀ ਤਾਂ ਰਹਿੰਦੇ ਕਬਜ਼ੇ ਵੀ ਹਟਾ ਦਿੱਤੇ ਜਾਣਗੇ।

# ਬੜੇ ਉਤਸ਼ਾਹ ਨਾਲ ਮਨਾਇਆ ਵੱਖ-ਵੱਖ ਥਾਈਂ 80ਵਾਂ ਆਜ਼ਾਦੀ ਦਿਹਾੜਾ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਆਰੀਆ ਸਮਾਜ ਗੁਰੂ ਕੁੱਲ ਵਿਭਾਗ ਗੁਰਦਾਸਪੁਰ ਵੱਲੋਂ ਆਜ਼ਾਦੀ ਦਿਹਾੜਾ ਬੂਥ ਵੱਤ ਭਗਤ ਪ੍ਰਧਾਨ ਅਤੇ ਗੁਰਚਰਨ ਲਾਲ ਮਹਾਂ ਮੰਤਰੀ ਦੀ ਪ੍ਰਧਾਨਗੀ ਹੇਠ ਆਰਿਆ ਸਮਾਜ ਮੰਦਿਰ ਗੁਰਦਾਸਪੁਰ ਵਿਖੇ ਮਨਾਇਆ ਗਿਆ। ਇਸ ਮੌਕੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਸਟੇਜ ਸਕੱਤਰ ਦੀ ਭੂਮਿਕਾ ਮਹਿੰਦਰ ਪਾਲ ਕਲੋਤਰਾ ਵੱਲੋਂ ਨਿਭਾਈ ਗਈ। ਇਸ ਮੌਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ, ਸ਼ਹੀਦ ਕਰਤਾਰ ਸਿੰਘ ਸਰਾਭਾ, ਸਰਦਾਰ ਉਧਮ ਸਿੰਘ, ਚੰਦਰਸ਼ੇਖਰ ਆਜ਼ਾਦ, ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਬਾਕੀ ਸਾਰੇ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਯਾਦ ਕੀਤਾ ਗਿਆ।ਲੇਖਰਾਜ, ਕਸਤੂਰੀ ਭਗਤ, ਕੁਲਦੀਪ ਮਹਾਜਨ, ਪ੍ਰਿੰਸੀਪਲ ਵੀਕੇ ਮੇਂਦਰਿਸ, ਭੂਸ਼ਨ ਕੁਮਾਰ ਭੰਡਾਰੀ, ਸੁਰਿੰਦਰ ਅਗਰਵਾਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਆਜ਼ਾਦੀ ਦਿਹਾੜੇ ਦੀ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਮਹਿੰਦਰ ਪਾਲ ਕਲੋਤਰਾ ਵੱਲੋਂ ਸਵਾਮੀ ਦਯਾਨੰਦ ਸਰਸਵਤੀ ਦੀ ਜੀਵਨੀ ਬਾਰੇ ਪ੍ਰਕਾਸ਼ ਪਾਇਆ ਗਿਆ। ਨਾਰੀ ਸ਼ਕਤੀ ਵੱਲੋਂ ਲੇਕਚਰਾਰ ਰਮੇਸ਼ ਕੁਮਾਰੀ ਅਤੇ ਅਧਿਆਪਕਾ ਰੇਨੂ ਬਾਲਾ ਵੱਲੋਂ ਵਿਚਾਰ ਸਾਂਝੇ ਕੀਤੇ ਗਏ ਅਤੇ ਆਜ਼ਾਦੀ ਦਿਵਸ ਦਾ ਗੀਤ ਗਾਇਆ ਗਿਆ। ਇਸ ਮੌਕੇ ਪ੍ਰਿੰਸ ਚੱਢ, ਹੀਰਾ ਲਾਲ ਕਲੋਤਰਾ, ਸੁਰੇਸ਼ ਕੁਮਾਰ, ਕੇਵਲ ਕ੍ਰਿਸ਼ਨ, ਡਾਕਟਰ ਅਰਵਿੰਦ ਕਲੋਤਰਾ, ਜਤਿੰਦਰ ਤ੍ਰਹਿਣ, ਸ਼ਾਮ ਲਾਲ ਆਦਿ ਵੀ ਹਾਜ਼ਰ ਸਨ।



**ਪਠਾਨਕੋਟ (ਰਜਿੰਦਰ ਸਿੰਘ)**-ਜੇਐਮਕੇ ਇੰਟਰਨੈਸ਼ਨਲ ਸਕੂਲ ਵਿੱਚ ਤੀਜ ਅਤੇ ਆਜ਼ਾਦੀ ਦਿਵਸ ਦਾ ਤਿਉਹਾਰ ਬੜੇ ਉਤਸ਼ਾਹ, ਦੇਸ਼ਭਗਤੀ ਅਤੇ ਰਵਾਇਤੀ ਖ਼ੁਸ਼ੀ ਨਾਲ ਮਨਾਇਆ ਗਿਆ।ਇਸ ਦੌਰਾਨ ਮਾਪਿਆਂ ਦੇ ਨਾਲ 'ਟੀ ਐਂਡ ਟਾਕ ਵਿਦ ਡਾਇਰੈਕਟਰ' ਪ੍ਰੋਗਰਾਮ ਵੀ ਕਰਵਾਇਆ ਗਿਆ।ਪ੍ਰੋਗਰਾਮ ਦਾ ਆਯੋਜਨ ਚੇਅਰਮੈਨ ਅਨੁਜ ਸੂਦ ਦੇ ਮਾਰਗਦਰਸ਼ਨ ਹੇਠ ਕੀਤਾ ਗਿਆ, ਜਦਕਿ ਇਸ ਦੀ ਪ੍ਰਧਾਨਗੀ ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਨੀਰਜ ਮੋਹਨ ਪੁਰੀ ਨੇ ਕੀਤੀ।ਇਸ ਮੌਕੇ ਸਕੂਲ ਦੀ ਚੇਅਰਪਰਸਨ ਵੰਦਨਾ ਸੂਦ ਅਤੇ ਡਾਇਰੈਕਟਰ ਤਾਨਿਆ ਸੂਦ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ।ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਦੇਸ਼ਭਗਤੀ ਅਤੇ ਸੱਭਿਆਚਾਰਕ ਰੰਗਾਂ ਨਾਲ ਭਰਪੂਰ ਮਨਮੋਹਕ ਪੇਸ਼ਕਾਰੀਆਂ ਦੇ ਕੇ ਸਾਰਿਆਂ ਦਾ ਦਿਲ ਜਿੱਤ ਲਿਆ।ਖਾਸ ਤੌਰ 'ਤੇ 'ਆਪਰੇਸ਼ਨ ਸਿੰਦੂਰ' ਵਿਸ਼ੇ 'ਤੇ ਪੇਸ਼ ਕੀਤਾ ਗਿਆ ਨਾਟਕ ਅਤੇ ਦੇਸ਼ਭਗਤੀ ਨਾਚ ਨੇ ਹਾਜ਼ਰ ਮਾਪਿਆਂ ਅਤੇ ਮਹਿਮਾਨਾਂ ਨੂੰ ਮੰਤਰਮੁਗਧ ਕਰ ਦਿੱਤਾ।ਵਿਦਿਆਰਥੀਆਂ ਦੀ ਰੰਗ-ਬਿਰੰਗੀ ਰਵਾਇਤੀ ਪਹਿਰਾਵੇ ਨੇ ਪ੍ਰੋਗਰਾਮ ਦੀ ਸ਼ੋਭਾ ਨੂੰ ਹੋਰ ਵੀ ਵਧਾ ਦਿੱਤਾ।

ਇਸ ਮੌਕੇ ਮਾਪਿਆਂ ਅਤੇ ਸਕੂਲ ਪ੍ਰਬੰਧਨ ਵਿਚਕਾਰ ਸਕਾਰਾਤਮਕ ਸੰਵਾਦ ਵੀ ਹੋਇਆ, ਜਿਸ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ, ਸੰਸਕਾਰਾਂ ਅਤੇ ਗੁਣਵੱਤਾਪੂਰਨ ਸਿੱਖਿਆ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।



**ਧਾਰੀਵਾਲ, (ਮਨਦੀਪ ਵਿੱਕੀ)**- ਸੁਤੰਤਰਤਾ ਦਿਵਸ ਦੇ ਪਵਿੱਤਰ ਮੌਕੇ 'ਤੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਗੁਰਦਾਸਪੁਰ ਅਧੀਨ ਪਿੰਡ ਲਾਧੂਪੁਰ ਵਿਖੇ ਸਥਿਤ ਫਰੀਡਮ ਫਾਈਟਰ ਸਮਾਰਕ 'ਤੇ ਤਿਰੰਗਾ ਝੰਡਾ ਲਹਿਰਾਇਆ ਗਿਆ।ਇਹ ਸਮਾਰਕ ਰਾਸ਼ਟਰਪਤੀ ਅਵਾਰਡੀ ਸੁਤੰਤਰਤਾ ਸੈਨਾਨੀ ਬਾਪੂ ਗੁਰਚਰਨ ਸਿੰਘ ਲਾਧੂਪੁਰ ਦੀ ਯਾਦ ਨੂੰ ਸਮਰਪਿਤ ਹੈ।ਇਸ ਮੌਕੇ ਕਿਸੇ ਵਿਸ਼ੇਸ਼ ਮੁੱਖ ਮਹਿਮਾਨ ਦੀ ਬਜਾਏ ਪਿੰਡ ਦੇ ਵਸਨੀਕਾਂ ਅਤੇ ਸੁਤੰਤਰਤਾ ਸੈਨਾਨੀ ਪਰਿਵਾਰਾਂ ਨੇ ਮਿਲ ਕੇ ਸੁਤੰਤਰਤਾ ਦਿਵਸ ਸਮਾਰੋਹ ਮਨਾਇਆ।ਸਮਾਰੋਹ ਦੀ ਪ੍ਰਧਾਨਗੀ ਸਰਪੰਚ ਪਰਮਿੰਦਰ ਖੁਜਰ ਸਿੰਘ ਨੇ ਕੀਤੀ।ਇਸ ਦੌਰਾਨ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸੁਤੰਤਰਤਾ ਸੈਨਾਨੀਆਂ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਗਿਆ।ਸੁਤੰਤਰਤਾ ਸੈਨਾਨੀ ਬਾਪੂ ਗੁਰਚਰਨ ਸਿੰਘ ਲਾਧੂਪੁਰ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਅਤੇ ਸਮਾਜ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਰੱਖਿਆ।ਉਨ੍ਹਾਂ ਦੀਆਂ ਸੇਵਾਵਾਂ ਅਤੇ ਦੇਸ਼ ਪ੍ਰਤੀ ਸਮਰਪਣ ਨੂੰ ਮਾਨਤਾ ਦਿੰਦਿਆਂ ਉਨ੍ਹਾਂ ਨੂੰ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਫਰੀਡਮ ਫਾਈਟਰ ਸਮਾਰਕ ਨਾਲ ਵੀ ਬਾਪੂ ਗੁਰਚਰਨ ਸਿੰਘ ਜੀ ਦੀ ਯਾਦ ਅਤੇ ਵਿਰਾਸਤ ਜੁੜੀ ਹੋਈ ਹੈ। ਇਸ ਸਮਾਰਕ ਲਈ ਉਨ੍ਹਾਂ ਵੱਲੋਂ ਜ਼ਮੀਨ ਦਿੱਤੀ ਗਈ ਸੀ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਜ਼ਾਦੀ ਸੰਗਰਾਮ ਦੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖ ਸਕਣ।



**ਤਰਨਤਾਰਨ (ਪ੍ਰਿਤਪਾਲ ਸਿੰਘ)**-ਸੀ.ਕੇ.ਡੀ. ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਤਰਨ ਤਾਰਨ ਵਿਖੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀਆਂ ਖੂਬਸੂਰਤ ਝਲਕੀਆਂ ਪੇਸ਼ ਕਰਦਾ ਤੀਆਂ ਦਾ ਤਿਉਹਾਰ 14 ਅਗਸਤ ਨੂੰ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਅਤੇ ਲੋਕ ਵਿਰਸੇ ਨਾਲ ਸਬੰਧਤ ਵੱਖ-ਵੱਖ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਮਾਡਲਿੰਗ, ਮਹਿੰਦੀ ਮੁਕਾਬਲਾ, ਸੋਲੋ ਡਾਂਸ, ਗਰੁੱਪ ਡਾਂਸ, ਗਿੱਧਾ ਅਤੇ ਗਾਇਕੀ ਆਦਿ ਮੁਕਾਬਲੇ ਕਰਵਾਏ ਗਏ।ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵਿਆਂ, ਗਹਿਣਿਆਂ ਅਤੇ ਰਵਾਇਤੀ ਸ਼ਿੰਗਾਰ ਰਾਹੀਂ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਨੂੰ ਖੂਬਸੂਰਤ ਢੰਗ ਨਾਲ ਪੇਸ਼ ਕੀਤਾ।ਮਾਡਲਿੰਗ ਮੁਕਾਬਲਾ ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਰਿਹਾ।ਇਸ ਵਿੱਚ ਵਿਦਿਆਰਥਣਾਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਅਤੇ ਆਤਮ-ਵਿਸ਼ਵਾਸ ਨਾਲ ਰੈਂਪ ਵਾਕ ਕਰਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਹਰਜੀਤ ਸਿੰਘ (ਪ੍ਰਧਾਨ, ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ) ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ, ਲੋਕ-ਕਲਾਵਾਂ ਅਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਸਮਾਗਮ ਦੀ ਸਫਲਤਾ ਲਈ ਵਿਦਿਆਰਥੀਆਂ ਵੱਲੋਂ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਅਤੇ ਜੇਤੂਆਂ ਨੂੰ ਵਧਾਈ ਦਿੱਤੀ।



**ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)**: ਅੰਮ੍ਰਿਤਸਰ ਵਿੱਚ ਰਾਸ਼ਟਰੀ ਭਗਵਾ ਸੈਨਾ ਸੰਗਠਨ ਵੱਲੋਂ 80ਵਾਂ ਸ਼ਹੀਦੀ ਦਿਵਸ ਸਮਾਰੋਹ ਸ਼ਰਧਾ, ਸਤਿਕਾਰ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਸੰਗਠਨ ਦੇ ਰਾਸ਼ਟਰੀ ਪ੍ਰਧਾਨ ਅਤੇ ਸੰਸਥਾਪਕ ਪਵਨ ਦਿਵੇਸ਼ ਵੱਲੋਂ 15 ਅਗਸਤ ਨੂੰ ਸ੍ਰੀ ਕ੍ਰਿਸ਼ਨਾ ਮੰਦਰ ਵਿਖੇ ਰਾਸ਼ਟਰੀ ਝੰਡਾ ਲਹਿਰਾਇਆ ਗਿਆ।ਸਮਾਰੋਹ ਦੌਰਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਮਨ ਕੀਤਾ ਗਿਆ। ਸੰਗਠਨ ਦੇ ਆਗੂਆਂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਅਤੇ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦ ਸਾਡੇ ਲਈ ਹਮੇਸ਼ਾ ਪ੍ਰੇਰਨਾ ਦਾ ਸਰੋਤ ਰਹਿਣਗੇ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਦੇਸ਼ ਦੇ ਮਹਾਨ ਸ਼ਹੀਦਾਂ ਦੇ ਜੀਵਨ, ਸੰਘਰਸ਼ ਅਤੇ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਰਜਿੰਦਰ ਸਲੀਨ ਨੇ ਸੰਬੋਧਨ ਕਰਦਿਆਂ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਸੋਚ ਅਤੇ ਦੇਸ਼ ਪ੍ਰਤੀ ਉਨ੍ਹਾਂ ਦੀ ਭਾਵਨਾ ਨੂੰ ਅਪਣਾ ਕੇ ਹੀ ਅਸੀਂ ਸਮਾਜ ਦੀ ਭਲਾਈ ਲਈ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।ਸਮਾਗਮ ਦੇ ਅੰਤ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੇਸ਼ ਦੀ ਏਕਤਾ, ਅਖੰਡਤਾ ਅਤੇ ਭਲਾਈ ਲਈ ਨਿਰੰਤਰ ਕੰਮ ਕਰਨ ਦਾ ਪ੍ਰਣ ਲਿਆ ਗਿਆ।



**ਬਿਆਸ (ਪਰਮਜੀਤ ਸਿੰਘ ਰੱਖੜਾ)**-ਗਾਇਲ ਕੌਂਸ਼ਿਜ ਸਕੂਲ ਬਿਆਸ ਵਿਖੇ ਪ੍ਰਿੰਸੀਪਲ ਹਰਵਿੰਦਰ ਕੌਰ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਖੂਬਸੂਰਤ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਮਾਧਿਅਮ ਰਾਹੀਂ ਸ਼ਾਨਦਾਰ ਪ੍ਰਦਰਸ਼ਨੀ ਪੇਸ਼ ਕੀਤੀ ਗਈ।ਪ੍ਰਦਰਸ਼ਨੀ ਵਿੱਚ ਦੇਸ਼-ਵੰਡ, ਹਰੀ-ਕ੍ਰਾਂਤੀ, ਚਿੱਟੀ-ਕ੍ਰਾਂਤੀ ਅਤੇ ਆਧੁਨਿਕ ਭਾਰਤ ਦੀ ਯਾਤਰਾ ਨੂੰ ਦਿਖਾਇਆ ਗਿਆ।ਵਿਦਿਆਰਥੀਆਂ ਦੁਆਰਾ ਦੇਸ਼ ਦੀ ਅਜ਼ਾਦੀ ਵਿਚ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰਿੰਸੀਪਲ ਹਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਾਨੂੰ ਆਪਣੇ ਸ਼ਹੀਦਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ ਹਮੇਸ਼ਾ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ। ਸਕੂਲ ਪ੍ਰੈਜ਼ੀਡੈਂਟ ਪਰਮਵੀਰ ਆਨੰਦ ਅਤੇ ਚੇਅਰਪਰਸਨ ਵੀਨਾ ਆਨੰਦ ਨੇ ਵੀ ਵਿਦਿਆਰਥੀਆਂ ਨੂੰ ਆਪਣੇ ਵਿੱਚ ਦੇਸ਼-ਸੇਵਾ ਅਤੇ ਦੇਸ਼-ਪਿਆਰ ਵਰਗੀਆਂ ਭਾਵਨਾਵਾਂ ਉਜਾਗਰ ਕਰਨ ਲਈ ਉਤਸ਼ਾਹਤ ਕੀਤਾ।



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ, ਖਾਲਸਾ ਯੂਨੀਵਰਸਿਟੀ ਦੇ ਸਕੂਲ ਆਫ ਲਾਅ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ, ਖਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਅਤੇ ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਵਿਖੇ ਦੇਸ਼ ਭਗਤੀ ਦੇ ਜਜ਼ਬੇ ਨਾਲ ਆਜ਼ਾਦੀ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਖਾਲਸਾ ਯੂਨੀਵਰਸਿਟੀ ਦੇ ਸਕੂਲ ਆਫ਼ ਲਾਅ ਵਿਖੇ ਆਜ਼ਾਦੀ ਦਿਵਸ ਮੌਕੇ ਡੀਨ ਪ੍ਰੋ. (ਡਾ.) ਜਸਪਾਲ ਸਿੰਘ ਨੇ ਮੁਖੀ ਤੇ ਅਸਿਸਟੈਂਟ ਪ੍ਰੋਫੈਸਰ ਡਾ. ਗੁਨੀਸ਼ਾ ਸਲੂਜਾ ਨਾਲ ਮਿਲ ਕੇ ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਕੀਤੀ, ਜਿਸ ਉਪਰੰਤ ਰਾਸ਼ਟਰੀ ਗੀਤ ਗਾਇਆ ਗਿਆ। ਇਸ ਮੌਕੇ ਸੰਸਥਾ ਦੇ ਐੱਨ. ਐੱਸ. ਐੱਸ. ਵਲੰਟੀਅਰਾਂ ਅਤੇ 11 ਪੀ. ਬੀ. ਬੀ. ਐੱਨ. ਐੱਨ. ਸੀ. ਸੀ., ਅੰਮ੍ਰਿਤਸਰ ਦੇ ਐੱਨ. ਸੀ. ਸੀ. ਕੈਡਿਟਾਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਦੇਸ਼ ਭਗਤੀ ਭਾਸ਼ਣ ਅਤੇ ਪੋਸਟਰ ਮੇਕਿੰਗ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਹ ਪ੍ਰੋਗਰਾਮ ਲੈਫਟੀਨੈਂਟ (ਡਾ.) ਗੁਰਜਿੰਦਰ ਕੌਰ, ਏ. ਐੱਨ. ਓ., ਐੱਨ. ਸੀ. ਸੀ. ਅਤੇ ਡਾ. ਪ੍ਰੀਤ ਇੰਦਰ ਕੌਰ, ਪ੍ਰੋਗਰਾਮ ਅਫ਼ਸਰ, ਐੱਨ. ਐੱਸ. ਐੱਸ. ਦੇ ਸਹਿਯੋਗ ਨਾਲ ਕੀਤਾ ਗਿਆ।

# ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹਾਦਤ ਸੰਘਰਸ਼ ਕਰਨ ਦੀ ਪ੍ਰੇਰਣਾ ਦਿੰਦੀ ਹੈ : ਸਾਥੀ ਊਸ਼ਾ ਰਾਣੀ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿਘ) : ਆਲ ਇੰਡੀਆ ਫੈਡਰੇਸ਼ਨ ਆਫ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ (ਏ.ਆਈ.ਐੱਫ.ਏ.ਡਬਲਿਊ.ਐੱਚ.) ਦੀ ਅੰਮ੍ਰਿਤਸਰ ਵਿਚ ਚੱਲ ਰਹੀ ਦੋ ਰੋਜ਼ਾ ਮੀਟਿੰਗ ਦੌਰਾਨ ਸੋਮਵਾਰ ਨੂੰ ਮਹਾਨ ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਫੈਡਰੇਸ਼ਨ ਦੇ ਆਗੂਆਂ ਤੇ ਵੱਖ-ਵੱਖ ਰਾਜਾਂ ਤੋਂ ਪੁੱਜੇ ਸਾਥੀਆਂ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਸਲਾਮ ਕੀਤਾ।

ਇਸ ਮੌਕੇ ਸੰਬੋਧਨ ਕਰਦੇ ਹੋਏ ਆਲ ਇੰਡੀਆ ਫੈਡਰੇਸ਼ਨ ਆਫ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਦੀ ਜਨਰਲ ਸਕੱਤਰ ਸਾਥੀ ਊਸ਼ਾ ਰਾਣੀ ਨੇ ਕਿਹਾ ਕਿ ਮਦਨ ਲਾਲ ਢੀਂਗਰਾ ਵਰਗੇ ਨੌਜਵਾਨ ਸ਼ਹੀਦਾਂ ਨੇ ਆਪਣੀ ਜਵਾਨੀ ਤੇ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕਰ ਦਿੱਤੀ। ਉਨ੍ਹਾਂ ਦੀ ਸ਼ਹਾਦਤ ਸਾਨੂੰ ਹੱਕਾਂ, ਇਨਸਾਫ਼ ਤੇ ਲੋਕਤੰਤਰ ਦੀ ਰੱਖਿਆ ਲਈ ਲਗਾਤਾਰ ਸੰਘਰਸ਼ ਕਰਨ ਦੀ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਮਜ਼ਦੂਰ, ਮੁਲਾਜ਼ਮ ਤੇ ਮਹਿਲਾ ਕਾਮੇ ਆਪਣੇ ਹੱਕਾਂ ਲਈ ਜੋ ਸੰਘਰਸ਼ ਕਰ ਰਹੇ ਹਨ, ਉਹ ਵੀ ਉਸੇ ਸੰਘਰਸ਼ਸ਼ੀਲ ਪਰੰਪਰਾ ਦੀ ਕੜੀ ਹੈ। ਆਂਗਣਵਾੜੀ ਵਰਕਰਜ਼ ਤੇ ਹੈਲਪਰਜ਼ ਦੇਸ਼ ਦੇ ਬੱਚਿਆਂ ਤੇ ਮਹਿਲਾਵਾਂ ਦੀ ਸੇਵਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਯੋਗ ਮਿਹਨਤਾਨਾ, ਸਮਾਜਿਕ ਸੁਰੱਖਿਆ ਤੇ ਪੱਕੇ ਰੁਜ਼ਗਾਰ ਵਰਗੇ ਬੁਨਿਆਦੀ ਹੱਕਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।

ਮੀਟਿੰਗ ਵਿਚ 22 ਰਾਜਾਂ ਤੋਂ 65 ਸਾਥੀਆਂ ਨੇ ਹਿੱਸਾ ਲਿਆ। ਦੋ ਰੋਜ਼ਾ ਮੀਟਿੰਗ ਦੌਰਾਨ ਆਂਗਣਵਾੜੀ ਵਰਕਰਜ਼ ਅਤੇ ਹੈਲਪਰਜ਼ ਦੀਆਂ ਮੰਗਾਂ, ਜਥੇਬੰਦੀ ਦੀ ਮਜ਼ਬੂਤੀ ਤੇ ਆਉਣ ਵਾਲੇ ਸੰਘਰਸ਼ਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

# ਐੱਨ ਐੱਚ ਐੱਮ ਮੁਲਾਜ਼ਮਾਂ ਦੀ ਹੜਤਾਲ ਜਾਰੀ; ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ



ਚੋਹਲਾ ਸਾਹਿਬ (ਰਮਨ ਚੱਢਾ)-ਨੈਸ਼ਨਲ ਹੈਲਥ ਮਿਸ਼ਨ ਅਧੀਨ ਪਿਛਲੇ ਪੰਦਰ੍ਹਾਂ ਵੀਹ ਸਾਲਾਂ ਤੋਂ ਠੇਕੇ ਤੇ ਕੰਮ ਕਰਦੇ ਕੱਚੇ ਸਿਹਤ ਮੁਲਾਜ਼ਮਾਂ ਨਾਲ ਪੱਕੇ ਵਾਅਦੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਸੱਤਾ ਦੇ ਨਸ਼ੇ ਵਿੱਚ ਆਪਣੇ ਵਾਅਦਿਆ ਭੱਜਦੀ ਨਜ਼ਰ ਆ ਰਹੀ ਹੈ। ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਸਬੰਧ ਵਿੱਚ ਪਹਿਲਾਂ ਵਾਂਗ ਪੰਜਾਬ ਸਰਕਾਰ ਨੇ ਲਾਰਾ ਲਾਊ ਅਤੇ ਡੰਗ ਟਪਾਊ ਨੀਤੀ ਅਪਣਾਉਂਦਿਆਂ ਅਜੇ ਤੱਕ ਕੋਈ ਸਪੱਸ਼ਟ ਹੁੰਗਾਰਾ ਨਹੀਂ ਭਰਿਆ ਹੈ ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਿੱਟੇ ਵਜੋਂ ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਆਪਣਾ ਰੋਸ ਪ੍ਰਗਟ ਕਰਦਿਆਂ 17 ਤੋਂ 24 ਅਗਸਤ ਤੱਕ ਹੜਤਾਲ ਦਾ ਐਲਾਨ ਕੀਤਾ ਗਿਆ। ਇਸ ਹੜਤਾਲ ਕਾਰਨ ਸਿਹਤ ਸੇਵਾਵਾਂ ਬੁਰੀ ਤਰਾਂ ਪ੍ਰਭਾਵਿਤ ਰਹੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਯੂਨੀਅਨ ਦੀ ਸੂਬਾ ਪ੍ਰਧਾਨ ਸੰਦੀਪ ਕੌਰ ਨੇ ਕੀਤਾ। ਉਨ੍ਹਾਂ ਕਿਹਾ ਕਿ ਆਪਣੇ ਭਵਿੱਖ ਅਤੇ ਹੋਂਦ ਨੂੰ ਬਚਾਉਣ ਲਈ ਸਿਹਤ ਵਿਭਾਗ ਦੀ ਨੈਸ਼ਨਲ ਹੈਲਥ ਮਿਸ਼ਨ ਇੰਪਲਾਈਜ਼ ਯੂਨੀਅਨ ਨੇ ਹੱਕੀ ਮੰਗਾਂ ਮਨਵਾਉਣ ਲਈ ਹੜਤਾਲ ਦਾ ਐਲਾਨ ਕੀਤਾ ਹੈ। ਉਨ੍ਹਾਂ ਸਖ਼ਤ ਸ਼ਬਦਾਂ 'ਚ ਕਿਹਾ ਕਿ ਜੇਕਰ ਸਰਕਾਰ ਐੱਨ ਐੱਚ ਐੱਮ ਮੁਲਾਜ਼ਮਾਂ ਦੀ ਮੁੱਖ ਮੰਗਾਂ ਨਹੀਂ ਮੰਨਦੀ ਤਾਂ ਸਰਕਾਰ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ ਅਤੇ ਇਸ ਦਾ ਜਵਾਬ ਸਮੂਹ ਐੱਨ ਐੱਚ ਐੱਮ ਮੁਲਾਜ਼ਮ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਦੇਣਗੇ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸੁਖਜੀਤ ਸਿੰਘ ਰੋਪੜ, ਡਾਕਟਰ ਵਾਹਿਦ ਅਤੇ ਗੁਲਸ਼ਨ ਸ਼ਰਮਾ ਫਰੀਦਕੋਟ, ਜਗਦੇਵ ਮਾਨਸਾ ਨੇ ਸਾਂਝੀ ਆਵਾਜ਼ ਚ 'ਚ ਕਿਹਾ ਕਿ ਸਰਕਾਰ ਅਤੇ ਵਿਭਾਗ ਨੂੰ ਤੁਰੰਤ ਸਾਡੀਆਂ ਹੱਕੀ ਮੰਗਾਂ ਮੰਨਦੇ ਹੋਏ ਨੋਟੀਫਿਕੇਸ਼ਨ ਜਾਰੀ ਕਰਨਾ ਚਾਹੀਦਾ ਹੈ। ਜੇਕਰ ਸਰਕਾਰ ਦੁਬਾਰਾ ਫਿਰ ਟਾਲ ਮਟੋਲ ਦੀ ਨੀਤੀ ਵਰਤਦੀ ਹੈ ਤਾਂ ਸਾਨੂੰ ਮਜਬੂਰ ਹੋ ਕੇ ਅਣਮਿੱਥੇ ਸਮੇਂ ਲਈ ਹੜਤਾਲ ਤੇ ਜਾਣਾ ਪਵੇਗਾ। ਇਸ ਮੌਕੇ ਤੁਰਣਜੀਤ ਹੁਸ਼ਿਆਰਪੁਰ, ਦਿਨੇਸ ਗਰਗ ਪਟਿਆਲਾ, ਜਸਵੀਰ ਸਿੰਘ ਤਰਨਤਾਰਨ, ਮਨਦੀਪ ਸਿੰਘ ਤਰਨਤਾਰਨ, ਗੁਰਪ੍ਰੀਤ ਭੁੱਲਰ ਮੁਕਤਸਰ ਸਾਹਿਬ, ਅਮਰਜੀਤ ਫਤਿਹਗੜ੍ਹ ਸਾਹਿਬ, ਡਾ. ਸਿਮਰਪਾਲ ਮੋਗਾ, ਰਣਜੀਤ ਕੌਰ ਬਠਿੰਡਾ, ਡਾਕਟਰ ਸ਼ਿਵਰਾਜ, ਗੁਰਪ੍ਰੀਤ ਭੁੱਲਰ ਮੁਕਤਸਰ ਸਾਹਿਬ, ਬਗੀਚਾ ਸਿੰਘ ਫਿਰੋਜ਼ਪੁਰ, ਰਵਿੰਦਰ ਫਾਜ਼ਲਿਕਾ, ਡਾ. ਪੰਖੜੀ ਜਲੰਧਰ, ਮਨਦੀਪ ਤਰਨਤਾਰਨ, ਅਮਨਦੀਪ ਕੌਰ ਨਵਾਂਸ਼ਹਿਰ ਲੁਧਿਆਣਾ, ਜਸਬੀਰ ਸਿੰਘ ਮੋਗਾ ਆਦਿ ਕਰਮਚਾਰੀ ਹਾਜ਼ਰ ਸਨ।

# ਜੀ ਟੀ ਬੀ ਆਈ ਸਕੂਲ ਨੇ ਆਜ਼ਾਦੀ ਦਿਵਸ 'ਤੇ ਬਣਾਏ ਦੋ ਵਿਸ਼ਵ ਰਿਕਾਰਡ




ਧਾਰੀਵਾਲ, (ਮਨਦੀਪ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀ ਆਈ) ਸਕੂਲ ਕਲਿਆਣਪੁਰ ਵਿਖੇ ਦੇਸ਼ ਦਾ 80ਵਾਂ ਆਜ਼ਾਦੀ ਦਿਵਸ ਬੜੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਪ੍ਰਧਾਨਗੀ ਹੇਠ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ।ਸਮਾਗਮ ਵਿੱਚ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਅਤੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸੈਮੂਅਲ ਦਾਸ ਨੇ ਦੱਸਿਆ ਕਿ ਆਜ਼ਾਦੀ ਦਿਵਸ ਦੇ ਇਸ ਖ਼ਾਸ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੋ ਸ਼ਾਨਦਾਰ ਵਰਲਡ ਰਿਕਾਰਡ ਬਣਾਏ ਗਏ। ਪਹਿਲਾ ਰਿਕਾਰਡ 1000 ਤੋਂ ਵੱਧ ਵਿਦਿਆਰਥੀਆਂ ਵੱਲੋਂ ਸਿੱਖ ਐਨਥਮ ਦੇਹ ਸ਼ਿਵਾ ਬਰ ਮੋਹਿ ਇਹੈ... ਸ਼ਬਦ ਨੂੰ ਸਮੂਹਿਕ ਤੌਰ ਤੇ ਗਾ ਕੇ ਬਣਾਇਆ ਗਿਆ ਅਤੇ ਦੂਸਰਾ ਰਿਕਾਰਡ ਇੱਕੋ ਸਮੇਂ 1000 ਤੋਂ ਵੱਧ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਤੇ ਵਿਸ਼ਾਲ ਡਾਂਸ ਪ੍ਰਦਰਸ਼ਨ ਕਰਕੇ ਕਾਇਮ ਕੀਤਾ ਗਿਆ।ਇਹ ਸਾਰੇ ਰਿਕਾਰਡ ਅਮੇਜ਼ਿੰਗ ਵਰਲਡ ਰਿਕਾਰਡਜ਼ ਸੰਸਥਾ, ਚੰਡੀਗੜ੍ਹ ਦੇ ਸਹਿਯੋਗ ਨਾਲ ਬਣਾਏ ਗਏ। ਇਸ ਮੌਕੇ ਸੰਸਥਾ ਦੀ ਸੀ. ਈ. ਓ. ਜਸਵਿੰਦਰ ਕੌਰ ਅਤੇ ਆਥੋਰਾਈਜ਼ਡ ਇਵੈਂਟ ਮੈਨੇਜਰ ਰਵੀ ਸੰਗਵਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਦੀ ਹਾਜ਼ਰੀ ਵਿੱਚ ਹੀ ਇਹ ਰਿਕਾਰਡ ਦਰਜ ਕੀਤੇ ਗਏ। ਪ੍ਰੋਗਰਾਮ ਦੇ ਅੰਤ ਵਿੱਚ ਅਮੇਜ਼ਿੰਗ ਵਰਲਡ ਰਿਕਾਰਡਜ਼ ਸੰਸਥਾ ਦੇ ਅਧਿਕਾਰੀਆਂ ਵੱਲੋਂ ਮੈਨੇਜਿੰਗ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਨੂੰ ਵਰਲਡ ਰਿਕਾਰਡ ਕਾਇਮ ਕਰਨ ਦਾ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਸਕੂਲ ਵੱਲੋਂ ਆਏ ਹੋਏ ਮਹਿਮਾਨ ਅਧਿਕਾਰੀਆਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਭਰਪੂਰ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਵਿਦਿਆਰਥੀਆਂ ਨੇ ਕੋਰੀਓਗਰਾਫੀ, ਦੇਸ਼ ਭਗਤੀ ਦੇ ਗੀਤਾਂ ਅਤੇ ਨੁੱਕੜ ਨਾਟਕ ਰਾਹੀਂ ਦੇਸ਼ ਦੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਬਾਖੂਬੀ ਯਾਦ ਕੀਤਾ।ਪ੍ਰਿੰਸੀਪਲ ਸੈਮੂਅਲ ਦਾਸ ਨੇ ਵਿਦਿਆਰਥੀਆਂ ਨੂੰ ਦੇਸ਼ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਸਾਨੂੰ ਇਹ ਆਜ਼ਾਦੀ ਅਨੇਕਾਂ ਸੰਘਰਸ਼ਾਂ ਅਤੇ ਕੁਰਬਾਨੀਆਂ ਤੋਂ ਬਾਅਦ 15 ਅਗਸਤ 1947 ਨੂੰ ਪ੍ਰਾਪਤ ਹੋਈ ਸੀ।ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਡਾ. ਕ੍ਰਿਤਇੰਦਰ ਪਾਲ ਕੌਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸ਼ਲਾਘਾ ਕਰਦਿਆਂ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਇਸ ਮਾਹੌਲ ਵਿੱਚ ਸਾਨੂੰ ਸਾਰਿਆਂ ਨੂੰ ਮਿਲ ਕੇ ਦੇਸ਼ ਨੂੰ ਤਰੱਕੀ ਅਤੇ ਖੁਸ਼ਹਾਲੀ ਦੇ ਰਾਹ ਤੇ ਅੱਗੇ ਵਧਾਉਣਾ ਚਾਹੀਦਾ ਹੈ।ਇਸ ਮੌਕੇ ਸਮੂਹ ਸਕੂਲ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਚਿੰਤਪੁਰਨੀ ਮੇਲੇ ਲਈ ਸਮੱਗਰੀ ਨਾਲ ਭਰਿਆ ਟਰੱਕ ਰਵਾਨਾ



ਛੇਹਰਟਾ, (ਮਨੋਜ ਕੁਮਾਰ) : ਨਵਦੁਰਗਾ ਸੇਵਕ ਸਭਾ ਵੱਲੋਂ 58ਵੇਂ ਭੰਡਾਰੇ ਲਈ ਹਰ ਸਾਲ ਦੀ ਤਰ੍ਹਾਂ ਰਾਮਬਾਗ ਚੌਕ ਤੋਂ ਚਿੰਤਪੁਰਨੀ ਮੇਲੇ ਲਈ ਸਮੱਗਰੀ ਦਾ ਟਰੱਕ ਭੇਜਿਆ ਗਿਆ। ਇਹ ਭੰਡਾਰਾ ਨਵਦੁਰਗਾ ਸੇਵਕ ਸਭਾ ਵੱਲੋਂ ਚਿੰਤਪੂਰਨੀ ਮੇਲੇ ਵਿਚ ਇਕ ਹਫ਼ਤਾ ਚਲਾਇਆ ਜਾਵੇਗਾ, ਜਿਸ ਦੌਰਾਨ ਹਰ ਸਾਲ ਹਿਮਾਚਲ ਦੇ ਚਿੰਤਪੁਰਨੀ ਮੰਦਰ ਵਿਚ ਲੰਗਰ ਲਗਾਇਆ ਜਾਂਦਾ ਹੈ। ਇਸ ਟਰੱਕ ਨੂੰ ਰਵਾਨਾ ਕਰਦੇ ਸਮੇਂ ਸਮਾਜ ਸੇਵਕ ਅਨੁਜ ਖੇਮਕਾ ਤੇ ਸਮਾਜ ਸੇਵਕ ਅਸ਼ਵਨੀ ਜੋਸ਼ੀ, ਸੰਨੀ, ਜਸਕੀਰਤ ਸਿੰਘ, ਪ੍ਰਸਿੱਧ ਗਾਇਕ ਨਵਲ ਵਰਮਾ ਨੂੰ ਨਵਦੁਰਗਾ ਸੇਵਕ ਸਭਾ ਦੇ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਅਨੁਜ ਖੇਮਕਾ ਨੇ ਦੱਸਿਆ ਕਿ ਹਰ ਸਾਲ ਭੰਡਾਰੇ ਲਈ ਸਮੱਗਰੀ ਦਾ ਟਰੱਕ ਰਾਮਬਾਗ਼ ਤੋਂ ਭੇਜਿਆ ਜਾਂਦਾ ਹੈ। ਇਸ ਮੌਕੇ ਨਵਦੁਰਗਾ ਸੇਵਕ ਸਭਾ ਦੇ ਸੇਵਾਦਾਰ ਪ੍ਰਧਾਨ ਆਨੰਦ ਕਿਸ਼ੋਰ, ਅੰਕੁਰ, ਗੋਪਾਲ, ਵਿੱਕੀ, ਬੌਬੀ ਡਾਕਟਰ, ਭਾਟੀਆ ਪ੍ਰਦੀਪ, ਵਿੱਕੀ ਬਾਬਾ, ਚੀਨੂੰ ਆਦਿ ਹਾਜ਼ਰ ਸਨ।

# ਨਾਕੇ 'ਤੇ ਖੜ੍ਹੀ ਪੁਲਸ ਦੀਆਂ ਅੱਖਾਂ 'ਚ ਮਿਰਚਾਂ ਪਾ ਕੇ ਦੌੜ ਗਿਆ



ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਥਾਣਾ ਝਬਾਲ ਅਧੀਨ ਪਿੰਡ ਜਗਤਪੁਰਾ ਵਿਖੇ ਨਾਕੇ 'ਤੇ ਖੜੀ ਪੁਲਸ ਪਾਰਟੀ ਵੱਲੋਂ ਨਸ਼ਾ ਤਸਕਰ ਨੂੰ ਰੋਕਣ 'ਤੇ ਪੁਲਸ ਦੀਆਂ ਅੱਖਾਂ ਵਿੱਚ ਮਿਰਚਾਂ ਦੀ ਸਪਰੇਅ ਕਰਕੇ ਦੌੜੇ ਵਿਅਕਤੀ ਦੀ ਪਹਿਚਾਣ ਗੁਰਪਿੰਦਰ ਸਿੰਘ ਪਿੰਦੂ ਪੁੱਤਰ ਜੋਗਾ ਸਿੰਘ ਸਾਬਕਾ ਪੁਲਸ ਇੰਸਪੈਕਟਰ ਪਿੰਡ ਐਮਾ ਕਲਾਂ ਵਜੋਂ ਹੋਈ ਹੈ ਜਿਸ ਦੇ ਖਿਲਾਫ ਥਾਣਾ ਝਬਾਲ ਵਿਖੇ ਕੇਸ ਦਰਜ ਕਰਕੇ ਪੁਲਸ ਨੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।ਜਾਣਕਾਰੀ ਦਿੰਦਿਆਂ ਥਾਣਾ ਮੁਖੀ ਝਬਾਲ ਨੇ ਦੱਸਿਆ ਕਿ ਨਸ਼ਾ ਤਸਕਰ ਨੇ ਪੁਲਸ 'ਤੇ ਗੋਲੀ ਵੀ ਚਲਾਈ ਜਿਸ 'ਤੇ ਪੁਲਸ ਪਾਰਟੀ ਵੱਲੋਂ ਜਵਾਬੀ ਕਾਰਵਾਈ 'ਚ ਗੋਲੀ ਚਲਾਈ ਗਈ।

ਦੂਸਰੇ ਪਾਸੇ ਪੁਲਸ ਦੀ ਗੋਲੀ ਨਾਲ ਜ਼ਖ਼ਮੀ ਹੋਏ ਵਿਅਕਤੀ ਗੁਰਪਿੰਦਰ ਸਿੰਘ ਪਿੰਦੂ ਪੁੱਤਰ ਜੋਗਾ ਸਿੰਘ ਵਾਸੀ ਐਮਾ ਕਲਾ ਨੇ ਹਸਪਤਾਲ ਵਿਖੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਕੱਲ ਉਹ ਮੋਟਰਸਾਈਕਲ ਤੇ ਸਵਾਰ ਹੋ ਕੇ ਅੱਡਾ ਢੰਡ ਨੂੰ ਕਿਸੇ ਕੰਮ ਵਾਸਤੇ ਜਾ ਰਿਹਾ ਸੀ ਕਿ ਰਸਤੇ ਵਿੱਚ ਅੱਡਾ ਢੰਡ ਨੇੜੇ ਇੱਕ ਗੱਡੀ 'ਤੇ ਆਏ ਪੁਲਸ ਮੁਲਾਜ਼ਮਾਂ ਨੇ ਰੋਕ ਕੇ ਉਸਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿਤੀ, ਪ੍ਰੰਤੂ ਉਸ ਕੋਲੋਂ ਕੋਈ ਵੀ ਚੀਜ਼ ਨਹੀਂ ਨਿਕਲੀ ਜਦੋਂਕਿ ਪੁਲਸ ਨੇ ਉਸ ਉਪਰ ਜਾਣਬੁੱਝ ਕੇ ਗੋਲੀ ਚਲਾ ਦਿੱਤੀ ਜਿਸ ਨਾਲ ਉਹ ਜ਼ਖਮੀ ਹੋ ਗਿਆ ਅਤੇ ਜ਼ਖਮੀ ਹਾਲਤ ਵਿੱਚ ਉਹ ਉਥੋਂ ਮੋਟਰਸਾਈਕਲ ਭਜਾ ਕੇ ਸਿੱਧਾ ਹਸਪਤਾਲ ਦਾਖਲ ਹੋ ਗਿਆ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ ਜਦੋਂ ਕਿ ਨਸ਼ੇ ਵੇਚਣ ਵਾਲੇ ਜੋ ਦੋਸ਼ ਉਸ ਉੱਪਰ ਲਗਾਏ ਜਾ ਰਹੇ ਹਨ, ਉਹ ਝੂਠੇ ਹਨ।

# ਕਸਬਾ ਬਹਿਰਾਮਪੁਰ ਦੀਆਂ ਬੱਸਾਂ ਨਵੇਂ ਬਣੇ ਬੱਸ ਅੱਡੇ 'ਤੇ ਨਾ ਜਾਣ ਕਰਕੇ ਲੋਕ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)-ਕਸਬਾ ਬਹਿਰਾਮਪੁਰ ਦੀਆਂ ਬੱਸਾਂ ਨਵੇਂ ਬੱਸ ਅੱਡੇ ਤੱਕ ਨਾ ਜਾਣ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਇਲਾਕਾ ਵਾਸੀ ਗੁਰਮੀਤ ਸਿੰਘ, ਮਨਪ੍ਰੀਤ ਸਿੰਘ, ਰਕੇਸ਼ ਸਿੰਘ, ਬਖ਼ਸ਼ੀਸ਼ ਸਿੰਘ, ਸੁਲੱਖਣ ਸਿੰਘ ਨੇ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਅੰਦਰ ਜਦੋਂ ਤੋਂ ਨਵਾਂ ਬੱਸ ਅੱਡਾ ਬਣਿਆ ਹੈ ਉਦੋਂ ਤੋਂ ਹੀ ਕਸਬਾ ਬਹਿਰਾਮਪੁਰ ਦੀਆਂ ਬੱਸਾਂ ਨਵੇਂ ਬਸ ਅੱਡੇ ਤੱਕ ਨਹੀਂ ਜਾਂਦੀਆਂ ਜਦੋਂ ਕਿ ਇਹ ਬੱਸਾਂ ਦੋਰਾਂਗਲਾ ਰੋਡ ਤੋਂ ਹੀ ਵਾਪਸ ਹੋ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬੱਸਾਂ ਵਿਚ ਸਫਰ ਕਰਨ ਵਾਲੀਆਂ ਸਵਾਰੀਆਂ ਨੂੰ ਦੋਰਾਂਗਲਾ ਰੋਡ 'ਤੇ ਉਤਰ ਕੇ ਦੁਬਾਰਾ ਫਿਰ ਆਟੋ ਰਿਕਸ਼ੇ ਰਾਹੀਂ ਨਵੇਂ ਬੱਸ ਅੱਡੇ ਤੱਕ ਜਾਣਾ ਪੈਂਦਾ ਹੈ ਜਿਸ ਨਾਲ ਵਾਧੂ ਪੈਸੇ ਖਰਚਣ ਦੇ ਨਾਲ-ਨਾਲ ਵਾਧੂ ਸਮਾਂ ਦੀ ਲਗਣ ਨਾ ਖੱਜਲ ਖੁਆਰੀ ਵੀ ਵਧਦੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਪੁਰਾਣਾ ਬੱਸ ਅੱਡਾ ਸ਼ਹਿਰ ਅੰਦਰ ਮੌਜੂਦ ਸੀ ਤਾਂ ਇਹ ਬੱਸਾਂ ਪੁਰਾਣੇ ਬੱਸ ਅੱਡੇ ਤੱਕ ਸਵਾਰੀਆਂ ਨੂੰ ਉਤਾਰ ਕੇ ਆਉਂਦੀਆਂ ਸਨ ਪਰ ਹੁਣ ਅਜਿਹਾ ਨਹੀਂ ਹੁੰਦਾ। ਇਸੇ ਤਰ੍ਹਾਂ ਨਵੇਂ ਬੱਸ ਅੱਡੇ ਤੋਂ ਕਸਬਾ ਬਹਿਰਾਮਪੁਰ ਦੀਆਂ ਬੱਸਾਂ ਨੂੰ ਫੜਨ ਲਈ ਵੀ ਆਟੋ ਰਿਕਸ਼ੇ ਦਾ ਸਹਾਰਾ ਲੈਣਾ ਪੈਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਨਵੇਂ ਬੱਸ ਅੱਡੇ ਤੋਂ ਵੱਖ-ਵੱਖ ਰੂਟਾਂ ਦੀਆਂ ਬੱਸਾਂ ਚੱਲਦੀਆਂ ਹਨ ਅਤੇ ਵੱਖ-ਵੱਖ ਰੂਟਾਂ ਦੀਆਂ ਬੱਸਾਂ ਦੇ ਕਾਊਂਟਰ ਨੰਬਰ ਵਾਈਜ਼ ਲੱਗੇ ਹੋਏ ਹਨ ਜਦੋਂ ਕਿ ਕਸਬਾ ਬਹਿਰਾਮਪੁਰ ਦੀਆਂ ਬੱਸਾਂ ਦਾ ਕਾਊਂਟਰ ਨੰਬਰ 7 ਹਮੇਸ਼ਾ ਖਾਲੀ ਰਹਿੰਦਾ ਹੈ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਬੱਸ ਅੱਡਾ ਇੰਚਾਰਜ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਲੋਕਾਂ ਦੀ ਇਸ ਮੁਸ਼ਕਿਲ ਵੱਲ ਧਿਆਨ ਦੇ ਕੇ ਕਸਬਾ ਬਹਿਰਾਮਪੁਰ ਦੇ ਬੱਸ ਮਾਲਕਾਂ ਨੂੰ ਇਹ ਤਾੜਨਾ ਕੀਤੀ ਜਾਵੇ ਕਿ ਉਹ ਸਵਾਰੀਆਂ ਨੂੰ ਨਵੇਂ ਬੱਸ ਅੱਡੇ 'ਤੇ ਉਤਾਰਨ ਤੋਂ ਇਲਾਵਾ ਨਵੇਂ ਬੱਸ ਅੱਡੇ ਤੋਂ ਸਵਾਰੀਆਂ ਲੈ ਕੇ ਜਾਣ।

# ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ



ਪੱਟੀ,(ਬਲਦੇਵ ਸਿੰਘ ਸੰਧੂ ਕਿਰਤੋਵਾਲ)- ਸਥਾਨਕ ਸ਼ਹਿਰ ਦੀ ਸਭ ਤੋਂ ਪੁਰਾਣੀ ਸੰਸਥਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਰਜਿ: ਪੱਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੇਣ ਦੀ ਸੇਵਾ ਗੁਰਦੁਆਰਾ ਬੀਬੀ ਰਜਨੀ ਜੀ ਪੱਟੀ ਵਿਖੇ ਕੀਤੀ ਗਈ। ਬਾਬਾ ਦੀਪ ਸਿੰਘ ਦੀ ਕਿਰਪਾ ਨਾਲ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਮਹੀਨੇ ਸੰਗਤ ਦੇ ਉਦਮ ਨਾਲ ਇਹ ਸਾਰੀਆਂ ਸੇਵਾਵਾਂ ਚੱਲ ਰਹੀਆਂ ਹਨ। ਇਸ ਮਹੀਨੇ ਦੀ ਸੇਵਾ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੀਤੀ ਗਈ। ਸੋਸਾਇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਬੱਬੂ ਅਤੇ ਸਕੱਤਰ ਜੋਗਾ ਸਿੰਘ ਨੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੱਤੀ। ਇਸ਼ ਮੌਕੇ ਗੁਰਦੁਆਰਾ ਬੀਬੀ ਰਜਨੀ ਜੀ ਦੇ ਪ੍ਰਧਾਨ ਬਲਬੀਰ ਸਿੰਘ ਲੋਹਾਰੀਆ, ਅਵਤਾਰ ਸਿੰਘ ਸੇਵਾ ਸਿੰਘ ਦੀ ਹੱਟੀ, ਭਾਈ ਕੰਵਲਜੀਤ ਸਿੰਘ ਰਾਗੀ ਜੱਥਾ ਪੱਟੀ ਵਾਲੇ, ਅਮਰੀਕ ਸਿੰਘ ਜੇਈ, ਰਜਵੰਤ ਸਿੰਘ ਜੇਈ, ਡੀਐੱਸਪੀ ਬਲਰਾਜ ਸਿੰਘ ਖਹਿਰਾ, ਅੰਮ੍ਰਿਤਪਾਲ ਸਿੰਘ, ਡਾ. ਵੀਰ ਪਾਲ ਕੌਰ, ਇੰਸਪੈਕਟਰ ਦਰਸ਼ਨ ਸਿੰਘ, ਜਸਪਾਲ ਸਿੰਘ ਮੈਡੀਕਲ ਸਟੋਰ ਮਨਕੀਰਤ ਸਿੰਘ ਕਨੇਡਾ, ਡਾ. ਸਰਬਪ੍ਰੀਤ ਸਿੰਘ, ਅਮਿੰਤ ਸਿੰਘ ਪੁੱਤਰ ਇਕਬਾਲ ਸਿੰਘ ਜੌਲੀ ਅਮਾਨਤ ਆਸਟਰੇਲੀਆ, ਹਰਪ੍ਰੀਤ ਸਿੰਘ, ਮਾਸਟਰ ਸਰਬਜੀਤ ਸਿੰਘ, ਮਾਸਟਰ ਗੁਰਦੇਵ ਸਿੰਘ ਲੁਹਾਰੀਆ, ਮਾਸਟਰ ਅਰਸ਼ਦੀਪ ਸਿੰਘ, ਮਾਸਟਰ ਅਮਨਦੀਪ ਸਿੰਘ ਕਰੀਰ, ਮਹਿਲ ਸਿੰਘ ਸਿੱਧੂ ਕੈਪਟਨ, ਮਾਸਟਰ ਸਤਨਾਮ ਸਿੰਘ, ਗੁਰਸੇਵਕ ਸਿੰਘ ਪਟਵਾਰੀ, ਪਰਮਜੀਤ ਸਿੰਘ ਬੈਂਕ ਵਾਲੇ, ਮੋਹਨਜੀਤ ਸਿੰਘ ਕਿਰਪਾਨਾਂ ਵਾਲੇ, ਬਲਜਿੰਦਰ ਸਿੰਘ ਬੀਟੀ, ਸੰਦੀਪ ਸਿੰਘ, ਜੋਬਨਜੀਤ ਸਿੰਘ ਪਟਿਆਲਾ, ਗੁਰਨਾਮ ਸਿੰਘ, ਅਮਨਦੀਪ ਸਿੰਘ ਕਲਸੀ, ਸੁਰਜੀਤ ਸਿੰਘ ਪ੍ਰਧਾਨ, ਅਵਤਾਰ ਸਿੰਘ ਢਿੱਲੋਂ, ਹਰਚਰਨ ਸਿੰਘ, ਪ੍ਰਭਜੋਤ ਸਿੰਘ, ਜਗਤਾਰ ਸਿੰਘ, ਜਗਦੀਪ ਸਿੰਘ ਭਾਟੀਆ, ਅਜੇਪਾਲ ਸਿੰਘ ਕਾਕਾ, ਕੁਲਵਿੰਦਰ ਸਿੰਘ, ਬਲਦੇਵ ਸਿੰਘ ਗਾਰਮੈਂਟਸ ਵਾਲੇ, ਸ਼ਮਸ਼ੇਰ ਸਿੰਘ ਰਾਣਾ ਡੁਬਈ ਵਾਲੇ, ਅੰਗਰੇਜ਼ ਸਿੰਘ ਫ਼ੌਜੀ ਆਦਿ ਹਾਜ਼ਰ ਸਨ।

# ਕਾਨਵੈਂਟ ਸਕੂਲ ਵਿਖੇ ਆਜ਼ਾਦੀ ਦਿਵਸ ਮਨਾਇਆ



**ਬਿਆਸ (ਪਰਮਜੀਤ ਸਿੰਘ ਰੱਖੜਾ)** ਸੈਕਰਡ ਹਾਰਟ ਕਾਨਵੈਂਟ ਸਕੂਲ ਬਿਆਸ ਵਿੱਚ ਆਜ਼ਾਦੀ ਦਿਵਸ ਬਹੁਤ ਹੀ ਵਧੀਆ ਢੰਗ ਨਾਲ ਮਨਾਇਆ ਗਿਆ।ਬੱਚਿਆਂ ਨੇ ਵੱਖ-ਵੱਖ ਤਰ੍ਹਾਂ ਦੇ ਦੇਸ਼ ਭਗਤੀ ਗੀਤ ਪੇਸ਼ ਕਰਕੇ ਸਭ ਦਾ ਦਿਲ ਜਿੱਤਿਆ।ਇਸ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਗਰੁੱਪ ਸੌਂਗ, ਸਕਿੱਟਾਂ ਅਤੇ ਭੰਗੜਾ ਆਦਿ ਪੇਸ਼ ਕਰਕੇ ਇਸ ਪ੍ਰੋਗਰਾਮ ਨੂੰ ਹੋਰ ਖੂਬਸੂਰਤ ਬਣਾਇਆ। ਫਾਦਰ ਪੋਲਰਾਏ ਨੇ ਬੱਚਿਆਂ ਨੂੰ ਸੰਦੇਸ਼ ਦਿੰਦਿਆਂ ਭਾਰਤ ਦੇ ਅਮਰ ਸ਼ਹੀਦਾਂ, ਜਿਨ੍ਹਾਂ ਦੇਸ਼ ਲਈ ਕੁਰਬਾਨੀਆਂ ਦਿੱਤੀਆਂ, ਨੂੰ ਯਾਦ ਰੱਖਣ, ਉਹਨਾਂ ਨੂੰ ਪੂਜਣ ਅਤੇ ਉਹਨਾਂ ਦੇ ਦਿੱਤੇ ਹੋਏ ਨਕਸ਼ੇ ਕਦਮ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸਕੂਲ ਦੇ ਡਾਇਰੈਕਟਰ ਫਾਦਰ ਪਾਲ ਰੋਏ, ਪ੍ਰਿੰਸੀਪਲ ਸਿਸਟਰ ਅੰਜਲੀ ਫਰਾਂਸਿਸ, ਸਿਸਟਰ ਫਰਾਂਸਿਸਕਾ, ਸਿਸਟਰ ਸਲਮਾ ਅਤੇ ਵਾਈਸ ਪ੍ਰਿੰਸੀਪਲ ਸਿਸਟਰ ਮੈਰੀ, ਸਟਾਫ ਸੈਕਟਰੀ ਪਿੰਦਰਜੀਤ ਕੌਰ, ਕੁਸ਼ਲ ਸ਼ਰਮਾ, ਅਮਰਜੋਤ ਕੌਰ, ਪ੍ਰਭਸ਼ਰਨ ਕੌਰ, ਅੰਮ੍ਰਿਤਪਾਲ ਕੌਰ, ਹਰਜੀਤ ਸਿੰਘ ਅਤੇ ਹੋਰ ਅਧਿਆਪਕ ਮੌਜੂਦ ਸਨ।

# ਅੱਜ ਬਿਜਲੀ ਬੰਦ ਰਹੇਗੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਰਾਜ ਬਿਜਲੀ ਪਾਵਰ ਕਾਰਪੋਰੇਸ਼ਨ ਕਾਦੀਆਂ ਮੰਡਲ ਦੇ ਐੱਸਡੀਓ ਅੰਮ੍ਰਿਤਪਾਲ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਜ਼ਰੂਰੀ ਮੁਰੰਮਤ ਦੇ ਚੱਲਦਿਆਂ ਦਿਨ ਮੰਗਲਵਾਰ 18 ਅਗਸਤ ਨੂੰ ਸਵੇਰੇ 10 ਵਜੇ ਤੋਂ ਲੈ ਕੇ 2 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ। ਜਿਨ੍ਹਾਂ ਫੀਡਰਾਂ ਦੀ ਸਪਲਾਈ ਬੰਦ ਰਹੇਗੀ ਉਨ੍ਹਾਂ ਦੇ ਵੇਰਵੇ ਇਸ ਪ੍ਰਕਾਰ ਹਨ ਜਿਵੇਂ 66 ਕੇਵੀ ਕਾਦੀਆਂ ਤੋਂ ਚੱਲਣ ਵਾਲੇ ਨੰਬਰ ਤਿੰਨ ਫੀਡਰ 11 ਕੇਵੀ ਰੇਲਵੇ ਰੋਡ 11 ਕੇਵੀ ਠੀਕਰੀਵਾਲ ਓਪੀਐੱਸ ਅਤੇ 11 ਕੇਵੀ ਕੋਟ ਏਪੀ ਫੀਡਰ ਆਦਿ।

# ਆਜ਼ਾਦੀ ਦਿਵਸ ਤੇ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਕਰਵਾਇਆ ਸੱਭਿਆਚਾਰਕ ਪ੍ਰੋਗਰਾਮ




ਧਾਰੀਵਾਲ, (ਮਨਦੀਪ ਵਿੱਕੀ)-ਬਾਲ ਵਿੱਦਿਆ ਮਾਡਰਨ ਹਾਈ ਸਕੂਲ ਧਾਰੀਵਾਲ ਵਿਖੇ ਦੇਸ਼ ਦੇ 80ਵੇਂ ਆਜ਼ਾਦੀ ਦਿਵਸ ਅਤੇ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਬਹੁਤ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਕਰਵਾਇਆ। ਇਸ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਸਮਾਗਮ ਦੀ ਸ਼ੁਰੂਆਤ ਆਏ ਮਹਿਮਾਨਾਂ ਦੀ ਮੌਜੂਦਗੀ ਵਿੱਚ ਸਕੂਲ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਕਾਹਲੋਂ ਦੁਆਰਾ ਰਾਸ਼ਟਰੀ ਝੰਡਾ ਤਿਰੰਗਾ ਲਹਿਰਾਉਣ ਦੀ ਰਸ਼ਮ ਨਾਲ ਹੋਈ। ਤਿਰੰਗਾ ਲਹਿਰਾਉਣ ਤੋਂ ਬਾਅਦ ਸਾਰਿਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੋਹਰੇ ਖੁਸ਼ੀ ਦੇ ਮੌਕੇ 'ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ ਭਗਤੀ ਅਤੇ ਪੰਜਾਬੀ ਸੱਭਿਆਚਾਰ ਨਾਲ ਲਬਰੇਜ਼ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇੱਕ ਪਾਸੇ ਜਿੱਥੇ ਬੱਚਿਆਂ ਨੇ ਦੇਸ ਭਗਤੀ ਦੇ ਗੀਤਾਂ, ਕਵਿਤਾਵਾਂ ਅਤੇ ਕੋਰੀਓਗ੍ਰਾਫੀ ਰਾਹੀਂ ਆਜ਼ਾਦੀ ਦੇ ਪਰਵਾਨਿਆਂ ਦੀ ਕੁਰਬਾਨੀ ਨੂੰ ਯਾਦ ਕੀਤਾ, ਉੱਥੇ ਹੀ ਦੂਜੇ ਪਾਸੇ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਵਿਦਿਆਰਥਣਾਂ ਨੇ ਗਿੱਧਾ, ਬੋਲੀਆਂ ਅਤੇ ਭੰਗੜੇ ਪਾ ਕੇ ਪੂਰਾ ਮਾਹੌਲ ਸੱਭਿਆਚਾਰਕ ਰੰਗ ਵਿੱਚ ਰੰਗ ਦਿੱਤਾ। ਸਕੂਲ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਕਾਹਲੋਂ ਨੇ ਸਾਰਿਆਂ ਨੂੰ ਆਜ਼ਾਦੀ ਦਿਵਸ ਅਤੇ ਤੀਆਂ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ, ਸੱਭਿਆਚਾਰ ਅਤੇ ਦੇਸ਼ ਦੇ ਇਤਿਹਾਸ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਮੰਚ ਸੰਚਾਲਕ ਦੀ ਭੂਮਿਕਾ ਲੇਖਕ ਪਲਵਿੰਦਰ ਸੋਹਲ (ਸੀਨੀਅਰ ਅਧਿਆਪਕ) ਨੇ ਆਪਣੇ ਸੱਭਿਆਚਕ ਵਿਰਸ਼ੇ ਅਤੇ ਦੇਸ ਦੀ ਅਜ਼ਾਦੀ ਲਈ ਲੜੇ ਸੰਘਰਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਬਾਖੂਬੀ ਨਿਭਾਈ। ਪ੍ਰੋਗਰਾਮ ਵਿੱਚ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਸਨ।

# ਜ਼ਮੀਨੀ ਵਿਵਾਦ ਨੂੰ ਲੈ ਕੇ ਕਤਲ ਦੇ ਮਾਮਲੇ 'ਚ ਦੂਜੀ ਧਿਰ ਵੱਲੋਂ ਕ੍ਰਾਸ ਰਪਟ ਦਰਜ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਪਿੰਡ ਪਹੂਵਿੰਡ ਵਿੱਚ 15 ਅਗਸਤ ਨੂੰ ਜ਼ਮੀਨੀ ਵਿਵਾਦ ਨੂੰ ਲੈ ਕੇ ਹੋਈ ਗੋਲੀਬਾਰੀ ਅਤੇ ਕਤਲ ਦੇ ਮਾਮਲੇ ਵਿੱਚ ਭਿੱਖੀਵਿੰਡ ਪੁਲਸ ਨੇ ਹੁਣ ਦੂਜੀ ਧਿਰ ਵੱਲੋਂ ਵੀ ਕ੍ਰਾਸ ਰਪਟ ਦਰਜ ਕਰ ਲਈ ਹੈ।ਪੁਲਸ ਵੱਲੋਂ ਇਹ ਕਾਰਵਾਈ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਰਣਦੀਪ ਸਿੰਘ ਉਰਫ਼ ਰਾਣਾ ਪੁੱਤਰ ਨਿਰਮਲ ਸਿੰਘ ਵਾਸੀ ਪਹੂਵਿੰਡ ਦੇ ਬਿਆਨ ਦੇ ਆਧਾਰ 'ਤੇ ਕੀਤੀ ਗਈ ਹੈ। ਪੁਲਸ ਨੇ ਸੁਖਰਾਜ ਸਿੰਘ ਪੁੱਤਰ ਗੁਰਮੁੱਖ ਸਿੰਘ ਅਤੇ ਹਰਨੂਰ ਸਿੰਘ ਪੁੱਤਰ ਸੁਖਰਾਜ ਸਿੰਘ ਵਾਸੀ ਪਹੂਵਿੰਡ ਖ਼ਿਲਾਫ਼ ਧਾਰਾ 103(1) ਬੀਐੱਨਐੱਸ ਅਤੇ ਅਸਲਾ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਕ੍ਰਾਸ ਰਪਟ ਨੰਬਰ 16 ਦਰਜ ਕੀਤੀ ਹੈ।ਇਸ ਤੋਂ ਪਹਿਲਾਂ ਭਿੱਖੀਵਿੰਡ ਪੁਲਸ ਨੇ ਮ੍ਰਿਤਕ ਸੁਖਰਾਜ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਦੇ ਬਿਆਨਾਂ 'ਤੇ ਨਿਰਮਲ ਸਿੰਘ ਧੜੇ ਨਾਲ ਸਬੰਧਤ ਇੱਕ ਔਰਤ ਸਮੇਤ ਦਰਜਨ ਤੋਂ ਵੱਧ ਵਿਅਕਤੀਆਂ ਫ਼ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ।ਪਰ ਪੁਲਸ ਦੀ ਇਸ ਕਾਰਵਾਈ ਨੂੰ ਲੈ ਕੇ ਮ੍ਰਿਤਕ ਨਿਰਮਲ ਸਿੰਘ ਧਿਰ ਵੱਲੋਂ ਪੁਲਸ 'ਤੇ ਪੱਖਪਾਤ ਦੇ ਦੋਸ਼ ਲਾਉਂਦਿਆਂ ਰੋਸ ਜ਼ਾਹਿਰ ਕੀਤਾ ਜਾ ਰਿਹਾ ਸੀ ਅਤੇ ਨਿਰਮਲ ਸਿੰਘ ਦੇ ਪਰਿਵਾਰ ਵੱਲੋਂ ਪੋਸਟਮਾਰਟਮ ਮਗਰੋਂ ਮ੍ਰਿਤਕ ਦੇਹ ਪਿੰਡ ਪੁੱਜਣ 'ਤੇ ਵਿਰੋਧੀ ਧਿਰ ਖ਼ਿਲਾਫ਼ ਕਾਰਵਾਈ ਹੋਣ ਤੱਕ ਅੰਤਿਮ ਸੰਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ।ਇਸ ਮਗਰੋਂ ਥਾਣਾ ਭਿੱਖੀਵਿੰਡ ਪੁਲੀਸ ਨੇ ਰਣਦੀਪ ਸਿੰਘ ਦੇ ਬਿਆਨ ਦਰਜ ਕੀਤੇ। ਰੋਜ਼ਨਾਮਚਾ ਰਪਟ ਅਨੁਸਾਰ ਕਤਲ ਮਾਮਲੇ ਵਿੱਚ ਗ੍ਰਿਫ਼ਤਾਰ ਰਣਦੀਪ ਸਿੰਘ ਉਰਫ਼ ਰਾਣਾ ਨੂੰ ਪੁੱਛਗਿੱਛ ਲਈ ਹਵਾਲਾਤ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਉਸ ਦਾ ਬਿਆਨ ਲਿਖਿਆ ਗਿਆ।ਪੁਲਸ ਨੂੰ ਦਿੱਤੇ ਬਿਆਨ ਵਿੱਚ ਰਣਦੀਪ ਸਿੰਘ ਨੇ ਦੱਸਿਆ ਕਿ ਪਿੰਡ ਪਹੂਵਿੰਡ ਵਿੱਚ ਜ਼ਮੀਨ 'ਤੇ ਕਬਜ਼ੇ ਨੂੰ ਲੈ ਕੇ ਦੋਵਾਂ ਧਿਰਾਂ ਵਿਚਕਾਰ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ।ਉਸ ਨੇ ਦੱਸਿਆ ਕਿ 15 ਅਗਸਤ ਨੂੰ ਉਹ ਆਪਣੇ ਪਿਤਾ ਨਿਰਮਲ ਸਿੰਘ ਨਾਲ ਖੇਤ ਵਿੱਚ ਗਿਆ ਸੀ। ਇਸ ਦੌਰਾਨ ਦੂਜੀ ਧਿਰ ਦੇ ਵਿਅਕਤੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਗੋਲੀਬਾਰੀ ਕੀਤੀ।ਗੋਲੀ ਲੱਗਣ ਕਾਰਨ ਉਸ ਦਾ ਪਿਤਾ ਨਿਰਮਲ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਭਿੱਖੀਵਿੰਡ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਪੁਲਸ ਵੱਲੋਂ ਮੁਕੱਦਮਾ ਨੰਬਰ 116/2026 ਦੀ ਜਾਂਚ ਦੌਰਾਨ ਸੁਖਰਾਜ ਸਿੰਘ ਦੇ ਘਰ ਦੀ ਸੀਸੀਟੀਵੀ ਫੁਟੇਜ ਵੀ ਕਬਜ਼ੇ ਵਿੱਚ ਲਈ ਗਈ ਹੈ।

ਪੁਲਸ ਅਨੁਸਾਰ ਫੁਟੇਜ ਦੀ ਜਾਂਚ ਵਿੱਚ ਸੁਖਰਾਜ ਸਿੰਘ ਅਤੇ ਉਸ ਦਾ ਪੁੱਤਰ ਹਰਨੂਰ ਸਿੰਘ ਕਾਰ ਵਿੱਚ ਸਵਾਰ ਹੋ ਕੇ ਘਟਨਾ ਸਥਾਨ ਵੱਲ ਜਾਂਦੇ ਦਿਖਾਈ ਦਿੱਤੇ ਹਨ।ਇਸੇ ਤਰ੍ਹਾਂ ਸੁਖਰਾਜ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਵੀ ਕੁਝ ਸਮੇਂ ਬਾਅਦ ਇੱਕ ਮੋਟਰਸਾਈਕਲ ਸਵਾਰ ਨਾਲ ਜਾਂਦੀ ਹੋਈ ਫੁਟੇਜ ਵਿੱਚ ਨਜ਼ਰ ਆ ਰਹੀ ਹੈ।ਜਾਂਚ ਅਧਿਕਾਰੀ ਲਖਬੀਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਸ਼ਿਕਾਇਤ ਵਿੱਚ ਕੁਝ ਵਿਅਕਤੀਆਂ ਦੇ ਨਾਮ ਵਧਾ-ਚੜ੍ਹਾ ਕੇ ਦਰਜ ਕਰਵਾਏ ਜਾਣ ਦੀ ਸੰਭਾਵਨਾ ਵੀ ਸਾਹਮਣੇ ਆਈ ਹੈ।ਇਸ ਪੱਖ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਫਿਲਹਾਲ ਸੁਖਰਾਜ ਸਿੰਘ ਅਤੇ ਹਰਨੂਰ ਸਿੰਘ ਖ਼ਿਲਾਫ਼ ਕ੍ਰਾਸ ਰਪਟ ਦਰਜ ਕੀਤੀ ਗਈ ਹੈ।

## ਐਮ ਏ ਐਮ ਪਬਲਿਕ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਤੀਆਂ ਦਾ ਤਿਉਹਾਰ ਸਕੂਲ ਦੇ ਬੱਚਿਆਂ ਨੇ ਉਤਸ਼ਾਹ ਅਤੇ ਪੰਜਾਬੀ ਸੱਭਿਆਚਾਰਕ ਰੰਗਾਂ ਨਾਲ ਮਨਾਇਆ।ਇਸ ਮੌਕੇ ਸਕੂਲ ਚੇਅਰਪਰਸਨ ਕੁਲਵਿੰਦਰ ਕੌਰ ਬੈਨੀਪਾਲ, ਮੁੱਖ ਮਹਿਮਾਨ ਇੰਦਰਜੀਤ ਕੌਰ, ਪਰਵਾਜ਼ ਸਰਾਂ ਅਤੇ ਪ੍ਰਿੰਸੀਪਲ ਦੀਪਤੀ ਚੋਪੜਾ ਅਤੇ ਹੈੱਡ ਮਿਸਟ੍ਰੈਸ ਚਰਨਪ੍ਰੀਤ ਕੌਰ ਸੌਂਦ ਨੇ ਸ਼ਿਰਕਤ ਕੀਤੀ।ਵਿਦਿਆਰਥਣਾਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਪਹਿਨ ਕੇ ਗਿੱਧਾ, ਗੀਤ, ਬੋਲੀਆਂ, ਪੀਂਘਾਂ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਸਮਾਗਮ ਨੂੰ ਰੰਗੀਨ ਬਣਾਇਆ।ਵਿਦਿਆਰਥਣਾਂ ਦੇ ਮਿਸ ਤੀਜ, ਮਹਿੰਦੀ, ਪਰਾਂਦਾ ਗੁੰਦਣ ਅਤੇ ਨੇਲ ਆਰਟ ਦੇ ਮੁਕਾਬਲੇ ਕਰਵਾਏ ਗਏ।ਮੁਕਾਬਲਿਆਂ ਵਿਚ ਮਿਸ ਤੀਜ;ਮੰਨਤਦੀਪ ਕੌਰ, ਸੋਹਣੀ ਮੁਟਿਆਰ- ਭਵਨੀਤ ਕੌਰ ਅਤੇ ਅਮਰੀਤ ਕੌਰ, ਮਿਸ ਤੀਜ ਅਰਪਿਤਾ ਆਰੀਆ ,ਗਿੱਧਿਆਂ ਦੀ ਰਾਣੀ-ਸੁਖਕੀਰਤ ਕੌਰ ਤੇ ਗਰਨੂਰ ਕੌਰ ਸਿੱਧੂ, ਮਿਸ ਤੀਜ; ਮਨਰੀਤ ਕੌਰ, ਪਹਿਰੇਦਾਰ ਵਿਰਸੇ ਦੀ -ਪਰਨੀਤ ਕੌਰ ਤੇ ਖੁਸ਼ਨੂਰ ਕੌਰ, ਮਹਿੰਦੀ ਮੁਕਾਬਲਿਆਂ ਵਿੱਚ: ਸਹਿਜਪ੍ਰੀਤ ਕੌਰ, ਸਾਨੀਆ ਤੇ ਰਸ਼ਮੀ, ਪਰਾਂਦਾ ਗੁੰਦਣ ਮੁਕਾਬਲਿਆ ਵਿੱਚ: ਜਸਲੀਨ ਕੌਰ, ਜਸਨੂਰ ਕੌਰ, ਮਨਰੀਤ ਕੌਰ ਤੇ ਆਇਸ਼,ਕਨੇਲ ਆਰਟ ਮੁਕਾਬਲਿਆਂ ਵਿੱਚ-ਪ੍ਰਭਨੂਰ ਵਰਮਾ ਅਤੇ ਤਪਨਿਧ ਕੌਰ ਜੇਤੂ ਰਹੀਆਂ।ਪ੍ਰਿੰਸੀਪਲ ਦੀਪਤੀ ਚੋਪੜਾ ਨੇ ਸਮੂਹ ਸਟਾਫ ਤੇ ਵਿਦਿਆਰਥਣਾਂ ਨੂੰ ਸਫਲ ਸਮਾਗਮ ਲਈ ਵਧਾਈ ਦਿੰਦਿਆਂ ਕਿਹਾ ਕਿ ਤੀਆਂ ਦਾ ਤਿਉਹਾਰ ਨਵੀਂ ਪੀੜ੍ਹੀ ਨੂੰ ਪੰਜਾਬੀ ਵਿਰਾਸਤ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਜੋੜਨ ਦਾ ਮਹੱਤਵਪੂਰਨ ਉਪਰਾਲਾ ਹੈ।

## ਅੰਡਰ 14 ਲੜਕੀਆਂ ਨੇ ਜ਼ੋਨ ਸ਼ਤਰੰਜ ਮੁਕਾਬਲੇ 'ਚ ਮਾਰੀ ਬਾਜ਼ੀ



**ਕੋਟ ਈਸੇ ਖਾਂ (ਅਰੋੜਾ)**-ਇਲਾਕੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਕੈਮਬਰਿਜ ਕਾਨਵੈਂਟ ਸਕੂਲ, ਕੋਟ ਈਸੇ ਖਾਂ ਦੀਆਂ ਅੰਡਰ-14 ਲੜਕੀਆਂ ਦੀ ਸ਼ਤਰੰਜ ਟੀਮ ਨੇ ਜ਼ੋਨਲ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਇਤਿਹਾਸਕ ਜਿੱਤ ਦੇ ਨਾਲ ਹੀ ਸਕੂਲ ਦੀ ਇਹ ਹੋਣਹਾਰ ਟੀਮ ਹੁਣ ਆਗਾਮੀ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੁਣੀ ਗਈ ਹੈ।ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਪ੍ਰਬੰਧਕੀ ਕਮੇਟੀ ਅਤੇ ਸਟਾਫ਼ ਵੱਲੋਂ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਸਕੂਲ ਦੇ ਚੇਅਰਮੈਨ ਮਨਦੀਪ ਮਾਲੜਾ ਨੇ ਜੇਤੂ ਖਿਡਾਰਨਾਂ, ਉਨ੍ਹਾਂ ਦੇ ਮਾਪਿਆਂ ਅਤੇ ਖੇਡ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਅੱਗੇ ਵਧਣ ਦੇ ਬਰਾਬਰ ਮੌਕੇ ਪ੍ਰਦਾਨ ਕਰਦਾ ਹੈ।

## ਇੰਦਰਜੀਤ ਮਾਨ ਅਬਜ਼ਰਵਰ ਨਿਯੁਕਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਨੀਅਰ 'ਆਪ' ਆਗੂ ਤੇ ਮਾਰਕਫੈਡ ਪੰਜਾਬ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਨੂੰ ਆਮ ਆਦਮੀ ਪਾਰਟੀ ਵੱਲੋਂ ਨਗਰ ਕੌਂਸਲ ਦੀ ਚੋਣ ਕਰਾਉਣ ਲਈ ਵਿਸ਼ੇਸ਼ ਤੌਰ 'ਤੇ ਅਬਜ਼ਰਵਰ ਨਿਯੁਕਤ ਕੀਤਾ ਗਿਆ।ਚੇਅਰਮੈਨ ਮਾਨ ਨੇ ਪਾਰਟੀ ਵੱਲੋਂ ਮਿਲੀ ਜ਼ਿੰਮੇਵਾਰੀ ਤਹਿਤ ਨਗਰ ਕੌਂਸਲ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਾਈ ਗਈ।ਸਮੂਹ ਕੌਂਸਲਰਾਂ ਨੇ ਸਰਬਸੰਮਤੀ ਨਾਲ ਆਮ ਆਦਮੀ ਪਾਰਟੀ ਦੀ ਮਿਹਨਤੀ ਤੇ ਜੁਝਾਰੂ ਸਿਪਾਹੀ ਅਮਰਜੋਤ ਕੌਰ ਨੂੰ ਨਗਰ ਕੌਂਸਲ ਦਾ ਪ੍ਰਧਾਨ ਚੁਣਿਆ।ਇਸ ਤੋਂ ਇਲਾਵਾ ਸੁਸ਼ੀਲ ਰਾਣੀ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਅਜਾਇਬ ਸਿੰਘ ਨੂੰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ।ਚੇਅਰਮੈਨ ਇੰਦਰਜੀਤ ਸਿੰਘ ਮਾਨ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਨਗਰ ਕੌਂਸਲ ਦੀ ਨਵੀਂ ਟੀਮ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਸ਼ਹਿਰ ਦੇ ਵਿਕਾਸ ਤੇ ਲੋਕ ਭਲਾਈ ਲਈ ਪੂਰੀ ਤਨਦੇਹੀ ਨਾਲ ਕੰਮ ਕਰੇਗੀ।

## ਵਾਤਾਵਰਣ ਦੀ ਸੰਭਾਲ ਲਈ ਲਾਇਆ ਪੌਦਿਆਂ ਦਾ ਲੰਗਰ



**ਜਲਾਲਾਬਾਦ (ਬਲਵਿੰਦਰ ਸਿੰਘ)**-ਵਾਤਾਵਰਣ ਦੀ ਸੰਭਾਲ ਤੇ ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ ਦੇ ਉਦੇਸ਼ ਨਾਲ 9 ਅਗਸਤ ਨੂੰ ਫ਼ਤਿਹ ਪ੍ਰੈੱਸ ਕਲੱਬ ਜਲਾਲਾਬਾਦ (ਰਜਿ:) ਅਤੇ ਖੱਤਰੀ ਵੈਲਫੇਅਰ ਸੁਸਾਇਟੀ ਵੱਲੋਂ ਸਾਂਝੇ ਤੌਰ 'ਤੇ ਨੇੜੇ ਸ਼ਹੀਦ ਊਧਮ ਸਿੰਘ ਚੌਕ ਵਿਖੇ ਪੌਦਿਆਂ ਦਾ ਲੰਗਰ ਲਾਇਆ ਗਿਆ।ਇਸ ਮੌਕੇ ਇਲਾਕਾ ਨਿਵਾਸੀਆਂ ਵਿੱਚ ਪੌਦੇ ਪ੍ਰਾਪਤ ਕਰਨ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਪੌਦਿਆਂ ਦੇ ਲੰਗਰ ਦੌਰਾਨ ਜਿਨ੍ਹਾਂ ਲੋਕਾਂ ਨੇ ਪੌਦੇ ਪ੍ਰਾਪਤ ਕੀਤੇ, ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਇਨ੍ਹਾਂ ਪੌਦਿਆਂ ਦੀ ਪੂਰੀ ਤਨਦੇਹੀ ਨਾਲ ਸਾਂਭ-ਸੰਭਾਲ ਕਰਨਗੇ ਅਤੇ ਇਨ੍ਹਾਂ ਨੂੰ ਵੱਡੇ ਕਰਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਵਿੱਚ ਆਪਣਾ ਪੂਰਨ ਯੋਗਦਾਨ ਪਾਉਣਗੇ।ਖੱਤਰੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਦੀਪਕ ਸਹਿਗਲ ਨੇ ਪੇੜ-ਪੌਦਿਆਂ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਪੌਦੇ ਲਾਉਣਾ ਸਮੇਂ ਦੀ ਮੁੱਖ ਲੋੜ ਹੈ।ਫ਼ਤਿਹ ਪ੍ਰੈੱਸ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਨੇ ਕਿਹਾ ਕਿ ਪੌਦੇ ਲਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਰੱਖਣ ਨਾਲ ਆਬੋ-ਹਵਾ ਵਿੱਚ ਵਧ ਰਹੇ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮਦਦ ਮਿਲੇਗੀ।ਮਨੁੱਖਤਾ ਦੀ ਸੇਵਾ ਤੇ ਸਮਰੱਥ ਦੇ ਕਲੇ ਸੁਸਾਇਟੀ ਦੇ ਪ੍ਰਧਾਨ ਡਾ. ਸਤਨਾਮ ਸਿੰਘ ਨੇ ਵੀ ਪੌਦਿਆਂ ਦੀ ਸਾਂਭ-ਸੰਭਾਲ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਸਮਾਜ ਸੇਵੀ ਡਾ. ਰਾਮ ਮਹਿੰਦਰ ਅਤੇ ਐਮ.ਸੀ. ਜਨਕ ਸਿੰਘ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਇਸ ਵਾਤਾਵਰਣ-ਪੱਖੀ ਉਪਰਾਲੇ ਦੀ ਸ਼ਲਾਘਾ ਕੀਤੀ।

## ਮਾਂ ਬੋਲੀ ਨਾਲ ਜੋੜਨ ਤੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਵਿਸ਼ੇਸ਼ ਪੇਪਰ



**ਬਰਨਾਲਾ (ਰਾਜਿੰਦਰ ਬਰਾੜ)**-ਸਰਸਵਤੀ ਅਕੈਡਮੀ ਵਿਖੇ ਛੇਵੀਂ ਜਮਾਤ ਤੋਂ ਉੱਪਰ ਦੇ ਵਿਦਿਆਰਥੀਆਂ ਦਾ ਇਕ ਪੇਪਰ ਲਿਆ ਗਿਆ, ਜਿਸ ਦਾ ਮੁੱਖ ਉਦੇਸ਼ ਆਧੁਨਿਕ ਯੁੱਗ ਵਿੱਚ ਬੱਚਿਆਂ ਨੂੰ ਪੰਜਾਬੀ ਮਾਂ-ਬੋਲੀ ਨਾਲ ਜੋੜਨਾ ਤੇ ਪੰਜਾਬ ਦੇ ਇਤਿਹਾਸ ਬਾਰੇ ਜਾਣੂ ਕਰਵਾਉਣਾ ਹੈ। ਜਿਹੜਾ ਵੀ ਵਿਦਿਆਰਥੀ ਇਸ ਪੇਪਰ ਨੂੰ ਪਾਸ ਕਰਦਾ ਹੈ, ਉਨ੍ਹਾਂ ਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ, ਜਿਸ ਵਿੱਚ ਕੰਪਿਊਟਰ ਦਾ ਕੋਰਸ ਕਰਾਇਆ ਜਾਵੇਗਾ। ਪੇਪਰ ਨੂੰ ਸਫ਼ਲ ਬਣਾਉਣ 'ਚ ਗੀਤਾ ਭਾਰਦਵਾਜ (ਐਮ.ਡੀ ਸਰਸਵਤੀ ਅਕੈਡਮੀ ਬਰਨਾਲਾ), ਪੁਸ਼ਕਰ ਜਿੰਦਲ (ਐਮ.ਡੀ ਕ੍ਰਿਸ਼ਨਾ ਵੈਂਟ ਸਟੇਟ ਬਰਨਾਲਾ), ਬਲਜੀਤ ਸਿੰਘ (ਕੰਪਿਊਟਰ ਅਧਿਆਪਕ), ਪ੍ਰਿਤਪਾਲ ਕੌਰ (ਇਤਿਹਾਸ ਤੇ ਸਾਇੰਸ ਅਧਿਆਪਕ), ਕਮਲਪ੍ਰੀਤ ਕੌਰ, ਹਰਸ਼ਰਨਪ੍ਰੀਤ ਕੌਰ ਤੇ ਜਸ਼ਨਪ੍ਰੀਤ ਕੌਰ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਨੌਜਵਾਨ ਆਜ਼ਾਦੀ ਘੁਲਾਟੀਆਂ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਤਰੱਕੀ 'ਚ ਆਪਣਾ ਯੋਗਦਾਨ ਪਾਉਣ : ਸਤਪਾਲ ਪੂਨੀਆ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਦਿੱਲੀ ਸੀਨੀਅਰ ਸੈਕੰਡਰੀ ਸਕੂਲ ਪੰਜੋਲਾ ਵਿਖੇ ਆਜ਼ਾਦੀ ਦਿਵਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਸਤਪਾਲ ਪੂਨੀਆ ਨੇ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।ਇਸ ਮੌਕੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਵਾਲੇ ਮਹਾਨ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਮਹਾਨ ਕੁਰਬਾਨੀਆਂ ਬਾਰੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ।ਸਤਪਾਲ ਪੂਨੀਆ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਸਾਨੂੰ ਅਨੇਕਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਆਜ਼ਾਦੀ ਘੁਲਾਟੀਆਂ ਦੇ ਜੀਵਨ ਤੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੇ ਦੇਸ਼, ਸਮਾਜ ਤੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਵੱਖ-ਵੱਖ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ।ਸਤਪਾਲ ਪੂਨੀਆ ਨੇ ਸਮੂਹ ਵਿਦਿਆਰਥੀਆਂ, ਅਧਿਆਪਕਾਂ ਤੇ ਇਲਾਕਾ ਵਾਸੀਆਂ ਨੂੰ ਸੁਤੰਤਰਤਾ ਦਿਵਸ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ।

## ਨਸ਼ਾ-ਮੁਕਤ ਸਮਾਜ ਲਈ ਹਰਦਿਆਲ ਕੰਬੋਜ ਦਾ ਵੱਡਾ ਐਲਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਵੱਲੋਂ ਕਾਂਗਰਸ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਦੇ ਨਾਲ ਰੱਖੜ ਮੰਡੀ ਰਾਜਪੁਰਾ ਤੋਂ 'ਨਸ਼ਿਆਂ ਤੋਂ ਆਜ਼ਾਦ ਕਰਾਉਣ ਦਾ ਸੰਕਲਪ' ਮੁਹਿੰਮ ਤਹਿਤ ਇੱਕ ਵਿਸ਼ਾਲ ਪੈਦਲ ਤਿਰੰਗਾ ਮਾਰਚ ਕੱਢਿਆ ਗਿਆ।ਕਾਂਗਰਸ ਰਾਜਪੁਰਾ ਸ਼ਹਿਰੀ ਦੇ ਪ੍ਰਧਾਨ ਨਰਿੰਦਰ ਸ਼ਾਸਤਰੀ, ਕੌਂਸਲਰ ਅਮਨਦੀਪ ਸਿੰਘ ਨਾਗੀ, ਐਡਵੋਕੇਟ ਸੁੱਚਾ ਸਿੰਘ ਠਾਕੁਰ, ਮਨਦੀਪ ਸਿੰਘ ਡਿੰਪੀ ਰਾਣਾ, ਕੌਂਸਲਰ ਮਨੀ ਮਜਾਲ, ਪਵਨ ਪਿੰਕਾ ਹਾਜ਼ਰ ਸਨ।ਕੰਬੋਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਮਾਰਚ ਕੇਵਲ ਇਕ ਪ੍ਰਤੀਕ ਨਹੀਂ, ਸਗੋਂ ਰਾਜਪੁਰਾ ਦੇ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਅਤੇ ਨਸ਼ਾ-ਮੁਕਤ ਸਮਾਜ ਲਈ ਸਾਡੀ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ।ਉਨ੍ਹਾਂ ਰਾਜਪੁਰਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਘਰਸ਼ ਵਿੱਚ ਉਨ੍ਹਾਂ ਦਾ ਸਾਥ ਦੇਣ।

## ਦਿੱਲੀ ਚੱਲੋ ਰੈਲੀ ਦੀਆਂ ਤਿਆਰੀਆਂ ਸੰਬੰਧੀ ਮਾਰਚ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸੀ ਪੀ ਆਈ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਕੱਢੇ ਜਾ ਰਹੇ ਦਿੱਲੀ ਚੱਲੋ ਜਥਾ ਮਾਰਚ ਦੀ ਅਗਵਾਈ ਕਾਮਰੇਡ ਬੋਹੜ ਸਿੰਘ ਸੁਖਨਾ ਜਿਲਾ ਮੀਤ ਸਕੱਤਰ ਸੀ ਪੀ ਆਈ, ਕਾਮਰੇਡ ਗੁਰਮੇਲ ਸਿੰਘ ਦੋਦਾ ਜਿਲਾ ਕੈਸ਼ੀਅਰ ਸੀ ਪੀ ਆਈ, ਗਿਆਨੀ ਗੁਰਬਚਨ ਸਿੰਘ, ਕਾਮਰੇਡ ਬਲਵੀਰ ਸਿੰਘ ਕੋਠੇ ਦਸ਼ਮੇਸ਼ ਨਗਰ ਨੇ ਕੀਤੀ।ਪਿੰਡ ਚੋਟੀਆਂ, ਖਿੜਕੀਆਂ ਵਾਲਾ, ਭੁੱਲਰ, ਬਰਕੰਦੀ ਅਤੇ ਸੋਥਾ ਵਿਚ ਜਨ ਚੇਤਨਾ ਮੀਟਿੰਗ ਨੂੰ ਬੋਹੜ ਸਿੰਘ ਸੁਖਣਾ ਅਤੇ ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਇਕ ਸਤੰਬਰ ਨੂੰ 'ਬਦਲਾਓ ਜਰੂਰੀ ਹੈ' ਰੈਲੀ ਰਾਮ ਲੀਲ੍ਹਾ ਮੈਦਾਨ ਦਿੱਲੀ ਪੁੱਜਣ ਦਾ ਸੱਦਾ ਦਿਤਾ।ਆਗੂਆਂ ਨੇ ਕਿਹ ਕਿ ਨਰੇਗਾ ਬਹਾਲ ਕਰੋ ਰੈਲੀ ਮੁਕਤਸਰ ਵਿਖੇ 21 ਅਗਸਤ ਨੂੰ ਹੋ ਰਹੀ ਹੈ ਉਥੇ ਗਿਆਰਾਂ ਵਜੇ ਖੰਡਾ ਪਾਰਕ ਪੁੱਜਣ ਦਾ ਸੱਦਾ ਦਿਤਾ.।ਕਾਮਰੇਡ ਜਗਰੂਪ ਸਿੰਘ ਨੇ ਦਿਲੀ ਵਿਖੇ ਕੀਤੀ ਜਾ ਰਹੀ ਰੈਲੀ ਦੀ ਮਹੱਤਤਾ ਦਸਦਿਆਂ ਕਿਹਾ ਸੀ ਪੀ ਆਈ ਨੇ ਬਦਲਾਓ ਜਰੂਰੀ ਹੈ ਨਾਮ ਹੇਠ ਦੇਸ਼ ਭਰ ਦੇ ਕਿਰਤੀਆਂ ਨੂੰ ਸੱਦਾ ਦਿਤਾ ਹੈ ਕਿ ਆਓ ਬੀ ਜੇ ਪੀ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁਧ ਬਦਲਾਓ ਜ਼ਰੂਰੀ ਹੈ ਰੈਲੀ ਨੂੰ ਕਾਮਯਾਬ ਕਰੀਏ।

## ਬਾਬਾ ਸਾਹਿਬ ਸਰਕਾਰੀ ਕਾਲਜ ਰੋਸ਼ਨਵਾਲਾ ਦਾ ਸਥਾਪਨਾ ਦਿਵਸ ਮਨਾਇਆ



**ਭਵਾਨੀਗੜ੍ਹ (ਰਾਜ ਖੁਰਮੀ)**

ਪਿੰਡ ਪ੍ਰਿੰਸੀਪਲ ਪ੍ਰੋ. ਰੋਮੀ ਗਰਗ ਦੀ ਅਗਵਾਈ ਹੇਠ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਰਕਾਰੀ ਕਾਲਜ, ਰੋਸ਼ਨਵਾਲਾ ਵਿਖੇ ਕਾਲਜ ਦਾ 6ਵਾਂ ਸਥਾਪਨਾ ਦਿਵਸ, ਵੰਡ ਦੀ ਭਿਆਨਕਤਾ ਯਾਦਗਾਰੀ ਦਿਵਸ, ਸੋਮਨਾਥ ਸਵਾਭਿਮਾਨ ਪਰਵ ਤੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਕਰਾਇਆ ਗਿਆ।ਸਥਾਪਨਾ ਦਿਵਸ ਮੌਕੇ ਕਾਲਜ ਦੇ ਸਥਾਪਨਾ ਸਫ਼ਰ, ਹੁਣ ਤੱਕ ਦੀਆਂ ਉਪਲਬਧੀਆਂ ਤੇ ਵਿਦਿਆਰਥੀਆਂ ਲਈ ਕਰਾਈਆਂ ਜਾ ਰਹੀਆਂ ਵੱਖ-ਵੱਖ ਸਿੱਖਿਆਤਮਕ ਤੇ ਸਹਿ-ਪਾਠਕ੍ਰਮ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਵਾਇਸ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਾਲਜ ਜੀਵਨ ਵਿੱਚ ਮਿਹਨਤ, ਅਨੁਸ਼ਾਸਨ ਤੇ ਨੈਤਿਕ ਕਦਰਾਂ-ਕੀਮਤਾਂ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ, ਖੇਡਾਂ ਤੇ ਹੋਰ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਤ ਕੀਤਾ।

ਵੰਡ ਦੀ ਭਿਆਨਕਤਾ ਯਾਦਗਾਰੀ ਦਿਵਸ ਮੌਕੇ ਦੇਸ਼ ਦੀ ਵੰਡ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲਿਆਂ ਤੇ ਆਪਣੇ ਘਰ-ਬਾਰ ਤੋਂ ਵਿਛੜਨ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਸਹਾਇਕ ਪ੍ਰੋਫੈਸਰ ਸ਼ਵੇਤਾ ਚੰਦਵਾਨੀ ਨੇ ਵੰਡ ਦੇ ਇਤਿਹਾਸਕ ਪੱਖ, ਉਸ ਸਮੇਂ ਲੋਕਾਂ ਵੱਲੋਂ ਸਹੇ ਦੁੱਖਾਂ ਅਤੇ ਇਸ ਘਟਨਾ ਤੋਂ ਮਿਲਣ ਵਾਲੀਆਂ ਸਿੱਖਿਆਵਾਂ ਬਾਰੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਵਿਦਿਆਰਥੀਆਂ ਨੂੰ ਇਤਿਹਾਸ ਤੋਂ ਸਿੱਖਦਿਆਂ ਆਪਸੀ ਭਾਈਚਾਰਾ, ਸ਼ਾਂਤੀ ਅਤੇ ਸਾਂਝ ਬਣਾਈ ਰੱਖਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਪੋਸਟਰ ਮੇਕਿੰਗ ਸਮੇਤ ਵੱਖ-ਵੱਖ ਗਤੀਵਿਧੀਆਂ ਵੀ ਕਰਵਾਈਆਂ ਗਈਆਂ।

ਸੋਮਨਾਥ ਸਵਾਭਿਮਾਨ ਪਰਵ ਦੌਰਾਨ ਸਮਾਜ ਵਿੱਚ ਸਵਾਭਿਮਾਨ, ਸਮਾਨਤਾ, ਸਨਮਾਨ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ ਗਿਆ।ਸਹਾਇਕ ਪ੍ਰੋਫੈਸਰ ਅਵਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਦਿਆਂ ਸਮਾਜ ਦੇ ਹਰ ਵਰਗ ਦਾ ਸਤਿਕਾਰ ਕਰਨ ਅਤੇ ਬਿਹਤਰ ਤੇ ਸਮਾਨਤਾਪੂਰਨ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## ਮਾਤਾ ਗੁਜਰੀ ਸਕੂਲ ਵਿਖੇ ਨਿਵੇਸ਼ ਸਮਾਰੋਹ, ਵਿਦਿਆਰਥੀਆਂ ਨੂੰ ਸੌਂਪੀਆਂ ਜ਼ਿੰਮੇਵਾਰੀਆਂ




**ਦੇਵੀਗੜ੍ਹ/ਸਨੌਰ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 14 ਅਗਸਤ ਨੂੰ ਵਿਦਿਆਰਥੀਆਂ ਵਿੱਚ ਅਗਵਾਈ ਦੀ ਭਾਵਨਾ, ਜ਼ਿੰਮੇਵਾਰੀ, ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਪੈਦਾ ਕਰਨ ਦੇ ਉਦੇਸ਼ ਨਾਲ ਨਿਵੇਸ਼ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਨਵੇਂ ਚੁਣੇ ਗਏ ਵਿਦਿਆਰਥੀ ਅਹੁਦੇਦਾਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਸਮਾਰੋਹ ਦੌਰਾਨ ਸਕੂਲ ਕੈਪਟਨ ਹਰਨੂਰ ਕੌਰ (12ਵੀਂ ਸਾਇੰਸ), ਸਪੋਰਟਸ ਕੈਪਟਨ ਕਰਨ ਗਿਰ (12ਵੀਂ ਸਾਇੰਸ), ਹੈੱਡ ਗਰਲ ਕੋਮਲਪ੍ਰੀਤ ਕੌਰ (12ਵੀਂ ਆਰਟਸ), ਹੈੱਡ ਬੁਆਏ ਰੂਹਾਨ (12ਵੀਂ ਆਰਟਸ), ਵਾਈਸ ਹੈੱਡ ਗਰਲ ਹਰਮਨਦੀਪ ਕੌਰ (ਬਾਰਵੀਂ ਕਾਮਰਸ) ਅਤੇ ਵਾਈਸ ਹੈੱਡ ਬੁਆਏ ਨਵਦੀਪ ਸਿੰਘ (ਬਾਰਵੀਂ ਆਰਟਸ) ਨੂੰ ਅਹੁਦੇ ਸੌਂਪੇ ਗਏ। ਹਾਊਸ ਹੈੱਡ ਵਜੋਂ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ - ਨਵਨੀਤ ਕੌਰ (ਗਿਆਰਵੀਂ ਮੈਡੀਕਲ), ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ-ਨਵਜੋਤ ਕੌਰ (ਗਿਆਰਵੀਂ ਸਾਇੰਸ), ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ-ਰਵਨੀਤ ਕੌਰ (ਗਿਆਰਵੀਂ ਕਾਮਰਸ) ਅਤੇ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ - ਹਰਕਵਲਪ੍ਰੀਤ ਕੌਰ (ਗਿਆਰਵੀਂ ਹਿਊਮੈਨਿਟੀਜ਼) ਨੂੰ ਨਿਯੁਕਤ ਕੀਤਾ ਗਿਆ।

ਜੂਨੀਅਰ ਵਰਗ ਵਿੱਚ ਜੂਨੀਅਰ ਹੈੱਡ ਬੁਆਏ ਰਿਸ਼ਵ (ਪੰਜਵੀਂ-ਏ) ਅਤੇ ਜੂਨੀਅਰ ਹੈੱਡ ਗਰਲ ਸਹਿਜਦੀਪ ਕੌਰ (ਪੰਜਵੀਂ-ਏ) ਚੁਣੇ ਗਏ। ਹਾਊਸ ਕੈਪਟਨਾਂ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ-ਸੇਜਲਦੀਪ ਕੌਰ (ਚੌਥੀ), ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ - ਸਿਮਰਤਪ੍ਰੀਤ ਕੌਰ (ਚੌਥੀ), ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ - ਹਰਲੀਨ ਕੌਰ (ਚੌਥੀ) ਅਤੇ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ-ਸਿਰਾਜ (ਚੌਥੀ) ਨੂੰ ਹਾਊਸ ਕੈਪਟਨ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਸ: ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਸ੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਅਤੇ ਐਕਟੀਵਿਟੀ ਇੰਚਾਰਜ ਸ੍ਰੀਮਤੀ ਸ਼ਰਨਜੀਤ ਕੌਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

## ਚੋਰੀ ਕਰਨ ਦੇ ਦੋਸ਼ 'ਚ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**

ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਇੱਕ ਘਰ ਵਿਚੋਂ 85-90 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਪਵਨ ਕੁਮਾਰ ਪੁਤਰ ਰੋਸ਼ਨ ਲਾਲ ਵਾਸੀ ਇੰਦਰ ਨਗਰੀ ਜਲਾਲਾਬਾਦ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸਦਾ ਘਰ ਨੇੜੇ ਪੁਰਾਣਾ ਬਿਜਲੀ ਘਰ ਇੰਦਰ ਨਗਰੀ ਜਲਾਲਾਬਾਦ ਵਿਖੇ ਹੀ ਤੇ ਬੀਤੇ ਦਿਨ 7 ਤੇ 8 ਅਗਸਤ ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਨੇ ਉਸਦੇ ਘਰ ਵਿੱਚ ਦਾਖਲ ਹੋ ਕੇ 85000-90000 ਹਜ਼ਾਰ ਰੁਪਏ ਚੋਰੀ ਕਰਕੇ ਲੈ ਗਏ ਹਨ, ਜਿਸ 'ਤੇ ਪੁਲਸ ਨੇ ਮੁਦੱਈ ਪਵਨ ਕੁਮਾਰ ਦੇ ਬਿਆਨਾਂ ਦੇ ਅਧਾਰ ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

## ਲੰਗਰ ਸਮੱਗਰੀ ਲੈ ਕੇ ਰਵਾਨਾ ਹੋਏ ਸ੍ਰੀ ਬਾਲ ਦੁਰਗਾ ਭਜਨ ਮੰਡਲੀ ਦੇ ਮੈਂਬਰ



**ਮੱਖੂ (ਰਛਪਾਲ ਸਿੰਘ ਸੰਧੂ)**-ਸਾਉਣ ਮਹੀਨੇ ਮਾਂ ਚਿੰਤਪੁਰਨੀ ਦੇ ਮੇਲੇ ਦੇ ਸਬੰਧ ਵਿੱਚ ਸ਼ੀਤਲਾ ਮਾਤਾ ਦੇ ਦਰਬਾਰ (ਹਿਮਾਚਲ ਪ੍ਰਦੇਸ਼) ਵਿਖੇ ਲਾਏ ਜਾ ਰਹੇ ਵਾਰਸ਼ਿਕ ਲੰਗਰ ਦੀ ਸਮਗਰੀ ਦਾ ਟਰੱਕ ਲੈ ਕੇ ਸ੍ਰੀ ਬਾਲ ਦੁਰਗਾ ਭਜਨ ਮੰਡਲੀ ਮਖੂ ਦੇ ਮੈਂਬਰ ਰਵਾਨਾ ਹੋਏ।ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਸੁਰਿੰਦਰ ਆਹੂਜਾ, ਰਵੀ ਚੋਪੜਾ ਸਾਬਕਾ ਕੌਂਸਲਰ ਵੱਲੋਂ ਪੂਜਾ ਕਰਨ ਤੋਂ ਬਾਅਦ ਲੰਗਰ ਦੀ ਸਮੱਗਰੀ ਦਾ ਟਰੱਕ ਸ਼ੀਤਲਾ ਮਾਤਾ ਦੇ ਦਰਬਾਰ ਲਈ ਰਵਾਨਾ ਕੀਤਾ ਗਿਆ।ਸ੍ਰੀ ਬਾਲ ਦੁਰਗਾ ਭਜਨ ਮੰਡਲੀ ਮਖੂ ਦੇ ਆਗੂ ਪਵਨ ਕਟਾਰੀਆ ਕਾਲਾ, ਸ਼ਾਮ ਲਾਲ ਖੁਰਾਣਾ ਨੇ ਦੱਸਿਆ ਕਿ ਸਾਉਣ ਮਹੀਨੇ ਮਾਂ ਚਿੰਤਪੁਰਨੀ ਤੇ ਸ਼ੀਤਲਾ ਮਾਤਾ ਦੇ ਦਰਬਾਰ ਤੇ ਜਾਣ ਵਾਲੀਆਂ ਸੰਗਤਾਂ ਲਈ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸ਼ੀਤਲਾ ਮਾਤਾ ਦੇ ਦਰਬਾਰ (ਹਿਮਾਚਲ ਪ੍ਰਦੇਸ਼) ਵਿਖੇ ਵਾਰਸ਼ਿਕ ਲੰਗਰ 20 ਅਗਸਤ ਤੱਕ ਲਾਇਆ ਜਾਵੇਗਾ ਤੇ ਸ਼ੀਤਲਾ ਮਾਤਾ ਦੇ ਦਰਬਾਰ ਤੇ 19 ਅਗਸਤ ਨੂੰ ਮਹਾਂਮਾਈ ਦਾ ਸੁੰਦਰ ਝੰਡਾ ਚੜ੍ਹਾਇਆ ਜਾਵੇਗਾ।

## ਲੜਕੀ ਨੂੰ ਹਵਾ 'ਚ ਉੱਡਦੀ ਦੇਖ ਦਰਸ਼ਕ ਰਹਿ ਗਏ ਦੰਗ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਲੜਕੀ ਦਾ ਹਵਾ ਵਿੱਚ ਉੱਡਣਾ, ਲੜਕੀ ਨੂੰ ਕੱਟ ਕੇ ਫਿਰ ਜ਼ਿੰਦਾ ਕਰਨਾ, ਲੜਕੀ ਨੂੰ ਤਲਵਾਰ ਦੀ ਨੋਕ 'ਤੇ ਹਵਾ ਵਿੱਚ ਲਟਕਾਉਣਾ, ਕੁੜੀ ਨੂੰ ਪਲ ਭਰ ਵਿੱਚ ਗੋਰਿੱਲੇ ਵਿੱਚ ਬਦਲ ਦੇਣ ਵਰਗੇ ਜਾਦੂ ਦੇ ਸ਼ੋਅ ਦੇਖ ਕੇ ਦਰਸ਼ਕ ਭੌਚੱਕੇ ਤੇ ਦੰਗ ਰਹਿ ਗਏ।ਮੌਕਾ ਸੀ ਮਲੋਟ ਰੋਡ ਬੱਸ ਸਟੈਂਡ ਦੇ ਕੋਲ ਸਥਿਤ ਤਾਜ ਪੈਲੇਸ ਵਿੱਚ ਆਯੋਜਤ ਜਾਦੂਗਰ ਸਮਰਾਟ ਅਜੂਬਾ ਦੇ ਜਾਦੂ ਸ਼ੋਅ ਦੇ ਸ਼ੁਭਆਰੰਭ ਦਾ, ਜਿਸ ਵਿੱਚ ਪਹਿਲੇ ਦਿਨ ਜਾਦੂਗਰ ਸਮਰਾਟ ਅਜੂਬਾ ਨੇ ਕਈ ਹੈਰਾਨੀਜਨਕ ਕਰਤੱਬ ਦਿਖਾ ਕੇ ਦਰਸ਼ਕਾਂ ਨੂੰ ਦੰਦਾਂ ਹੇਠ ਉਂਗਲਾਂ ਚਬਾਉਣ ਲਈ ਮਜਬੂਰ ਕਰ ਦਿੱਤਾ।ਸ਼ੋਅ ਦੇ ਪਹਿਲੇ ਦਿਨ ਵੱਡੀ ਗਿਣਤੀ ਵਿੱਚ ਦਰਸ਼ਕ ਉਮੜਦੇ ਨਜ਼ਰ ਆਏ।ਸ਼ੋਅ ਦਾ ਸ਼ੁਭ ਆਰੰਭ ਨਗਰ ਕੌਂਤਸਲ ਦੇ ਮੀਤ ਪ੍ਰਧਾਨ ਗੁਰਪਿੰਦਰ ਸਿੰਘ ਸ਼ੈਲੀ, 'ਆਪ' ਦੇ ਬਲਾਕ ਪ੍ਰਧਾਨ ਵਿੱਕੀ ਗੁੰਬਰ, ਮੀਡੀਆ ਕੋਆਰਡੀਨੇਟਰ ਤੇ ਕੌਂਸਲਰ ਵਿੱਕੀ ਡਮੋਲੀਆ, ਵਿਜੇ ਡਮੋਲੀਆ ਨੇ ਰਿਬਨ ਕੱਟ ਕੇ ਕੀਤਾ।ਜਾਦੂਗਰ ਸਮਰਾਟ ਅਜੂਬਾ ਨੇ ਕਿਹਾ ਕਿ ਅੱਜ ਦੇ ਤਣਾਅ ਭਰੇ ਮਾਹੌਲ ਵਿੱਚ ਹਰ ਕੋਈ ਮੋਬਾਈਲ ਵਿੱਚ ਹੀ ਰੁੱਝਿਆ ਹੋਇਆ ਹੈ।ਪਰਵਾਰ ਨਾਲ ਸਮਾਂ ਬਿਤਾਉਣਾ ਤਾਂ ਦੂਰ ਦੀ ਗੱਲ ਹੋ ਗਈ ਹੈ।ਅਜਿਹੇ ਵਿੱਚ ਉਨ੍ਹਾਂ ਦਾ ਜਾਦੂ ਦਾ ਸ਼ੋਅ ਪਰਿਵਾਰ ਨੂੰ ਇੱਕਠੇ ਬੰਨ੍ਹਣ ਦਾ ਕੰਮ ਵੀ ਕਰੇਗਾ, ਕਿਉਂਕਿ ਅੱਜ ਦੇ ਦੌਰ ਦੇ ਬੱਚੇ ਜਾਦੂ ਦੀ ਇਸ ਕਲਾ ਤੋਂ ਜਾਣੂ ਨਹੀਂ ਹਨ।ਦੱਸ ਦੇਈਏ ਕਿ ਪਹਿਲਾ ਸ਼ੋਅ ਸ਼ਾਮ ਚਾਰ ਵਜੇ ਤੇ ਦੂਜਾ ਸ਼ੋਅ ਸ਼ਾਮ ਸਾਢੇ ਸੱਤ ਵਜੇ ਸ਼ੁਰੂ ਹੁੰਦਾ ਹੈ, ਜਦਕਿ ਐਤਵਾਰ ਨੂੰ ਤਿੰਨ ਸ਼ੋਅ ਹੁੰਦੇ ਹਨ, ਜਿਨ੍ਹਾਂ ਵਿੱਚ ਦੁਪਹਿਰ ਇੱਕ ਵਜੇ ਵਾਧੂ ਸ਼ੋਅ ਹੁੰਦਾ ਹੈ।

### ਜਾਦੂਗਰ ਸਮਰਾਟ ਅਜੂਬਾ ਦੇ ਸ਼ੋਅ ਦਾ ਆਰੰਭ



## ਨਵ-ਨਿਯੁਕਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਕਾਲੇਕਾ ਦਾ ਤਾਜਪੋਸ਼ੀ ਸਮਾਗਮ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਨਗਰ ਕੌਂਸਲ ਪਾਤੜਾਂ ਦੇ ਨਵੇਂ ਬਣੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਕਾਲੇਕਾ ਦਾ ਤਾਜਪੋਸ਼ੀ ਸਮਾਰੋਹ ਨਗਰ ਕੌਂਸਲ ਦੇ ਮੀਟਿੰਗ ਹਾਲ ਵਿੱਚ ਕੀਤਾ ਗਿਆ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਪਾਏ ਭੋਗ ਪਾਉਣ ਉਪਰੰਤ ਕਰਵਾਏ ਗਏ ਇਸ ਸਮਾਰੋਹ ਵਿੱਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਿੰਚਾਈ ਮੰਤਰੀ ਬਰਿੰਦਰ ਗੋਇਲ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ, ਪੀਆਰਟੀਸੀ ਦੇ ਚੇਅਰਮੈਨ ਹਰਪਾਲ ਜੁਨੇਜਾ, ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਪਤੀ ਸੀਨੀਅਰ ਆਪ ਆਗੂ ਡੀਟੀਓ ਕਰਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਪ੍ਰਮੁੱਖ ਸ਼ਖਸੀਅਤਾਂ ਨੇ ਨਗਰ ਕੌਂਸਲ ਦੇ ਪ੍ਰਧਾਨ ਅੰਮ੍ਰਿਤ ਪਾਲ ਸਿੰਘ ਕਾਲੇਕਾ, ਸੀਨੀਅਰ ਮੀਤ ਪ੍ਰਧਾਨ ਪ੍ਰੀਤੀ ਜੈਨ ਤੇ ਮੀਤ ਪ੍ਰਧਾਨ ਰੇਨੂ ਵਧਵਾ ਨੂੰ ਸਨਮਾਨਤ ਕਰਨ ਉਪਰੰਤ ਕੁਰਸੀ 'ਤੇ ਬਿਠਾਇਆ। ਇਕੱਠ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਰਾਜ ਦੇ ਸਰਬਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਪਿਛਲੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਆਪ ਸਰਕਾਰ ਨੇ ਸਾਰੇ ਵਰਗਾਂ ਨੂੰ ਵਿੱਤੀ ਲਾਭ ਦੇ ਕੇ ਉਨ੍ਹਾਂ ਦਾ ਆਰਥਿਕ ਪੱਖ ਮਜ਼ਬੂਤ ਕੀਤਾ ਹੈ।ਇਸ ਦੇ ਨਾਲ ਨਾਲ ਸੂਬੇ ਦੇ ਸ਼ਹਿਰਾਂ ਤੇ ਪਿੰਡਾਂ ਲਈ ਵਿਆਪਕ ਯੋਜਨਾ ਤਿਆਰ ਕਰਕੇ ਯੋਜਨਾਬੱਧ ਢੰਗ ਨਾਲ ਵਿਕਾਸ ਕਾਰਜ ਕੀਤੇ ਹਨ।ਉਨ੍ਹਾਂ ਪਾਤੜਾਂ ਸ਼ਹਿਰ ਦੇ ਵਿਕਾਸ ਲਈ ਦੋ ਕਰੋੜ ਰੁਪਏ ਦੀ ਗਰਾਂਟ ਰਾਸ਼ੀ ਜਾਰੀ ਕਰਨ ਦੇ ਨਾਲ ਨਾਲ ਐਸਟੀਮੇਟ ਮੁਤਾਬਕ ਹੋਰ ਪੈਸੇ ਮੁਹੱਈਆ ਕਰਵਾਉਣ ਦਾ ਵੀ ਐਲਾਨ ਕੀਤਾ।ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਡੀਟੀਓ ਕਰਨ ਸਿੰਘ ਨੇ ਨਵੀਂ ਚੁਣੀ ਗਈ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਸ਼ਹਿਰ ਦੇ ਵਿਕਾਸ ਲਈ ਕੰਮ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਆਪ ਦੇ ਸ਼ਹਿਰੀ ਪ੍ਰਧਾਨ ਮਦਨ ਲਾਲ ਗੋਇਲ, ਸੀਨੀਅਰ ਆਪ ਆਗੂ ਰਾਜੇਸ਼ ਕੁਮਾਰ ਸੋਨੀ ਜਲੂਰ, ਕੌਂਸਲਰ ਭਗਵਤ ਦਿਆਲ ਨਿੱਕਾ, ਕੁਲਦੀਪ ਸਿੰਘ ਬਿੱਟੂ ਬੰਦੇਸ਼ਾਂ, ਸਰਪੰਚ ਜਰਨੈਲ ਸਿੰਘ ਜੈਲੀ, ਸਾਬਕਾ ਸਰਪੰਚ ਮੋਹਨ ਸਿੰਘ ਸਿੱਧੂ, ਡਾਕਟਰ ਡੀ ਡੀ ਸਿੰਗਲਾ, ਤਜਿੰਦਰ ਸਿੰਘ ਤੇਜੀ ਬੂਰੜ, ਕਮਲਪ੍ਰੀਤ ਵਧਵਾ ਤੇ ਗੁਰਮੀਤ ਅਰੋੜਾ ਹਾਜ਼ਰ ਸਨ।

## ਐਡਵੋਕੇਟ ਬਾਂਸਲ ਵਧੀਆ ਕਾਨੂੰਨੀ ਸੇਵਾਵਾਂ ਬਦਲੇ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤ ਸਰਕਾਰ ਦੀਆਂ ਸੈਂਟਰਲ ਏਜੰਸੀਆਂ ਦੇ ਸਰਕਾਰੀ ਵਕੀਲ ਅਤੇ ਪੰਜਾਬ ਬਾਰ ਕੌਂਸਲ ਦੇ ਕੋ-ਆਪਟਿਡ ਮੈਂਬਰ ਐਡਵੋਕੇਟ ਜੇ.ਡੀ.ਬਾਂਸਲ ਨੂੰ ਸਰਕਾਰ ਨੇ ਅਜ਼ਾਦੀ ਦਿਹਾੜੇ ਮੌਕੇ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਐਡਵੋਕੇਟ ਜੇ.ਡੀ. ਬਾਂਸਲ ਪੂਨਾ ਤੋਂ ਲਾਅ ਕਰਨ ਤੋਂ ਬਾਅਦ ਲੰਡਨ ਔਕਸਫੋਰਡ ਯੂਨਿਵਰਸਿਟੀ ਤੋਂ ਉਚ ਸਿੱਖਿਆ ਹਾਸਲ ਕਰਨ ਤੋਂ ਬਾਅਦ ਸਾਲ 2006 ਤੋਂ ਪਟਿਆਲਾ ਵਿਖੇ ਪ੍ਰੈਕਟਿਸ ਕਰ ਰਹੇ ਹਨ। ਉਨ੍ਹਾਂ ਵੱਲੋਂ ਕਈ ਸੰਸਥਾਵਾਂ ਨਾਲ ਜੁੜ ਕੇ ਕਾਨੂੰਨ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਆਪਣੇ ਕੈਰੀਅਰ ਵਿਚ ਐਡਵੋਕੇਟ ਜੇ ਡੀ ਬਾਂਸਲ ਨੇ ਕਈ ਨਾਮੀ ਕੇਸ ਸਰਕਾਰ ਦੇ ਹੱਕ ਵਿਚ ਕਰਵਾ ਦਿੱਤੇ ਹਨ। ਉਨ੍ਹਾਂ ਦੀ ਕਾਬਲੀਅਤ ਨੂੰ ਦੇਖਦੇ ਹੋਏ ਹਰ ਸਾਲ ਬਾਰ ਕੌਂਸਲ ਵੱਲੋਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਵਿਚ ਉਨ੍ਹਾਂ ਨੂੰ ਬਤੌਰ ਆਬਜ਼ਰਵਰ ਵੀ ਲਗਾਇਆ ਜਾਂਦਾ ਹੈ।

## 'ਆਪ' ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਨਵਲਦੀਪ ਦਾ ਸਨਮਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਆਮ ਆਦਮੀ ਪਾਰਟੀ ਵਲੋਂ ਕੀਤੀਆ ਗਈਆ ਨਵੀਂਆਂ ਨਿਯੁਕਤੀਆਂ ਦੇ ਤਹਿਤ ਯੂਥ ਆਗੂ ਨਵਲਦੀਪ ਸਿੰਘ ਮੌਲਵੀਵਾਲਾ ਨੂੰ ਜ਼ਿਲ੍ਹਾ ਪਟਿਆਲਾ ਦਾ ਪ੍ਰਧਾਨ ਲੱਗਣ 'ਤੇ ਹਲਕਾ ਸ਼ੁਤਰਾਣਾ ਦੇ ਪਾਰਟੀ ਅਹੁਦੇਦਾਰਾਂ ਵੱਲੋਂ ਚੇਅਰਮੈਨ ਮਹਿੰਗਾ ਸਿੰਘ ਬਰਾੜ ਦੀ ਅਗਵਾਈ ਵਿੱਚ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨਵਲਦੀਪ ਸਿੰਘ ਨੇ ਪਾਰਟੀ ਪ੍ਰਧਾਨ ਅਮਨ ਅਰੋੜਾ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਜੋ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਮੈਂ ਇਸ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕਰਾਂਗਾ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਾਂਗਾ।ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਚਾਰ ਸਾਲ ਤੋਂ ਜੋ ਸਰਕਾਰ ਵੱਲੋਂ ਕੰਮ ਕੀਤੇ ਜਾ ਰਹੇ ਹਨ ਉਸ ਤੋਂ ਪੰਜਾਬ ਵਾਸੀ ਪੂਰੀ ਤਰ੍ਹਾਂ ਖੁਸ਼ ਹਨ।2027 ਵਿਚ ਮੁੜ ਪੰਜਾਬ ਅੰਦਰ ਆਪ ਦੀ ਸਰਕਾਰ ਬਣੇਗੀ ਜਿਸ ਵਾਸਤੇ ਲੋਕਾਂ ਵਿੱਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।



## ਸ਼੍ਰੋਮਣੀ ਅਕਾਲੀ ਦਲ ਨੇ ਸੁਤੰਤਰਤਾ ਦਿਵਸ ਮਨਾਇਆ

### ਅਜ਼ਾਦੀ ਸੰਗਰਾਮ 'ਚ 85 ਫੀਸਦੀ ਕੁਰਬਾਨੀਆਂ ਪੰਜਾਬੀਆਂ ਦੀਆਂ : ਸੰਨੀ ਗਿੱਲ



**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੋਗਾ ਸੰਜੀਤ ਸਿੰਘ ਸੰਨੀ ਗਿੱਲ ਦੀ ਅਗਵਾਈ ਵਿੱਚ ਦੇਸ ਦਾ 80ਵਾਂ ਸੁਤੰਤਰਤਾ ਦਿਵਸ ਹਲਕਾ ਮੋਗਾ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ, ਸੀਨੀਅਰ ਆਗੂਆਂ ਵਿੱਚ ਐਡਵੋਕੇਟ ਵਿਜੇ ਧੀਰ, ਰਾਜਵੰਤ ਸਿੰਘ ਮਾਹਲਾ, ਰਣਜੀਤ ਸਿੰਘ ਭਾਉ, ਗੋਵਰਧਨ ਪੋਪਲੀ, ਮਨਜੀਤ ਸਿੰਘ ਧੰਮੂ, ਚਰਨਜੀਤ ਸਿੰਘ ਝੰਡੇਆਣਾ, ਸੁਖਬੀਰ ਸਿੰਘ ਗਿੱਲ, ਜੋਏਦੀਪ ਸ਼ਰਮਾ, ਸੁਖਚੈਨ ਸਿੰਘ ਰਾਮੂਵਾਲੀਆ, ਕੁਲਦੀਪ ਸਿੰਘ ਦੀਪਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਹੱਥਾਂ ਵਿੱਚ ਤਿਰੰਗੇ ਫੜ ਕੇ ਭਾਰਤ ਮਾਤਾ ਦੀ ਜੈ ਦੇ ਜੈਕਾਰਿਆਂ ਦੀ ਗੂੰਜ ਵਿੱਚ ਅਜ਼ਾਦੀ ਦਿਵਸ ਨੂੰ ਮਨਾਇਆ ਗਿਆ ਤੇ ਕੌਮੀ ਰਾਸ਼ਟਰੀ ਗਾਣ ਗਾ ਕੇ ਅਜ਼ਾਦੀ ਦੇ ਸੰਗਰਾਮੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਹਲਕਾ ਇੰਚਾਰਜ ਮੋਗਾ ਸੰਜੀਤ ਸਿੰਘ ਸੰਨੀ ਗਿੱਲ ਨੇ ਕਿਹਾ ਕਿ ਅੱਜ ਦੇਸ਼ ਭਰ ਵਿੱਚ ਅਜ਼ਾਦੀ ਦਾ 80ਵਾਂ ਅਜ਼ਾਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਅਤੇ ਇਹ ਫਖਰ ਤੇ ਮਾਣ ਵਾਲੀ ਗੱਲ ਹੈ ਕਿ ਦੇਸ਼ ਦੀ ਅਜ਼ਾਦੀ ਵਿੱਚ ਸਾਡੀ ਅਬਾਦੀ ਢਾਈ ਫੀਸਦੀ ਹੋਣ ਦੇ ਬਾਵਜੂਦ ਕੁਰਬਾਨੀਆਂ 85 ਫੀਸਦੀ ਹਨ ਤੇ ਉਨ੍ਹਾਂ ਮਰਜੀਵੜਿਆਂ ਸਦਕਾ ਭਾਰਤ ਦੇਸ਼ ਅਜ਼ਾਦ ਹੋਇਆ। ਭਾਰਤ ਅੱਜ ਪੂਰੇ ਵਿਸ਼ਵ ਵਿੱਚ ਸਭ ਤੋਂ ਵੱਡਾ ਲੋਕਤੰਤਰਿਕ ਤੇ ਵਿਕਾਸਸ਼ੀਲ ਦੇਸ਼ ਹੈ।ਉਨ੍ਹਾਂ ਹਲਕਾ ਮੋਗਾ ਦੇ ਸਾਰੇ ਵਾਸੀਆਂ ਨੂੰ ਅਜ਼ਾਦੀ ਦਿਹਾੜੇ ਦੀ ਮੁਬਾਰਕਬਾਦ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰਿੰਦਰਪਾਲ ਸਿੰਘ ਸਹਾਰਨ, ਰਵੀ ਨੌਨਿਧ ਫਾਇਨਾਂਸ, ਗੁਰਜੰਟ ਸਿੰਘ ਰਾਮੂਵਾਲਾ, ਦਵਿੰਦਰ ਸਿੰਘ ਪੀਏ, ਹਰਪਾਲ ਸਿੰਘ ਮੱਕੜ, ਗੁਰਪ੍ਰੀਤ ਸਿੰਘ ਹੈਪੀ, ਬਲਜੀਤ ਸਿੰਘ ਡਰੋਲੀ, ਮੇਹਰਬਾਨ ਸਿੰਘ ਬਿੱਟੂ, ਪਰਮਜੀਤ ਸਿੰਘ ਨੈਸਲੇ, ਜਸਪਾਲ ਸਿੰਘ ਭੱਟੀ, ਲਖਵੀਰ ਸਿੰਘ ਖੋਖਰ, ਸੁਰਜੀਤ ਸਿੰਘ ਬੁੱਗਾ, ਸੁਨੀਲ ਚਾਟਲੇ,

## ਦੀਵਾਨ ਟੋਡਰ ਮੱਲ ਸਕੂਲ ਕਾਕੜਾ ਦੀ ਹਾਕੀ ਟੀਮ ਨੇ ਸੋਨ ਤਮਗਾ ਜਿੱਤਿਆ



**ਭਵਾਨੀਗੜ੍ਹ (ਰਾਜ ਖੁਰਮੀ)**-ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਦੀ ਅੰਡਰ-19 ਲੜਕਿਆਂ ਦੀ ਹਾਕੀ ਟੀਮ ਨੇ ਜ਼ਿਲ੍ਹਾ ਪੱਧਰੀ ਹਾਕੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਮਗਾ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਟੀਮ ਨੇ ਫਾਈਨਲ ਮੁਕਾਬਲੇ ਵਿੱਚ ਆਪਣੇ ਵਿਰੋਧੀ ਨੂੰ ਤਿੰਨ ਗੋਲਾਂ ਦੇ ਵੱਡੇ ਫਰਕ ਨਾਲ ਮਾਤ ਦੇ ਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਹੁਣ ਸਟੇਟ ਪੱਧਰੀ ਮੁਕਾਬਲਿਆਂ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ।ਸਕੂਲ ਦੀ ਪ੍ਰਿੰਸੀਪਲ ਮਨਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਜੇਤੂ ਰਹੀ ਸਕੂਲ ਦੀ ਟੀਮ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਪੂਰੇ ਆਤਮ-ਵਿਸ਼ਵਾਸ ਨਾਲ ਭਾਗ ਲਿਆ।ਖਿਡਾਰੀਆਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਫਾਈਨਲ ਮੁਕਾਬਲਾ ਸ਼ਾਨਦਾਰ ਅੰਦਾਜ਼ ਵਿੱਚ ਜਿੱਤਿਆ।ਜੇਤੂ ਟੀਮ ਦੇ ਸਕੂਲ ਪਹੁੰਚਣ 'ਤੇ ਸਮੂਹ ਸਟਾਫ਼ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਸਕੂਲ ਦੇ ਚੇਅਰਮੈਨ ਬਾਬਾ ਕਿਰਪਾਲ ਸਿੰਘ, ਪ੍ਰਬੰਧਕ ਡਾਇਰੈਕਟਰ ਡਾ. ਗੁਰਮੀਤ ਸਿੰਘ ਤੇ ਮੈਨੇਜਮੈਂਟ ਮੈਂਬਰ ਦਵਿੰਦਰ ਸਿੰਘ ਨੇ ਜੇਤੂ ਖਿਡਾਰੀਆਂ, ਟੀਮ ਦੇ ਕੋਚ ਅਵਤਾਰ ਸਿੰਘ ਤਾਰੀ ਤੇ ਮਨਪ੍ਰੀਤ ਕੌਰ ਨੂੰ ਵਧਾਈ ਦਿੱਤੀ।ਇਸ ਮੌਕੇ ਸਟੇਟ ਪੱਧਰੀ ਟੀਮ ਤਿਆਰ ਕਰਨ ਲਈ ਜ਼ੋਨ ਇੰਚਾਰਜ ਸਾਹਿਬਾਨ ਦਾ ਵੀ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਪੰਜਾਬੀ ਅਧਿਆਪਕ ਸੰਦੀਪ ਸਿੰਘ, ਕੋਆਰਡੀਨੇਟਰ ਬਲਜੀਤ ਕੌਰ, ਸਨਮੀਤ ਸਿੰਘ, ਪ੍ਰਭਜੋਤ ਸਿੰਘ, ਅਰਵਿੰਦ ਮੈਮ, ਹਰਜਿੰਦਰ ਮੈਮ, ਹਰਿੰਦਰ ਸਰ, ਰਜਨੀ ਮੈਮ ਤੇ ਸੰਦੀਪ ਮੈਮ ਸਮੇਤ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਲਾਰੈਂਸ ਸਕੂਲ 'ਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਪੰਜਾਬੀ ਸੱਭਿਆਚਾਰ ਤੇ ਪ੍ਰੰਪਰਾਵਾਂ ਨੂੰ ਦਰਸਾਉਂਦੇ ਹੋਏ ਤੀਆਂ ਦਾ ਤਿਉਹਾਰ ਬੜੇ ਹੀ ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ।ਸਕੂਲ ਕੈਂਪਸ ਨੂੰ ਰੰਗ-ਬਰੰਗੀਆਂ ਸਜਾਵਟਾਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਤੇ ਪੀਂਘਾਂ/ਝੂਲਿਆਂ ਨੂੰ ਵੀ ਖੂਬਸੂਰਤੀ ਨਾਲ ਸਜਾਇਆ ਗਿਆ।ਇਸ ਮੌਕੇ ਵਿਦਿਆਰਥਣਾਂ ਨੇ ਸੁੰਦਰ ਪੰਜਾਬੀ ਪਹਿਰਾਵੇ ਪਹਿਨ ਕੇ ਸਮਾਗਮ ਦੀ ਰੌਣਕ ਵਧਾਈ।ਸਕੂਲ ਵਿੱਚ ਮਹਿੰਦੀ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਉਨ੍ਹਾਂ ਆਪਣੇ ਹੱਥਾਂ 'ਤੇ ਸੁੰਦਰ ਤੇ ਰਚਨਾਤਮਕ ਮਹਿੰਦੀ ਦੇ ਡਿਜ਼ਾਈਨ ਬਣਾਏ।ਵਿਦਿਆਰਥਣਾਂ ਦੀ ਕਲਾ, ਰਚਨਾਤਮਕਤਾ ਤੇ ਸੁੰਦਰ ਡਿਜ਼ਾਈਨਾਂ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ।ਸਜਾਈਆਂ ਹੋਈਆਂ ਪੀਂਘਾਂ 'ਤੇ ਝੂਟੇ ਲੈਣ ਦਾ ਵੀ ਵਿਦਿਆਰਥਣਾਂ ਨੇ ਖੂਬ ਆਨੰਦ ਮਾਣਿਆ।ਇਸ ਤੋਂ ਇਲਾਵਾ ਵਿਦਿਆਰਥਣਾਂ ਵੱਲੋਂ ਗਿੱਧਾ, ਲੋਕ ਗੀਤ, ਪੰਜਾਬੀ ਲੋਕ ਨਾਚ ਤੇ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ।ਰੰਗ-ਬਿਰੰਗੇ ਪੰਜਾਬੀ ਪਹਿਰਾਵੇ, ਗਿੱਧੇ ਦੀਆਂ ਬੋਲੀਆਂ ਤੇ ਲੋਕ ਗੀਤਾਂ ਨੇ ਪੂਰੇ ਸਕੂਲ ਨੂੰ ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਰੰਗ ਦਿੱਤਾ।ਅੰਤ ਵਿੱਚ ਸਕੂਲ ਪ੍ਰਿੰਸੀਪਲ ਜੀਨਮ ਗਰਗ ਨੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਤੇ ਸਰਗਰਮ ਭਾਗੀਦਾਰੀ ਦੀ ਪ੍ਰਸ਼ੰਸਾ ਕੀਤੀ।

## ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਦਾ ਟੂਰ ਕਰਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਦੇ ਜੂਨੀਅਰ ਕੇਜੀ ਤੋਂ ਲੈ ਕੇ ਚੌਥੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਪਨ ਜੋਏ ਐਂਡ ਪਨ ਫਨ ਦੀ ਇੱਕ ਦਿਲਚਸਪ ਤੇ ਮਨੋਰੰਜਕ ਵਿੱਦਿਅਕ ਯਾਤਰਾ ਦਾ ਆਯੋਜਨ ਕੀਤਾ ਗਿਆ।ਇਹ ਯਾਤਰਾ ਵਿਦਿਆਰਥੀਆਂ ਲਈ ਸਿੱਖਣ ਦਾ ਅਨੁਭਵ ਤੇ ਮਜ਼ੇਦਾਰ ਅਨੁਭਵ ਦੋਵੇਂ ਸੀ। ਯਾਤਰਾ ਦੌਰਾਨ ਵਿਦਿਆਰਥੀਆਂ ਨੇ ਪਨ ਜੋਏ ਐਂਡ ਪਨ ਫਨ ਵਿਖੇ ਵੱਖ-ਵੱਖ ਗਤੀਵਿਧੀਆਂ ਦਾ ਉਤਸ਼ਾਹ ਨਾਲ ਆਨੰਦ ਮਾਣਿਆ।ਯਾਤਰਾ ਸਕੂਲ ਤੋਂ ਰਵਾਨਗੀ ਨਾਲ ਸ਼ੁਰੂ ਹੋਈ।ਪਹੁੰਚਣ 'ਤੇ ਵਿਦਿਆਰਥੀਆਂ ਨੂੰ ਬਰਗਰ/ਸੈਂਡਵਿਚ, ਫਰਾਈਜ਼ ਤੇ ਕੋਲਡ ਡਰਿੰਕਸ/ਫਰੂਟੀ ਵਰਗੇ ਸੁਆਦੀ ਰਿਫਰੈਸ਼ਮੈਂਟ ਪ੍ਰਦਾਨ ਕੀਤੇ ਗਏ।ਇਸ ਤੋਂ ਬਾਅਦ ਵਿਦਿਆਰਥੀਆਂ ਨੇ ਗੇਮਿੰਗ ਜ਼ੋਨ ਵਿੱਚ ਵੱਖ-ਵੱਖ ਇਨਡੋਰ ਖੇਡਾਂ ਤੇ ਦਿਲਚਸਪ ਗਤੀਵਿਧੀਆਂ ਦਾ ਆਨੰਦ ਮਾਣਿਆ।ਫਿਰ ਸੁਆਦੀ ਦੁਪਹਿਰ ਦੇ ਖਾਣੇ ਤੋਂ ਬਾਅਦ, ਵਿਦਿਆਰਥੀਆਂ ਨੇ ਵਾਟਰ ਪਾਰਕ ਵਿੱਚ ਵੱਖ-ਵੱਖ ਵਾਟਰ ਰਾਈਡਾਂ ਅਤੇ ਵਾਟਰ ਗਤੀਵਿਧੀਆਂ ਦਾ ਪੂਰਾ ਆਨੰਦ ਮਾਣਿਆ।ਬੱਚਿਆਂ ਦੇ ਚਿਹਰਿਆਂ 'ਤੇ ਉਤਸ਼ਾਹ ਤੇ ਖੁਸ਼ੀ ਸਾਫ਼ ਦਿਖਾਈ ਦੇ ਰਹੀ ਸੀ।ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਕਿਹਾ ਕਿ ਅਜਿਹੀਆਂ ਵਿੱਦਿਅਕ ਤੇ ਮਨੋਰੰਜਕ ਯਾਤਰਾਵਾਂ ਵਿਦਿਆਰਥੀਆਂ ਦੇ ਸਮਾਜਿਕ, ਭਾਵਨਾਤਮਕ ਤੇ ਸਰੀਰਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

## ਸਹਿਕਾਰਤਾ ਨੂੰ ਮਜ਼ਬੂਤ ਕਰਕੇ ਕਿਸਾਨੀ ਨੂੰ ਬਚਾਇਆ ਜਾ ਸਕਦਾ : ਕ੍ਰਿਸ਼ਨ ਸਿੰਘ ਸਨੌਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੇਸ਼ ਦੀ ਮਰ ਰਹੀ ਕਿਸਾਨੀ ਨੂੰ ਬਚਾਉਣ ਤੇ ਸੂਬੇ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਸਹਿਕਾਰਤਾ ਲਹਿਰ ਨੂੰ ਹੋਰ ਪ੍ਰਫੁੱਲਿਤ ਤੇ ਮਜ਼ਬੂਤ ਕਰਨ ਦੀ ਸਖ਼ਤ ਜ਼ਰੂਰਤ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ 'ਦੀ ਸਨੌਰ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮਿਟਡ ਸਨੌਰ' ਦੇ ਚੇਅਰਮੈਨ ਕ੍ਰਿਸ਼ਨ ਸਿੰਘ ਸਨੌਰ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤੇ ਸਹਿਕਾਰਤਾ ਵਿਭਾਗ ਵੱਲੋਂ ਪਰਾਲੀ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਲਈ ਸੀ.ਆਰ.ਐਮਸਕੀਮ ਅਧੀਨ ਸਭਾ ਨੂੰ ਵੱਡੀ ਸਬਸਿਡੀ ਉੱਪਰ 7 ਖੇਤੀ ਮਸ਼ੀਨਾਂ ਤੇ 1 ਟਰੈਕਟਰ ਮੁਹੱਈਆ ਕਰਾਉਣ ਬਦਲੇ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕੀਤਾ।ਉਨ੍ਹਾਂ ਆਖਿਆ ਕਿ ਦੇਸ਼ ਦੀ ਆਰਥਿਕਤਾ ਦਾ ਧੁਰਾ ਕਿਸਾਨੀ 'ਤੇ ਨਿਰਭਰ ਕਰਦਾ ਹੈ ਅਤੇ ਸੰਕਟ ਵਿੱਚ ਘਿਰੀ ਕਿਸਾਨੀ ਨੂੰ ਬਚਾਉਣਾ ਸਾਡਾ ਸਭ ਦਾ ਸਾਂਝਾ ਫ਼ਰਜ਼ ਅਤੇ ਧਰਮ ਹੈ।ਜੇਕਰ ਅੱਜ ਵੀ ਅਸੀਂ ਕਿਸਾਨੀ ਦੀ ਬਾਂਹ ਫੜਨ ਵਿੱਚ ਢਿੱਲ-ਮੱਠ ਵਰਤੀ ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।ਇਸ ਲਈ ਸਰਕਾਰ ਤੇ ਸਿਆਸੀ ਆਗੂਆਂ ਨੂੰ ਅਜਿਹੀਆਂ ਠੋਸ ਨੀਤੀਆਂ ਤੇ ਸਕੀਮਾਂ ਘੜਨੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ ਖੇਤੀ ਖੇਤਰ ਦੀ ਨਿਘਰ ਰਹੀ ਹਾਲਤ ਨੂੰ ਠੱਲ੍ਹ ਪਾਈ ਜਾ ਸਕੇ।ਕ੍ਰਿਸ਼ਨ ਸਿੰਘ ਸਨੌਰ ਨੇ ਸਹਿਕਾਰੀ ਸਭਾ ਨਾਲ ਜੁੜੇ ਸਮੂਹ ਕਿਸਾਨ ਵੀਰਾਂ ਨੂੰ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਸਰਕਾਰ ਵੱਲੋਂ ਸਬਸਿਡੀ 'ਤੇ ਮਿਲੀ ਆਧੁਨਿਕ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਅਪੀਲ ਕੀਤੀ ਤਾਂ ਜੁ ਪੰਜਾਬ ਨੂੰ ਪ੍ਰਦੂਸ਼ਣ ਮੁਕਤ ਬਣਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸ਼ੁੱਧ ਰੱਖ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣਾ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਸਭਾ ਦੀ ਸਮੁੱਚੀ ਪ੍ਰਬੰਧਕ ਕਮੇਟੀ ਕਿਸਾਨਾਂ ਦੀ ਸੇਵਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਮੇਸ਼ਾ ਇਮਾਨਦਾਰੀ ਤੇ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਂਦੀ ਰਹੇਗੀ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਬੁਢਲਾਡਾ 'ਚ ਨਵੀਆਂ ਨਿਯੁਕਤੀਆਂ



**ਬੋਹਾ (ਨਿਰੰਜਣ ਬੋਹਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਬੁਢਲਾਡਾ ਦੇ ਮੁੱਖ ਦਫ਼ਤਰ ਵਿਖੇ ਹਲਕਾ ਇੰਚਾਰਜ ਡਾਕਟਰ ਨਿਸ਼ਾਨ ਸਿੰਘ ਵੱਲੋਂ ਪਾਰਟੀ ਹਾਈਕਮਾਡ ਵੱਲੋਂ ਪ੍ਰਵਾਨਗੀ ਲੈ ਕੇ ਬਲਬੀਰ ਸਿੰਘ ਬੀਰੋਕੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਦੀ ਹਾਜ਼ਰੀ ਵਿੱਚ ਬਰੇਟਾ ਸ਼ਹਿਰੀ ਤੋਂ ਕੇਸਰ ਸਿੰਘ ਸਰਕਲ ਪ੍ਰਧਾਨ, ਦਰਸ਼ਨ ਸਿੰਘ ਤੇ ਅਜੈ ਕੁਮਾਰ ਐਸ ਸੀ ਵਿੰਗ ਬੁਢਲਾਡਾ ਸ਼ਹਿਰੀ ਦੇ ਪ੍ਰਧਾਨ, ਜਸਵੀਰ ਦਾਸ ਤੇ ਸੁਰਜੀਤ ਸਿੰਘ ਬੀ ਸੀ ਵਿੰਗ ਬੁਢਲਾਡਾ ਸ਼ਹਿਰੀ ਦੇ ਪ੍ਰਧਾਨ, ਹਰਵਿੰਦਰ ਕੌਰ ਤੇ ਬਰਿੰਦਰ ਕੌਰ ਇਸਤਰੀ ਅਕਾਲੀ ਦਲ ਸਰਕਲ ਬੁਢਲਾਡਾ ਸ਼ਹਿਰੀ ਪ੍ਰਧਾਨ, ਬਲਦੇਵ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਬੀ ਸੀ ਵਿੰਗ, ਸੁਖਪਾਲ ਕੌਰ ਤੇ ਸੁਖਦੀਪ ਕੌਰ ਸਰਕਲ ਮੈਂਬਰ ਇਸਤਰੀ ਅਕਾਲੀ ਦਲ ਨਿਯੁਕਤ ਕੀਤੇ ਗਏ।ਇਸ ਮੌਕੇ ਅਮਰਜੀਤ ਸਿੰਘ ਕੁਲਾਣਾ, ਹਰਮੇਲ ਸਿੰਘ ਕਲੀਪੁਰ ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ, ਰਾਜਿੰਦਰ ਸਿੰਘ ਝੰਡਾ ਨੂੰ ਕੌਮੀ ਜਥੇਬੰਦਕ ਸਕੱਤਰ ਬੀ ਸੀ ਵਿੰਗ ਬਣਨ ਉਪਰੰਤ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਨਵ ਨਿਯੁਕਤ ਅਹੁਦੇਦਾਰਾਂ ਨੇ ਸਮੂਹਕ ਰੂਪ ਵਿੱਚ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਦੀ ਗੱਲ ਕਹੀ।ਡਾ. ਨਿਸ਼ਾਨ ਸਿੰਘ ਨੇ ਸਾਰਿਆਂ ਨੂੰ ਮੁਬਾਰਕਬਾਦ ਦਿੰਦਿਆਂ ਪਾਰਟੀ ਦੇ ਕੰਮਾਂ ਤੇ ਆਉਂਦੀਆਂ ਚੋਣਾਂ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਤਾਰਾ ਸਿੰਘ ਵਿਰਦੀ, ਕਰਮਜੀਤ ਸਿੰਘ ਮਾਘੀ, ਸੁਖਵਿੰਦਰ ਕੌਰ ਸੁੱਖੀ, ਅਜੈਬ ਸਿੰਘ ਖੁਡਾਲ, ਬਲਦੇਵ ਸਿੰਘ ਸਿਰਸੀਵਾਲਾ, ਜਸਵੀਰ ਸਿੰਘ ਜੱਸੀ, ਛਿੰਦਰਪਾਲ ਸਿੰਘ, ਜਗਜੀਤ ਸਿੰਘ ਗੋਬਿੰਦਪੁਰਾ, ਚਰਨਜੀਤ ਸਿੰਘ ਝਲਬੂਟੀ, ਕੁਲਵੰਤ ਸਿੰਘ ਮੈਨੇਜਰ, ਵਰਿੰਦਰ ਸਿੰਘ ਹੈਰੀ ਹਾਜ਼ਰ, ਰਾਜਿੰਦਰ ਸਿੰਘ ਰਾਜਾ, ਗੁਰਚਰਨ ਸਿੰਘ ਮਠਾੜੂ, ਮੁਖਇੰਦਰ ਸਿੰਘ ਪਿੰਕਾ, ਦਵਿੰਦਰ ਸਿੰਘ, ਬਲਜਿੰਦਰ ਸਿੰਘ ਹਾਜ਼ਰ ਸਨ।

## ਵਾਤਾਵਰਣ ਦੀ ਸ਼ੁੱਧਤਾ ਤੇ ਹਰਿਆ-ਭਰਿਆ ਬਣਾਉਣ ਲਈ 50 ਪੌਦੇ ਲਾਏ



**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)**-ਵਾਤਾਵਰਣ ਦੀ ਸ਼ੁੱਧਤਾ ਤੇ ਹਰਿਆ-ਭਰਿਆ ਬਣਾਉਣ ਦੇ ਉਦੇਸ਼ ਨਾਲ ਪਿੰਡ ਹਿਸਾਨਵਾਲਾ ਦੇ ਮੋਹਤਬਾਰ ਵਿਅਕਤੀਆਂ ਵੱਲੋਂ ਸੁਤੰਤਰਤਾ ਦਿਹਾੜੇ ਦੇ ਮੌਕੇ ਪਿੰਡ ਦੀ ਫਿਰਨੀ ਵਾਲੀ ਸੜਕ ਤੇ ਸ਼ਮਸ਼ਾਨਘਾਟ ਵਿੱਚ ਫਲਦਾਰ ਅਤੇ ਛਾਂਦਾਰ 50 ਪੌਦੇ ਲਾਏ ਗਏ ਹਨ। ਇਸ ਮੌਕੇ ਡਾ. ਓਮ ਪ੍ਰਕਾਸ਼ ਹਿਸਾਨਵਾਲਾ ਸਾਬਕਾ ਵਾਇਸ ਚੇਅਰਮੈਨ ਬੁੱਧੀਜੀਵੀ ਸੈਲ ਕਾਂਗਰਸ ਪਾਰਟੀ, ਪੰਚਾਇਤ ਮੈਂਬਰ ਪਰਮਜੀਤ ਸਿੰਘ ਨਾਰੰਗ, ਵਿਕਾਸ, ਸ਼ਿੰਦਰ ਸਿੰਘ ਮੌਜੂਦ ਸਨ। ਇਸ ਬਾਰੇ ਡਾ. ਓਮ ਪ੍ਰਕਾਸ਼ ਨੇ ਦੱਸਿਆ ਕਿ ਪਿੰਡ ਹਿਸਾਨਵਾਲਾ ਵਿਖੇ ਪਿੰਡ ਦੀ ਫਿਰਨੀ ਵਾਲੀ ਸੜਕ ਤੇ ਸ਼ਮਾਸ਼ਾਨਘਾਟ ਵਿੱਚ 50 ਦੇ ਕਰੀਬ ਫ਼ਲਦਾਰ ਤੇ ਛਾਂ ਵਾਲੇ ਪੌਦੇ ਲਾ ਕੇ ਸੁਤੰਤਰਤਾ ਦਿਵਸ ਮਨਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਹਰੇਕ ਵਿਅਕਤੀ ਨੂੰ ਵੱਧ ਤੋਂ ਵੱਧ ਪੌਦੇ ਲਾਉਣੇ ਚਾਹੀਦੇ ਹਨ।

## ਆਜ਼ਾਦੀ ਦਿਵਸ 'ਤੇ ਐੱਸ ਡੀ ਐੱਮ ਨੇ ਲਹਿਰਾਇਆ ਤਿਰੰਗਾ

**ਆਦਮਪੁਰ, (ਪਰਮਜੀਤ ਸਿੰਘ)**-ਆਦਮਪੁਰ ਸਕੂਲ ਆਫ ਐਮੀਨੈਂਸ ਵਿਖੇ ਪ੍ਰਸ਼ਾਸਨ ਵੱਲੋਂ ਸਬ ਡਿਵੀਜ਼ਨ ਪੱਧਰ 'ਤੇ ਦੇਸ਼ ਦਾ 80ਵਾਂ ਸੁਤੰਤਰਤਾ ਦਿਵਸ ਮਨਾਇਆ ਗਿਆ, ਜਿਸ ਵਿਚ ਬਤੌਰ



ਮੁੱਖ ਮਹਿਮਾਨ ਐੱਸ ਡੀ ਐੱਮ ਲਾਲ ਵਿਸ਼ਵਾਸ ਬੈਂਸ ਤੇ ਵਿਸ਼ੇਸ਼ ਮਹਿਮਾਨ ਵਜੋਂ ਮੁੱਖ ਤਹਿਸੀਲਦਾਰ ਮੱਖਣ ਸਿੰਘ ਮਹੇ, ਡੀ ਐੱਸ ਪੀ ਰਾਜੀਵ ਕੁਮਾਰ, ਬੀ ਡੀ ਪੀ ਓ. ਆਦਮਪੁਰ ਗੁਰਪ੍ਰੀਤ ਸਿੰਘ, ਐਸ ਐਸ ਉ ਇੰਸਪੈਕਟਰ ਪੰਕਜ ਕੁਮਾਰ, ਡਾ.ਕੁਲਦੀਪ ਸਿੰਘ ਐੱਸ ਐੱਮ ਓ ਆਦਮਪੁਰ, ਨਾਇਬ ਤਹਿਸੀਲਦਾਰ ਆਦਮਪੁਰ ਅੰਕੁਸ਼ ਗੁਪਤਾ, ਈ ਉ ਉਬਰਾਏ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਐੱਸ ਡੀ ਐੱਮ ਲਾਲ ਵਿਸ਼ਵਾਸ ਬੈਂਸ ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਤੇ ਲਾਲ ਵਿਸ਼ਵਾਸ ਦੇ ਪਿਤਾ ਵੀ ਹਾਜ਼ਰ ਰਹੇ। ਐੱਸ ਡੀ ਐੱਮ ਲਾਲ ਵਿਸ਼ਵਾਸ ਬੈਂਸ ਨੇ ਕਿਹਾ ਕਿ ਸਾਡੇ ਸੁਤੰਤਰਤਾ ਸੰਗਰਾਮੀ ਸਾਡੇ ਦੇਸ਼ ਦਾ ਅਨਮੋਲ ਖਜ਼ਾਨਾ ਹਨ, ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਸਾਨੂੰ ਉਨ੍ਹਾਂ ਦੇ ਸਿਧਾਂਤਾਂ 'ਤੇ ਪਹਿਰਾ ਦੇ ਕੇ ਦੇਸ਼ ਲਈ ਉਨ੍ਹਾਂ ਵੱਲੋਂ ਦੇਖੇ ਸੁਪਨਿਆ ਨੂੰ ਚਾਹੀਦਾ। ਇਸ ਮੌਕੇ ਸੰਤ ਪ੍ਰਦੀਪ ਦਾਸ ਜੀ ਕਠਾਰ,,ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ,ਬਲਾਕ ਚੇਅਰਮੈਨ ਦਲਜੀਤ ਸਿੰਘ ਮਿਨਹਾਸ, ਵਾਈਸ ਚੇਅਰਮੈਨ ਕਮਲਜੀਤ ਸਿੰਘ ਸਲਾਲਾ, ਅਮਿੰਰਤ ਪਾਲ ਸਿੰਘ ਸਕੱਤਰ ਮਾਰਕੀਟ ਕਮੇਟੀ ਆਦਮਪੁਰ, ਲੱਕੀ ਖੋਜਕੀਪੁਰ,ਜਸਦਿਆਲ ਸਿੰਘ,ਸਰਬਜੀਤ ਹੈਪੀ ਪਧਿਆਣਾ,ਸਿੰਘ ਸਾਬੀ,ਸਿਖਿਆ ਕੋਆਰਡੀਨੇਟਰ ਗੁਰਚਰਨ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਪਰਮਜੀਤ ਸਿੰਘ ਰਾਜਵੰਸ਼,ਪ੍ਰਧਾਨ ਰਾਜਕੁਮਾਰ ਰਾਜਾ ਭੋਗਪੁਰ,ਗੁਰਨਾਮ ਸਿੰਘ ਉਦੇਸੀਆਂ ਦਰਬਾਰ ਤੋਂ ਰਟਾਇਰ ਈ ਉ ਰਾਮਜੀਤ ,ਤਰਸੇਮ ਸਿੰਘ ਚੁਖਿਆਰਾ, ਆਕਾਸ਼ਦੀਪ ਆਸੂ,ਬਲਜੀਤ ਸਿੰਘ ਪਧਿਆਣਾ, ਲਖਵੀਰ ਸਿੰਘ ਹਜਾਰਾ, ਕਮਲ ਕੈਂਥ ਕਢਿਆਣਾ, ਮੰਚ ਸੰਚਾਲਕ ਦੀ ਭੂਮਿਕਾ ਲੈਕਚਰਾਰ ਗੁਰਿੰਦਰ ਸਿੰਘ ਵਲੋਂ ਬਾਖੂਬੀ ਨਿਭਾਈ ਗਈ।'ਆਪ' ਪਾਰਟੀ ਅਹੁਦੇਦਾਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਸੰਸਥਾ ਦਾ ਨਾਂਅ ਕੀਤਾ ਰੋਸ਼ਨ

**ਜਲੰਧਰ (ਸ਼ੈਲੀ ਐਲਬਰਟ)**-ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼, ਲੋਹਾਰਾਂ ਦੇ ਵਿਦਿਆਰਥੀਆਂ ਨੇ ਅਪ੍ਰੈਲ 2026 ਵਿੱਚ ਕਰਵਾਈਆਂ ਗਈਆਂ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਕਾਬਲੀਅਤ ਦਾ ਪ੍ਰਮਾਣ ਦਿੱਤਾ ਹੈ। ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੇ ਉੱਚ ਐੱਸ ਜੀ ਪੀ ਏ ਸਕੋਰ ਹਾਸਲ ਕੀਤੇ, ਜੋ ਉਨ੍ਹਾਂ ਦੀ ਮਿਹਨਤ ਅਤੇ ਸੰਸਥਾ ਦੀ ਅਕਾਦਮਿਕ ਉਤਕ੍ਰਿਸ਼ਟਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਮੈਡੀਕਲ ਸਾਇੰਸਜ਼ ਵਿਭਾਗ ਵਿੱਚ ਬੀ ਐੱਸ ਸੀ ਨਿਊਟ੍ਰਿਸ਼ਨ ਐਂਡ ਡਾਇਟੈਟਿਕਸ ਵਿੱਚ ਕਸ਼ਿਸ਼ (10.00ਸੀ ਜੀ ਪੀ ਏ) ਨੇ ਪਹਿਲਾ ਅਤੇ ਕਿਰਨ (9.00) ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬੀ.ਐਸਸੀ. ਮਾਈਕ੍ਰੋਬਾਇਓਲੋਜੀ ਦੂਜੇ ਸਮੈਸਟਰ ਵਿੱਚ ਸਹਜਪ੍ਰੀਤ ਕੌਰ (9.68ਸੀ ਜੀ ਪੀ ਏ— ਨੇ ਪਹਿਲਾ, ਅਰਸ਼ਦੀਪ ਕੌਰ (8.88) ਨੇ ਦੂਜਾ ਅਤੇ ਆਸਥਾ ਲਗਵਾਲ (8.64) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ.ਐਸਸੀ. ਮੈਡੀਕਲ ਲੈਬੋਰੇਟਰੀ ਸਾਇੰਸ ਦੇ ਦੂਜੇ ਸਮੈਸਟਰ ਵਿੱਚ ਰਾਜਦੀਪ ਕੌਰ (9.43) ਨੇ ਪਹਿਲਾ, ਜਸਦੀਪ ਕੌਰ (9.33) ਨੇ ਦੂਜਾ, ਜਦਕਿ ਲਵਲੀਨ ਚੌਹਾਨ, ਕਿਰਨਦੀਪ ਕੌਰ ਅਤੇ ਹਰਦਿਲ ਸੋਖਲ (8.48) ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਆਈ.ਟੀ. ਵਿਭਾਗ ਵਿੱਚ ਮਾਸਟਰ ਆਫ਼ ਕੰਪਿਊਟਰ ਐਪਲੀਕੇਸ਼ਨਜ਼ ਦੇ ਦੂਜੇ ਸਮੈਸਟਰ ਵਿੱਚ ਜਸ਼ਨਪ੍ਰੀਤ ਕੌਰ (8.31 ਐਸ ਜੀ ਪੀ ਏ) ਨੇ ਪਹਿਲਾ, ਗੁਰਨੀਤ ਕੌਰ (8.15) ਨੇ ਦੂਜਾ, ਜਦਕਿ ਮਨੀਸ਼ਾ, ਸਿਮਰਨਜੀਤ ਅਤੇ ਸਨੇਹਾ ਜੈਨ (8.00) ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ ਵੋਕ ਦੇ ਦੂਜੇ ਸਮੈਸਟਰ ਵਿੱਚ ਲਕਸ਼ਮੀ (9.34) ਨੇ ਪਹਿਲਾ, ਮੁਸਕਾਨ ਅਤੇ ਸਨੇਹਾ (9.25) ਨੇ ਸਾਂਝੇ ਤੌਰ 'ਤੇ ਦੂਜਾ, ਜਦਕਿ ਹਰਮਨ ਸਿੰਘ ਅਤੇ ਮੰਨਤ (9.19) ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਹੋਟਲ ਮੈਨੇਜਮੈਂਟ ਵਿਭਾਗ ਵਿੱਚ ਬੈਚਲਰ ਆਫ਼ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨੋਲੋਜੀ ਦੇ ਚੌਥੇ ਸਮੈਸਟਰ ਵਿੱਚ ਪ੍ਰਿਆ (9.48) ਨੇ ਪਹਿਲਾ, ਹਰਪ੍ਰੀਤ ਸਿੰਘ (9.38) ਨੇ ਦੂਜਾ ਅਤੇ ਸੋਨੀਆ (9.14) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਕੋਰਸ ਦੇ ਛੇਵੇਂ ਸਮੈਸਟਰ ਵਿੱਚ ਨਤਾਸ਼ਾ (9.48) ਨੇ ਪਹਿਲਾ, ਦਿਆ (9.38) ਨੇ ਦੂਜਾ, ਜਦਕਿ ਉਦੈ ਧੀਰ ਅਤੇ ਲਵਜੋਤ ਸਿੰਘ (9.33) ਨੇ ਸਾਂਝੇ ਤੌਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਮੈਨੇਜਮੈਂਟ ਵਿਭਾਗ ਵਿੱਚ ਬੈਚਲਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਦੇ ਦੂਜੇ ਸਮੈਸਟਰ ਵਿੱਚ ਹਰਲੀਨ ਕੌਰ (9.13) ਨੇ ਪਹਿਲਾ, ਗੁਰਕਿਰਨਵੀਰ ਕੌਰ ਲੱਲੀ (8.96) ਨੇ ਦੂਜਾ ਅਤੇ ਜਾਨਵੀ ਸ਼ਰਮਾ (8.87) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ ਬੀ ਏ ਦੇ ਚੌਥੇ ਸਮੈਸਟਰ ਵਿੱਚ ਸਨੇਹਾ (9.19) ਨੇ ਪਹਿਲਾ, ਜਸਕੀਰਤ ਕੌਰ ਹੇਅਰ ਅਤੇ ਰਾਜਦੀਪ ਕੌਰ (8.74) ਨੇ ਸਾਂਝੇ ਤੌਰ 'ਤੇ ਦੂਜਾ, ਜਦਕਿ ਨਵਜੀਤ ਕੌਰ ਅਤੇ ਨਵਦੀਪ (8.52) ਨੇ ਸਾਂਝੇ ਤੌਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ.ਕਾਮ. (ਆਨਰਜ਼) ਦੇ ਛੇਵੇਂ ਸਮੈਸਟਰ ਵਿੱਚ ਸਿਦਕਪ੍ਰੀਤ ਕੌਰ (9.48) ਨੇ ਪਹਿਲਾ, ਏਕਤਾ, ਕਮਲਪ੍ਰੀਤ ਕੌਰ ਅਤੇ ਸਿਮਰਪ੍ਰੀਤ ਕੌਰ (9.26) ਨੇ ਸਾਂਝੇ ਤੌਰ 'ਤੇ ਦੂਜਾ, ਜਦਕਿ ਪ੍ਰਭਜੋਤ ਅਤੇ ਸਹਜਪ੍ਰੀਤ ਕੌਰ (9.04) ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਸਾਰੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦੀ ਸਮਰਪਿਤ ਸੇਵਾ ਦੀ ਪ੍ਰਸ਼ੰਸਾ ਕੀਤੀ।



## ਸੁਤੰਤਰਤਾ ਦਿਵਸ ਮਨਾਇਆ



**ਲੋਹੀਆਂ ਖਾਸ (ਯੋਗੇਸ਼ਵਰ)**-ਬੀ ਕੇ ਇੰਟਰਨੈਸ਼ਨਲ ਕਾਨਵੇਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਵਿਖੇ 80ਵਾਂ ਸਵਤੰਤਰਤਾ ਦਿਵਸ ਬਹੁਤ ਜੋਸ਼ ਅਤੇ ਜਜ਼ਬੇ ਨਾਲ ਮਨਾਇਆ ਗਿਆ। ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਭਰਪੂਰ ਵੱਖ-ਵੱਖ ਪੇਸ਼ਕਾਰੀ ਕੀਤੀ ਗਈ। ਨਨੇ ਮੁੰਨੇ ਵਿਦਿਆਰਥੀਆਂ ਨੇ ਸੁਤੰਤਰਤਾ ਸੈਨਾਨੀਆਂ ਦੀ ਵੇਸ਼ਭੂਸ਼ਾ ਵਿੱਚ ਸ਼ਰਧਾਂਜਲੀ ਦੇ ਕੇ ਸਭ ਦਾ ਮਨ ਮੋਹ ਲਿਆ। ਸੀਨੀਅਰ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਆਦਿ ਵੱਖ ਵੱਖ ਗਤੀਵਿਧੀਆਂ ਰਾਹੀਂ ਦੇਸ਼ਪ੍ਰੇਮ ਦਾ ਸੰਦੇਸ਼ ਦਿੱਤਾ ਗਿਆ। ਸੁਖਦੀਪ ਕੌਰ ਅਤੇ ਗੁਰਪ੍ਰੀਤ ਕੌਰ ਵੱਲੋਂ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਸਕੂਲ ਐੱਮ ਡੀ ਸੱਦਾਮ ਖਾਨ, ਅਮਰਜੀਤ ਕੌਰ ਅਤੇ ਪ੍ਰਿੰਸੀਪਲ ਨੀਤੀਮਾ ਪੁਰੀ ਵੱਲੋਂ ਤਿਰੰਗਾ ਲਹਿਰਾਇਆ ਗਿਆ ਤੇ ਸਭ ਨੂੰ ਬਿਨਾਂ ਕਿਸੇ ਭੇਦਭਾਵ ਦੇ ਆਪਸੀ ਭਾਈਚਾਰੇ ਨਾਲ ਦੇਸ਼ ਦੀ ਏਕਤਾ ਨੂੰ ਮਜਬੂਤ ਕਰਨ, ਮਿਲ ਕੇ ਸਮਾਜ ਵਿੱਚ ਫੈਲੀ ਕੁਰੀਤੀਆਂ ਨਾਲ ਲੜਨ ਦਾ ਸੰਦੇਸ਼ ਦਿੱਤਾ ਗਿਆ।

## ਝੁੱਗੀਆਂ 'ਚ ਚਲਾਏ ਜਾਂਦੇ ਸਕੂਲ 'ਚ ਮਨਾਇਆ ਆਜ਼ਾਦੀ ਦਿਵਸ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਇੱਥੇ ਦੇਸ਼ ਦੀ 80ਵੀਂ ਵਰ੍ਹੇਗੰਢ ਦੇ ਮੌਕੇ ਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ-119 ਵਲੋਂ ਇਕ ਸਮਾਗਮ ਸੁਖੀਆਬਾਦ ਦੇ ਭੰਗੀ ਚੋਅ ਦੀਆਂ ਝੁੱਗੀਆਂ ਵਿੱਚ ਕਾਰਮੀਲਿੱਟ ਸੋਸ਼ਲ ਸਰਵਿਸ ਵਲੋਂ ਚਲਾਏ ਜਾਂਦੇ ਸਕੂਲ ਵਿੱਚ ਕੀਤਾ ਗਿਆ। ਇਸ ਮੌਕੇ ਤੇ ਇੰਟਰਨੈਸ਼ਨਲ ਵਾਈਸ ਪ੍ਰੈਜੀਡੈਂਟ ਐਲੀ. ਅਸ਼ੋਕ ਪੁਰੀ ਬਤੌਰ ਮੁੱਖ ਮਹਿਮਾਨ ਅਤੇ ਇੰਟਰਨੈਸ਼ਨਲ ਐਡਵਾਈਜ਼ਰ ਐਲੀ ਐਡਵੋਕੇਟ ਐਸ.ਪੀ.ਰਾਣਾ, ਨਾੱਰਥ ਮਲਟੀਪਲ ਐਡਵਾਈਜ਼ਰ ਐਲੀ. ਰਮੇਸ਼ ਕੁਮਾਰ ਅਤੇ ਪਾਸਟ ਡਿਸਟ੍ਰਿਕਟ ਗਵਰਨਰ ਐਲੀ ਪੁਸ਼ਪਿੰਦਰ ਸ਼ਰਮਾ ਅਤੇ ਐਲੀ ਕਮਲ. ਕੇ. ਵਰਮਾ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਇਸ ਪ੍ਰੋਗਰਾਮ ਦੇ ਪ੍ਰੋਜੈਕਟ ਚੇਅਰਮੈਨ ਐਲੀ. ਅਜੈ ਸਹਿਦੇਵ ਅਤੇ ਸਕੂਲ ਦੀਆਂ ਅਧਿਆਪਕਾਵਾਂ ਮੋਨਿਕਾ, ਮਮਤਾ ਅਤੇ ਕੋਮਲ ਸਨ। ਆਜ਼ਾਦੀ ਦੇ ਇਸ 80ਵੇਂ ਸਮਾਗਮ ਵਿੱਚ ਸਕੂਲ ਵਲੋਂ ਮਹਿਮਾਨਾ ਨੂੰ ਜੀ ਆਇਆ ਕਹਿਣ ਉਪਰੰਤ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਗਾਏ। ਇਸ ਮੌਕੇ ਮੁੱਖ ਮਹਿਮਾਨ ਐਲੀ ਅਸ਼ੋਕ ਪੁਰੀ ਨੇ ਕਿਹਾ ਕਿ ਆਜ਼ਾਦੀ ਦੇ 80 ਸਾਲਾਂ ਬਾਅਦ ਵੀ ਜ਼ਿਲ੍ਹਾ, ਸਟੇਟ ਅਤੇ ਰਾਸ਼ਟਰੀ ਪੱਧਰ ਤੇ ਤਾਂ ਪ੍ਰੋਗਰਾਮ ਹੁੰਦੇ ਹਨ ਪਰ 80 ਪ੍ਰਤੀਸ਼ਤ ਤੋਂ ਜ਼ਿਆਦਾ ਆਬਾਦੀ ਪਿੰਡਾਂ ਅਤੇ ਝੁੱਗੀਆਂ ਵਿੱਚ ਆਜ਼ਾਦੀ ਤੋਂ ਵੀ ਸੱਖਣੀ ਹੈ ਤੇ ਆਜ਼ਾਦੀ ਸਮਾਗਮਾਂ ਤੋਂ ਵੀ ਦੂਰ ਹੈ। ਉਨ੍ਹਾਂ ਅਲਾਇੰਸ ਕਲੱਬ ਡਿਸਟ੍ਰਿਕ-119 ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਸੁਖੀਆਬਾਦ ਦੀਆਂ ਝੁੱਗੀਆਂ ਦੇ ਬੱਚਿਆਂ ਨੂੰ ਪੜ੍ਹਨ ਸਮੱਗਰੀ ਵੰਡ ਕੇ ਅਤੇ ਮਠਿਆਈਆਂ ਨਾਲ ਸਾਂਝ ਪਾ ਕੇ ਆਜ਼ਾਦੀ ਦਾ ਉਤਸਵ ਮਨਾਇਆ ਹੈ। ਇਸ ਮੌਕੇ ਤੇ ਇਸ ਸੈਂਟਰ ਨੂੰ ਚਲਾ ਰਹੀ ਸੰਸਥਾ ਅਤੇ ਟਿਊਟਰ ਮੋਨਿਕਾ, ਮਮਤਾ ਅਤੇ ਕੋਮਲ ਨੂੰ ਸਨਮਾਨਤ ਕੀਤਾ। ਇਸ ਮੌਕੇ ਤੇ ਐਲੀ ਐਡਵੋਕੇਟ ਐਸ ਪੀ ਰਾਣਾ ਨੇ ਵੀ ਕਿਹਾ ਕਿ ਡਿਸਟ੍ਰਿਕਟ-119 ਦੇ ਬਾਕੀ ਕਲੱਬਾਂ ਵਲੋਂ ਵੀ ਅਲੱਗ-ਅਲੱਗ ਥਾਵਾਂ ਤੇ ਲੋੜਵੰਦ ਲੋਕਾਂ ਦੀ ਸਹਾਇਤਾ ਅਤੇ ਰਾਸ਼ਟਰੀ ਸਮਾਗਮਾਂ ਨਾਲ ਸਾਂਝ ਕੀਤੀ ਜਾਵੇਗੀ। ਇਹ ਪ੍ਰੋਗਰਾਮ ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਦੇ ਐਲੀ ਪੁਸ਼ਪਿੰਦਰ ਸ਼ਰਮਾ, ਹੁਸ਼ਿਆਰਪੁਰ ਸਰਗਮ ਦੇ ਐਲੀ ਅਜੈ ਸਹਿਦੇਵ, ਹੁਸ਼ਿਆਰਪੁਰ ਯੂਨੀਕ ਦੇ ਮਨੀਸ਼ ਕੁਮਾਰ ਦੇ ਯਤਨਾ ਨਾਲ ਸਫਲਤਾ ਪੂਰਵਕ ਸੰਪੰਨ ਹੋਇਆ।



## 'ਖੇਡਾਂ ਵਤਨ ਪੰਜਾਬ ਦੀਆਂ 2026-27 ਸੀਜ਼ਨ-4' ਬਲਾਕ ਪੱਧਰੀ ਖੇਡਾਂ 3 ਤੋਂ ਸ਼ੁਰੂ

**ਨਵਾਂਸ਼ਹਿਰ (ਮਨੋਜ ਲਾਡੀ)**-ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ 2026-27 ਸੀਜ਼ਨ-4' ਦੇ ਐਲਾਨ ਤਹਿਤ ਜ਼ਿਲ੍ਹੇ ਵਿੱਚ ਖੇਡਾਂ ਦੇ ਆਯੋਜਨ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵੰਦਨਾ ਚੌਹਾਨ, ਜ਼ਿਲ੍ਹਾ ਖੇਡ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰਨੇ ਦੱਸਿਆ ਕਿ ਇਸ ਵਾਰ ਖੇਡਾਂ ਤਿੰਨ ਪੱਧਰਾਂ 'ਤੇ ਕਰਵਾਈਆਂ ਜਾਣਗੀਆਂ। ਖੇਡਾਂ ਦਾ ਸ਼ਡਿਊਲ: ਬਲਾਕ ਪੱਧਰੀ ਖੇਡਾਂ 3 ਸਤੰਬਰ ਤੋਂ 15 ਸਤੰਬਰ ਤੱਕ, ਜ਼ਿਲ੍ਹਾ ਪੱਧਰੀ ਖੇਡਾਂ: 20 ਸਤੰਬਰ ਤੋਂ 30 ਸਤੰਬਰ ਤੱਕ, ਰਾਜ ਪੱਧਰੀ ਖੇਡਾਂ: 10 ਨਵੰਬਰ ਤੋਂ 28 ਨਵੰਬਰ ਤੱਕ। ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਖੇਡਾਂ ਦੀ ਸ਼ੁਰੂਆਤ ਤੋਂ ਪਹਿਲਾਂ ਟਾਰਚ/ਮਸ਼ਾਲ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਮਸ਼ਾਲ 12 ਅਗਸਤ ਨੂੰ ਜ਼ਿਲ੍ਹਾ ਸੰਗਰੂਰ ਤੋਂ ਰਵਾਨਾ ਹੋਈ ਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਹੁੰਦੀ ਹੋਈ 20 ਅਗਸਤ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਪਹੁੰਚੇਗੀ। ਮਸ਼ਾਲ ਦਾ ਰਾਤ ਦਾ ਠਹਿਰਾਓ ਵੀ ਐੱਸ ਬੀ ਐੱਸ ਨਗਰ ਵਿਖੇ ਹੀ ਕੀਤਾ ਜਾਵੇਗਾ।ਇਸ ਤੋਂ ਬਾਅਦ ਇਹ ਮਸ਼ਾਲ 21 ਅਗਸਤ ਨੂੰ ਜ਼ਿਲ੍ਹਾ ਜਲੰਧਰ/ਕਪੂਰਥਲਾ ਲਈ ਰਵਾਨਾ ਹੋਵੇਗੀ।ਉਨ੍ਹਾਂ ਅੱਗੇ ਦੱਸਿਆ ਕਿ ਮਸ਼ਾਲ ਨੂੰ ਪ੍ਰਾਪਤ ਕਰਨ ਅਤੇ ਰਵਾਨਾ ਕਰਨ ਸਬੰਧੀ ਵੱਖ-ਵੱਖ ਕੋਚਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

## ਕਾਂਗਰਸ ਦੇ ਸੀਨੀਅਰ ਆਗੂ ਤੇ ਵਰਕਰ 'ਆਪ' 'ਚ ਸ਼ਾਮਲ

**ਚੰਡੀਗੜ੍ਹ (ਨ ਜ਼ ਸ)**-ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਕਾਂਗਰਸ ਦੇ ਕਈ ਪ੍ਰਮੁੱਖ ਆਗੂ, ਸਾਬਕਾ ਅਹੁਦੇਦਾਰ, ਚੁਣੇ ਹੋਏ ਨੁਮਾਇੰਦੇ ਅਤੇ ਸਮਾਜਿਕ ਸ਼ਖਸੀਅਤਾਂ 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਪ੍ਰਭਾਰੀ ਮਨੀਸ਼



ਸਿਸੋਦੀਆ, ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਤੇ ਪੰਜਾਬ 'ਆਪ' ਮੀਡੀਆ ਇੰਚਾਰਜ ਬਲਤੇਜ ਪੰਨੂ ਦੀ ਹਾਜ਼ਰੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਗਏ। 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸਨਮੀਕ ਸਿੰਘ ਹੈਨਰੀ (ਮੈਂਬਰ, ਪੀ ਪੀ ਸੀ ਸੀ ਅਤੇ ਕੋਆਰਡੀਨੇਟਰ, ਹਲਕਾ ਦਿੜ੍ਹਬਾ), ਪ੍ਰਭ ਨੂਰ ਸਿੱਧੂ (ਸੂਬਾ ਸਕੱਤਰ, ਯੂਥ ਕਾਂਗਰਸ ਅਤੇ ਸਾਬਕਾ ਮੀਤ ਪ੍ਰਧਾਨ, ਜ਼ਿਲ੍ਹਾ ਸੰਗਰੂਰ), ਐਡਵੋਕੇਟ ਰਜਨੀਸ਼ ਗੁਪਤਾ (ਮੈਂਬਰ, ਪੰਜਾਬ ਰਾਜ ਸ਼ਿਕਾਇਤ ਨਿਵਾਰਨ ਕਮੇਟੀ ਅਤੇ ਮਿਉਂਸਪਲ ਕੌਂਸਲਰ, ਵਾਰਡ ਨੰ. 6, ਲਹਿਰਾਗਾਗਾ), ਗੁਰਸੇਵਕ ਸਿੰਘ (ਸਾਬਕਾ ਸਰਪੰਚ, ਰੋੜੇਵਾਲਾ ਅਤੇ ਮੀਤ ਪ੍ਰਧਾਨ, ਜ਼ਿਲ੍ਹਾ ਕਾਂਗਰਸ ਕਮੇਟੀ), ਲਖਵਿੰਦਰ ਸਿੰਘ (ਜਨਰਲ ਸਕੱਤਰ, ਜ਼ਿਲ੍ਹਾ ਕਾਂਗਰਸ ਕਮੇਟੀ), ਮੰਦੀਪ ਸਿੰਘ (ਜਨਰਲ ਸਕੱਤਰ, ਜ਼ਿਲ੍ਹਾ ਕਾਂਗਰਸ ਕਮੇਟੀ ਅਤੇ ਪ੍ਰਧਾਨ, ਐੱਸ ਏ ਪੀ ਸਟੂਡੈਂਟ ਯੂਨੀਅਨ, ਪਟਿਆਲਾ), ਵੀਰ ਸਿੰਘ (ਸਾਬਕਾ ਸਰਪੰਚ, ਸਲੇਮਗੜ੍ਹ), ਸੁਖਵਿੰਦਰ ਸਿੰਘ (ਡੀਪੀ ਮਾਸਟਰ), ਰੋਹਿਤ ਕੁਮਾਰ ਸਿੰਗਲਾ (ਪ੍ਰੋਪਰਟੀ ਐਡਵਾਈਜ਼ਰ), ਰੌਕੀ ਗਰਗ (ਕਾਰੋਬਾਰੀ), ਡਾ. ਬਲਜੀਤ ਸਿੰਘ (ਸਾਬਕਾ ਸਰਪੰਚ ਅਤੇ ਸਾਬਕਾ ਚੇਅਰਮੈਨ, ਐਸਸੀ ਵਿੰਗ), ਗੁਰਪ੍ਰੀਤ ਸਿੰਘ (ਸਾਬਕਾ ਸੀਮਾ ਸੁਰੱਖਿਆ ਬਲ ਜਵਾਨ) ਅਤੇ ਸੁਖਪਾਲ ਸ਼ਰਮਾ (ਕਾਰੋਬਾਰੀ) ਸ਼ਾਮਲ ਹਨ।ਨਵੇਂ ਮੈਂਬਰਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਕਿਹਾ, 'ਦੂਜੀਆਂ ਸਿਆਸੀ ਪਾਰਟੀਆਂ ਵਿੱਚ ਬੈਠੇ ਆਗੂ ਜੋ ਪੰਜਾਬ ਨਾਲ ਸੱਚਾ ਪਿਆਰ ਕਰਦੇ ਹਨ, ਉਹ ਹੁਣ ਆਮ ਆਦਮੀ ਪਾਰਟੀ ਵੱਲ ਇੱਕ ਉਮੀਦ ਦੀ ਕਿਰਨ ਵਜੋਂ ਦੇਖ ਰਹੇ ਹਨ।'

## ਵਿਦਿਆਰਥੀ ਸੁਖਮਨ ਸਿੰਘ ਸਨਮਾਨਤ



**ਫਿਲੌਰ (ਹਰਜਿੰਦਰ ਕੌਰ ਚਾਹਲ)**-80ਵੇਂ ਆਜ਼ਾਦੀ ਸਮਾਰੋਹ ਦੇ ਤਹਿਸੀਲ ਪੱਧਰ ਸਮਾਗਮ ਦੌਰਾਨ ਪੰਜਾਬ ਸਰਕਾਰ ਵੱਲੋਂ ਮੈਰਿਟਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਦੌਰਾਨ ਸਮਾਗਮ ਦੇ ਮੁੱਖ ਮਹਿਮਾਨ ਐਸਡੀਐਮ ਫਿਲੌਰ ਸ੍ਰੀ ਦੀਪਕ ਭਾਟੀਆ ਨੇ ਸ੍ਰੀ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਦੇ ਵਿਦਿਆਰਥੀ ਸੁਖਮਨ ਸਿੰਘ ਨੂੰ ਉਚੇਚੇ ਤੌਰ ਤੇ ਸਨਮਾਨਤ ਕੀਤਾ। ਸਨਮਾਨ ਕਰਦੇ ਹੋਏ ਉਹਨਾਂ ਕਿਹਾ ਕਿ ਸੁਖਮਨ ਨੇ ਤਹਿਸੀਲ ਫਲੌਰ ਦਾ ਹੀ ਨਹੀਂ ਬਲਕਿ ਜ਼ਿਲ੍ਹਾ ਜਲੰਧਰ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਮੌਕੇ ਸਕੂਲ ਐੱਮ ਡੀ ਸੁਖਦੀਪ ਸਿੰਘ, ਪ੍ਰਿੰਸੀਪਲ ਅਵਤਾਰ ਲਾਲ, ਜ਼ਿਲ੍ਹਾ ਸਾਇੰਸ ਕੁਆਰਡੀਨੇਟਰ ਹਰਜੀਤ ਬਾਵਾ ਉਚੇਚੇ ਤੌਰ 'ਤੇ ਹਾਜ਼ਰ ਸਨ। ਉਪਰੰਤ ਸਕੂਲ ਐਮਡੀ ਸੁਖਦੀਪ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਸਿੱਖਿਆ ਦੇ ਨਾਲ ਨਾਲ ਖੇਡਾਂ 'ਚ ਵੀ ਵਿਦਿਆਰਥੀਆਂ ਨੂੰ ਅੱਗੇ ਲਿਆ ਰਿਹਾ ਹੈ।

## ਆਜ਼ਾਦੀ ਦਿਵਸ 'ਤੇ ਡਾ.ਕਰਨਜੀਤ ਸਿੰਘ ਸਨਮਾਨਤ



**ਦਸੂਹਾ (ਕਰਨੈਲ ਮਾਂਗਟ)**-ਆਜ਼ਾਦੀ ਦਿਵਸ ਦੇ ਪਾਵਨ ਮੌਕੇ 'ਤੇ ਪੰਚਾਇਤ ਸੰਮਤੀ ਸਟੇਡੀਆਮ ਦਸੂਹਾ ਵਿਖੇ ਡਾ. ਕਰਨਜੀਤ ਸਿੰਘ, ਆਈ ਸਪੈਸ਼ਲਿਸਟ, ਸਿਵਲ ਹਸਪਤਾਲ ਦਸੂਹਾ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਲਈ ਐਸ.ਡੀ.ਐਮ.ਦਸੂਹਾ ਕੰਵਲਜੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ। ਡਾ. ਕਰਨਜੀਤ ਸਿੰਘ ਵੱਲੋਂ ਮਰੀਜ਼ਾਂ ਨੂੰ ਸਮਰਪਿਤ ਤੇ ਉੱਤਮ ਅੱਖਾਂ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਜ਼ਿਲ੍ਹੇ ਵਿੱਚ ਸਭ ਤੋਂ ਵੱਧ ਮੋਤੀਆਬਿੰਦ ਦੇ ਆਪਰੇਸ਼ਨ ਕਰਨ ਅਤੇ ਲੋੜਵੰਦ ਮਰੀਜ਼ਾਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਉਣ ਲਈ ਉਨ੍ਹਾਂ ਦੀਆਂ ਸੇਵਾਵਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ। ਉਨ੍ਹਾਂ ਦੀ ਮਿਹਨਤ, ਲਗਨ ਅਤੇ ਮਰੀਜ਼ਾਂ ਪ੍ਰਤੀ ਸਮਰਪਣ ਸਿਹਤ ਵਿਭਾਗ ਦੇ ਹੋਰ ਕਰਮਚਾਰੀਆਂ ਲਈ ਵੀ ਪ੍ਰੇਰਣਾਦਾਇਕ ਹੈ। ਇਸ ਮੌਕੇ ਉਨ੍ਹਾਂ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਦੇ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਡਾ. ਕਰਨਜੀਤ ਸਿੰਘ ਨੇ ਆਪਣੇ ਸੀਨੀਅਰ ਮੈਡੀਕਲ ਅਫ਼ਸਰਡਾ.ਮਨਮੋਹਨ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਅਤੇ ਹੌਸਲਾ-ਅਫ਼ਜ਼ਾਈ ਸਦਕਾ ਉਹ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਨਿਰੰਤਰ ਯਤਨ ਕਰ ਰਹੇ ਹਨ।

## ਬਾਬਾ ਅਮੀ ਚੰਦ ਦੀ ਬਰਸੀ ਮਨਾਈ

**ਗੁਰਾਇਆ (ਬਿੰਦਰ ਸੁੰਮਨ)**-ਧੰਨ ਧੰਨ ਮਸਤ ਬਾਬਾ ਚਿੰਤਾ ਭਗਤ ਜੀ ਧੰਨ ਧੰਨ ਬਾਬਾ ਅੰਮੀ ਚੰਦ ਜੀ ਦੇ ਅਸਥਾਨ ਪਿੰਡ ਰੁੜਕਾ ਕਲਾਂ ਵਿਖੇ ਧੰਨ ਧੰਨ ਮਸਤ ਬਾਬਾ ਚਿੰਤਾ ਭਗਤ ਜੀ ਧੰਨ ਧੰਨ ਬਾਬਾ ਅੰਮੀ ਚੰਦ ਜੀ ਟਰੱਸਟ ਪੱਤੀ ਗਊ ਕੀ ਰੁੜਕਾ ਕਲਾਂ ਵਲੋਂ ਗ੍ਰਾਮ



ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਸਤ ਬਾਬਾ ਅਮੀ ਚੰਦ ਦੀ ਸਲਾਨਾ ਬਰਸੀ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਈ ਗਈ। 14 ਅਗਸਤ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਸ਼ਾਮ ਚਾਰ ਵਜੇ ਝੰਡੇ ਅਤੇ ਚਾਦਰ ਚੜਾਉਣ ਦੀ ਰਸਮ ਅਦਾ ਕੀਤੀ ਗਈ। ਰਾਤ ਵੇਲੇ ਪੰਜਾਬ ਪ੍ਰਸਿੱਧ ਕਵਾਲ ਪਾਰਟੀ ਕਰਾਮਤ ਅਲੀ, ਸਰਦਾਰ ਅਲੀ, ਸਲਾਮਤ ਅਲੀ, ਇਸ਼ਰਤ ਅਲੀ ਅਤੇ ਵਿਜੇ ਮਾਨ ਵਲੋਂ ਕਵਾਲੀਆਂ ਪੇਸ਼ ਕੀਤੀਆਂ 15 ਅਗਸਤ ਨੂੰ ਖੁੱਲੇ ਪੰਡਾਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਗਾਇਕ ਗੁਰਮਨ ਮਾਨ, ਕਨਵਰ ਗਰੇਵਾਲ ਆਪਣੇ ਗੀਤਾਂ ਨਾਲ ਦਰਬਾਰ ਤੇ ਹਾਜ਼ਰੀ ਭਰੀ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਭੀਮਾ, ਕਸ਼ਮੀਰ ਸਿੰਘ ਰਾਣਾ, ਬਲਵੀਰ ਸਿੰਘ, ਸੁਖਦੇਵ ਸਿੰਘ, ਗੁਰਨੇਕ ਸਿੰਘ, ਗੁਰਨਿੰਦਰਪ੍ਰੀਤ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਐੱਚ ਐੱਮ ਵੀ ਵਿਖੇ ਆਜ਼ਾਦੀ ਦਿਹਾੜਾ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)**-ਹੰਸਰਾਜ ਮਹਿਲਾ ਮਹਾਵਿਦਿਆਲਾ ਜਲੰਧਰ ਵਿਖੇ ਪ੍ਰਿੰਸੀਪਲ ਡਾ. ਏਕਤਾ ਖੋਸਲਾ ਦੀ ਯੋਗ ਅਗਵਾਈ ਹੇਠ 'ਵਿਕਸਿਤ ਭਾਰਤ 2047' ਦੀ ਭਾਵਨਾ ਨੂੰ ਦਰਸਾਉਂਦੇ ਹੋਏ ਦੇਸ਼ ਭਗਤੀ ਦੇ ਉਤਸ਼ਾਹ ਅਤੇ ਜੋਸ਼ ਨਾਲ ਆਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਸਮਾਗਮ ਦਾ ਆਯੋਜਨ ਰਾਜਨੀਤੀ ਵਿਗਿਆਨ ਦੇ ਪੋਸਟ ਗ੍ਰੈਜੂਏਟ ਵਿਭਾਗ, ਐਨ.ਸੀ.ਸੀ. ਅਤੇ ਇਤਿਹਾਸ ਵਿਭਾਗ ਦੁਆਰਾ ਕੀਤਾ ਗਿਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਐੱਨ ਸੀ ਸੀ ਕੈਡੇਟਾਂ ਦੁਆਰਾ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਲਈ ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੂੰ ਲੈ ਕੇ ਜਾਣ ਨਾਲ ਹੋਈ। ਡਾ. ਏਕਤਾ ਨੇ ਪ੍ਰਧਾਨ ਮੰਤਰੀ ਦੇ ਆਜ਼ਾਦੀ ਦਿਹਾੜੇ ਦੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ, ਜਿਸ ਵਿੱਚ ਰਾਸ਼ਟਰ ਨਿਰਮਾਣ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ 'ਤੇ ਚਾਨਣਾ ਪਾਇਆ ਗਿਆ ਅਤੇ ਉਨ੍ਹਾਂ ਨੂੰ ਉੱਦਮਤਾ, ਨਵੀਨਤਾ (ਇਨੋਵੇਸ਼ਨ) ਅਤੇ ਸਵੈ-ਰੋਜ਼ਗਾਰ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਐਚ.ਐਮ.ਵੀ. ਕਾਲਜੀਏਟ ਸਕੂਲ ਦੀਆਂ ਵਿਦਿਆਰਥਣਾਂ ਜੀਆ, ਉਮਾ ਅਰੋੜਾ, ਮਾਨਸੀ, ਰਿਦਮ ਕੌਰ ਅਤੇ ਹਰਸ਼ਿਤਾ ਨੇ ਇੱਕ ਕਵਿਤਾ ਦਾ ਉਚਾਰਨ ਕੀਤਾ ਅਤੇ 1857 ਦੇ ਵਿਦਰੋਹ ਤੋਂ ਲੈ ਕੇ 2047 ਦੇ ਵਿਕਸਿਤ ਭਾਰਤ ਤੱਕ ਦੇ ਭਾਰਤ ਦੇ ਸ਼ਾਨਦਾਰ ਸਫ਼ਰ ਨੂੰ ਪੇਸ਼ ਕੀਤਾ। ਡਾ. ਗੁੰਜਨ ਅਤੇ ਸੰਗੀਤ ਗਾਇਨ ਵਿਭਾਗ ਦੇ ਵਿਦਿਆਰਥੀਆਂ ਨੇ ਤਿਰੰਗੇ ਨੂੰ ਸਮਰਪਿਤ ਇੱਕ ਗੀਤ 'ਵਿਜੇ ਵਿਸ਼ਵ ਤਿਰੰਗਾ ਪਿਆਰਾ ਝੰਡਾ ਉੱਚਾ ਰਹੇ ਹਮਾਰਾ' ਪੇਸ਼ ਕੀਤਾ। ਸਟੂਡੈਂਟ ਕੌਂਸਲ ਨੇ ਮਹਾਨ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦੇ ਸਾਹਸ ਅਤੇ ਕੁਰਬਾਨੀਆਂ ਨੇ ਸਾਡੇ ਰਾਸ਼ਟਰ ਨੂੰ ਇੱਕ ਰੂਪ ਦਿੱਤਾ।

## ਵੋਟਿੰਗ ਮਸ਼ੀਨਾਂ ਦੇ ਵੇਅਰ ਹਾਊਸ ਦੀ ਮਹੀਨਾਵਾਰ ਚੈਕਿੰਗ

**ਨਵਾਂਸ਼ਹਿਰ (ਮਨੋਜ ਲਾਡੀ)**-ਭਾਰਤ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲ੍ਹਾ ਪੱਧਰ ਤੇ ਬਣਾਏ ਗਏ ਈ.ਵੀ.ਐਮ. ਵੇਅਰਹਾਊਸ ਦੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨ ਗੁਲਪ੍ਰੀਤ ਸਿੰਘ ਔਲਖ ਵੱਲੋਂ ਮਹੀਨਾਵਾਰ ਚੈਕਿੰਗ ਕੀਤੀ ਗਈ।ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਆਦੇਸ਼ਾ ਅਨੁਸਾਰ ਜਿਲ੍ਹਾ ਪੱਧਰ ਤੇ ਬਣਾਏ ਗਏ ਈ.ਵੀ.ਐਮ. ਵੇਅਰਹਾਊਸ ਦੀ ਚੈਕਿੰਗ ਹਰ ਮਹੀਨੇ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਂਦੀ ਹੈ, ਮਹੀਨਾਵਾਰ



ਚੈਕਿੰਗ ਈ.ਵੀ.ਐਮ. ਵੇਅਰਹਾਉਸ ਦੇ ਬਾਹਰੋ-ਬਾਹਰੋ ਕੀਤੀ ਜਾਂਦੀ ਹੈ ਅਤੇ ਕੁਆਟਰਲੀ ਇੰਸਪੈਕਸ਼ਨ/ਚੈਕਿੰਗ ਈ ਵੀ ਐੱਮ ਵੇਅਰਹਾਉਸ ਖੋਲ੍ਹਕੇ ਜਿਲ੍ਹੇ ਦੀਆਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੀ ਹਾਜਰੀ ਵਿੱਚ ਕੀਤੀ ਜਾਂਦੀ ਹੈ। ਮਹੀਨਾ ਸੰਤਬਰ, 2026 ਨੂੰ ਈ.ਵੀ.ਐਮ. ਵੇਅਰਹਾਉਸ ਦੀ ਕੁਆਟਰਲੀ ਇਸਪੈਕਸ਼ਨ ਈ ਵੀ ਐੱਮ ਵੇਅਰਹਾਉਸ ਖੋਲ ਕੇ ਕੀਤੀ ਜਾਣੀ ਹੈ। ਅਗਸਤ ਮਹੀਨੇ ਦੀ ਚੈਕਿੰਗ ਦੌਰਾਨ ਈ ਵੀ ਐੱਮ. ਨੋਡਲ ਅਫ਼ਸਰ ਰਮਨਜੀਤ, ਸਹਾਇਕ ਕਮਿਸ਼ਨਰ (ਜ), ਸ਼ ਭ ਸ ਨਗਰ ਅਤੇ ਚੋਣ ਤਹਿਸੀਲਦਾਰ ਅਮਨਦੀਪ ਸਿੰਘ ਹਾਜ਼ਰ ਸਨ।

## ਸੰਘਵਾਲ ਵਿਖੇ 80ਵਾਂ ਆਜ਼ਾਦੀ ਦਾ ਦਿਹਾੜਾ ਮਨਾਇਆ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਸਰਕਾਰੀ ਪ੍ਰਾਇਮਰੀ ਅਤੇ ਸ਼ਹੀਦ ਬੰਤਾ ਸਿੰਘ ਮਿਡਲ ਸਕੂਲ ਸੰਘਵਾਲ ਵਿਖੇ 80ਵਾਂ ਆਜ਼ਾਦੀ ਦਾ ਦਿਹਾੜਾ ਦੋਨੋਂ ਸਕੂਲਾਂ ਦੇ ਸਟਾਫ ਅਤੇ ਪਿੰਡ ਦੇ ਪਤਵੰਤਿਆਂ ਵੱਲੋਂ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਦੇਸ਼ ਭਗਤੀ ਦੇ ਗੀਤ ਗਏ। ਇਸ ਮੌਕੇ ਪਿੰਡ ਦੀ ਸਰਪੰਚ ਪ੍ਰਵੀਨ ਕੁਮਾਰੀ, ਆਪ ਆਗੂ ਜਸਪ੍ਰੀਤ ਸਿੰਘ ਚਾਹਲ ਅਤੇ ਸਾਬਕਾ ਸਰਪੰਚ ਭਾਗ ਰਾਮ ਵਲੋਂ ਸਕੂਲੀ ਬੱਚਿਆਂ ਨੂੰ ਦੇਸ਼ ਦੀ ਆਜ਼ਾਦੀ ਦੇ ਦਿਹਾੜੇ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਬੱਚਿਆਂ ਅਤੇ ਸਮੂਹ ਸਟਾਫ ਨੂੰ ਦੇਸ਼ ਦੀ ਆਜ਼ਾਦੀ ਦੀ 80 ਵੀਂ ਵਰ੍ਹੇਗੰਢ ਤੇ ਵਧਾਈ ਦਿੱਤੀਆਂ ਅਤੇ ਮਠਿਆਈ ਵੰਡੀ ਗਈ। ਇਸ ਮੌਕੇ ਪੰਚ ਹਰਜਿੰਦਰ ਸਿੰਘ, ਸੁਖਜਿੰਦਰ ਸਿੰਘ ਖਾਲਸਾ, ਉੱਤਮ ਸਿੰਘ, ਲਖਵਿੰਦਰ ਸਿੰਘ ਲੱਕੀ, ਗੁਰਮੀਤ ਰਾਮ ਫੌਜੀ, ਅਮਨ ਚੌਹਾਨ, ਕਸ਼ਮੀਰ ਸਿੰਘ ਹੀਰਾ ਅਤੇ ਸਕੂਲ ਪ੍ਰਬੰਧਕ ਮਾਸਟਰ ਸੰਜੀਵ ਸ਼ਰਮਾ, ਮਿਡਲ ਸਕੂਲ ਦੀ ਪ੍ਰਿੰਸੀਪਲ ਨੀਲਮ ਕੁਮਾਰੀ, ਮਨਦੀਪ ਕੁਮਾਰ, ਸੁਨੀਤਾ ਕੁਮਾਰੀ, ਕਰਮਜੀਤ ਸਿੰਘ, ਕਰਨ ਕੁਮਾਰ, ਮੈਮੀ ਅਤੇ ਸੋਨੀਆ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਪਤਵੰਤੇ ਸੱਜਣਾਂ ਵੱਲੋਂ ਸਕੂਲ ਦੀ ਬੇਹਤਰੀ ਲਈ ਨਗਦ ਰਾਸ਼ੀ ਭੇਟ ਦਿੱਤੀ ਗਈ।

## ਐੱਨ ਐੱਚ ਐੱਮ ਕਾਮਿਆਂ ਵੱਲੋਂ ਹੜਤਾਲ ਜਾਰੀ



**ਫਗਵਾੜਾ (ਡਾ. ਰਮਨ)**-ਸਿਹਤ ਵਿਭਾਗ ਵਿਚ ਤੈਨਾਤ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੜਤਾਲ ਜਾਰੀ ਰੱਖੀ ਗਈ।ਯੂਨੀਅਨ ਵੱਲੋਂ 24 ਅਗਸਤ ਤਕ ਕਲਮ ਛੋੜ ਹੜਤਾਲ ਸੰਬਧੀ ਇਕ ਮੰਗ ਪਤਰ ਵੀ ਸਿਵਲ ਸਰਜਨ ਕਪੂਰਥਲਾ ਡਾਕਟਰ ਰਾਜੀਵ ਪਰਾਸ਼ਰ ਨੂੰ ਸੌਂਪਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਜਨਰਲ ਸਕੱਤਰ ਰਾਮ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਯੂਨੀਅਨ ਨੂੰ 16 ਅਗਸਤ ਨੂੰ ਦਿੱਤੀ ਗਈ ਮੀਟਿੰਗ ਪਹਿਲਾਂ ਦੀ ਮੀਟਿੰਗਾਂ ਵਾਂਗ ਬੇਨਤੀਜਾ ਰਹੀ ਹੈ।ਰਾਮ ਸਿੰਘ ਨੇ ਇਹ ਵੀ ਕਿਹਾ ਕਿ ਇਕ ਪਾਸੇ ਜਿੱਥੇ ਮਹਿੰਗਾਈ ਨੇ ਬੁਰਾ ਹਾਲ ਕਰ ਕੇ ਰੱਖ ਦਿੱਤਾ ਹੈ ਓਥੇ ਦੂਸਰੇ ਪਾਸੇ ਇਸ ਸਰਕਾਰ ਕੋਲ ਐਨ ਐੱਚ ਐਮ ਕਰਮਚਾਰੀਆਂ ਲਈ ਕੁਝ ਵੀ ਨਹੀਂ ਹੈ।ਯੂਨੀਅਨ ਦੇ ਹੋਰ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਹਨਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਅਨਮਿੱਥੇ ਸਮੇਂ ਲਈ ਹੜਤਾਲ ਕਰ ਦਿੱਤੀ ਜਾਏਗੀ।ਇਸ ਮੌਕੇ ਤੇ ਜਿਲਾ ਪ੍ਰੋਗਰਾਮ ਮੈਨੇਜਰ ਵਿਨੈ ਮਲਣ, ਡਾਕਟਰ ਯੋਗੇਸ਼ ਸਹਿਗਲ, ਮਨੀਸ਼ ਕੁਮਾਰ, ਅੰਜਨਾ,ਪੰਕਜ ਵਾਲੀਆ, ਪ੍ਰਿਯੰਕਾ, ਰਣਜੀਤ ਕੌਰ ਤੇ ਹੋਰ ਹਾਜ਼ਰ ਸਨ।

## ਡੇਲੀਵੇਜ਼ ਕਰਮਚਾਰੀ ਯੂਨੀਅਨ ਵੱਲੋਂ ਰੋਸ ਰੈਲੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡੇਲੀਵੇਜ਼ ਕਰਮਚਾਰੀ ਯੂਨੀਅਨ ਵੱਲੋਂ ਆਪਣੀਆਂ ਸੇਵਾਵਾਂ ਰੈਗੂਲਰ ਕਰਵਾਉਣ ਲਈ ਦੁਪਹਿਰ ਵੇਲੇ ਸਿੱਖਿਆ ਬੋਰਡ ਦਫਤਰ ਦੇ ਗੇਟ ਅੱਗੇ ਇੱਕ ਰੋਸ ਰੈਲੀ ਕੀਤੀ ਗਈ ਤੇ ਸਰਕਾਰ ਤੇ ਵਾਅਦਾ ਖਿਲਾਫੀ ਦਾ ਦੋਸ਼ ਲਗਾਇਆ ਗਿਆ। ਰੋਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਯੂਨੀਅਨ ਦੇ ਪ੍ਰਧਾਨ ਰਾਜ



ਕੁਮਾਰ ਨੇ ਦੱਸਿਆ ਹੈ ਕਿ 7 ਅਕਤੂਬਰ 2022 ਨੂੰ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਵਿੱਚ 8736 ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਲਗਭਗ 525 ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਸੀ। ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨੋਟੀਫਿਕੇਸ਼ਨ ਨੂੰ ਅਡਾਪਟ ਕਰਦੇ ਹੋਏ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਲਗਭਗ 525 ਕੱਚੇ ਮੁਲਾਜ਼ਮਾਂ ਦੇ ਰੈਗੂਲਰ ਕਰਨ ਸੰਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਪ੍ਰੋਫਾਰਮੇ ਵੀ ਭਰਵਾਏ ਗਏ ਸੀ। ਕਰਮਚਾਰੀਆਂ ਨੂੰ ਰੈਗੂਲਰ ਕਰਨ ਸੰਬੰਧੀ ਬੋਰਡ ਦੇ ਵੱਲੋਂ ਇੱਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ।ਇਸ ਕਮੇਟੀ ਨੂੰ ਚਾਰ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕਮੇਟੀ ਅਜੇ ਤੱਕ ਕਿਸੇ ਨਤੀਜੇ ਤੇ ਨਹੀਂ ਪਹੁੰਚੀ। ਕਮੇਟੀ ਵਾਰ-ਵਾਰ ਮੀਟਿੰਗ ਰੱਖਕੇ ਮੁਲਤਵੀ ਕਰ ਦਿੰਦੀ ਹੈ। ਬੋਰਡ ਦੇ ਕੱਚੇ ਲਗਭਗ 525 ਮੁਲਾਜ਼ਮਾਂ ਵਿੱਚੋਂ ਬਹੁਤ ਸਾਰੇ ਮੁਲਾਜ਼ਮ ਓਵਰਏਜ ਹੁੰਦੇ ਜਾ ਰਹੇ ਹਨ। ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਦੱਸਿਆ ਹੈ ਕਿ ਜੱਥੇਬੰਦੀ ਵੱਲੋਂ ਇਸ ਸਬੰਧੀ ਕਈ ਵਾਰ ਸਿੱਖਿਆ ਮੰਤਰੀ, ਸਿੱਖਿਆ ਸਕੱਤਰ ਅਤੇ ਬੋਰਡ ਮੈਨੇਜਮੈਂਟ ਨਾਲ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਕੱਚੇ ਮੁਲਾਜ਼ਮਾਂ ਦੀ ਕਿਸੇ ਨੇ ਇੱਕ ਨਾ ਸੁਣੀ। ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਬੋਰਡ ਦੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਤਾਂ ਆਉਂਦੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਤੇ ਮੌਜੂਦਾ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ, ਬੋਰਡ ਕਾਰਪੋਰੇਸ਼ਨ ਦੇ ਸੂਬਾ ਪ੍ਰਧਾਨ ਤਾਰਾ ਸਿੰਘ , ਰਾਕੇਸ਼ ਰਾਣਾ ਸ਼ੀਟੂ ਜਿਲਾ ਜਨਰਲ ਸਕੱਤਰ, ਬਲਵੰਤ ਸਿੰਘ ਮੀਤ ਪ੍ਰਧਾਨ ਪੀ ਆਈ ਸੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਸਿੰਘ, ਤੇਜਿੰਦਰ ਸਿੰਘ, ਕਰਨ ਸਿੰਘ, ਭਗਵੰਤ ਸਿੰਘ, ਨਵਪ੍ਰੀਤ ਸਿੰਘ, ਨਿਰਮਲ ਸਿੰਘ, ਵਿਸ਼ਵਪ੍ਰੀਤ ਸਿੰਘ, ਹਰਵਿੰਦਰ ਸਿੰਘ, ਵਿਨੋਦ ਕੁਮਾਰ, ਗੁਰਵਿੰਦਰ ਸਿੰਘ ਸੁਸ਼ਮਾ ਕੁਮਾਰੀ, ਸੁਖਵਿੰਦਰ ਕੌਰ, ਨਰਿੰਦਰ ਕੌਰ, ਰਾਜਪਾਲ ਕੌਰ, ਪ੍ਰੀਤੀ ਸ਼ਰਮਾ, ਗੁਰਜੀਤ ਕੌਰ, ਹਰਮੇਸ਼ ਕੌਰ,ਰਵਨੀਤ ਕੌਰ, ਸਮਿਕਸ਼ਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਿਲਾਂ ਕਰਮਚਾਰੀ ਵੀ ਹਾਜ਼ਰ ਸਨ।

## ਭਾਜਪਾ ਆਗੂਆ ਖਿਲਾਫ ਹੋਵੇ ਐੱਸ ਸੀ, ਐਸ ਟੀ ਦਾ ਪਰਚਾ ਦਰਜ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਉਤਰਾਖੰਡ ਦੇ ਹਲਦਵਾਨੀ ਵਿਖੇ ਇੱਕ ਸਿਆਸੀ ਪ੍ਰੋਗਰਾਮ ਤੋਂ ਬਾਅਦ ਰੈਲੀ ਵਾਲੀ ਸਟੇਜ ਨੂੰ ਗੰਗਾਜਲ ਨਾਲ ਸ਼ੁੱਧ ਕਰਨ ਦੀ ਵਾਪਰੀ ਕਥਿਤ ਘਟਨਾ ਨੇ ਦੇਸ਼ ਭਰ ਐਸ ਸੀ ਸਮਾਜ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਰੋਹਿਤ ਬੱਧਣ, ਰਵਿ ਸੁੰਦਰ ਨਗਰ ਨੇ ਸਾਂਝੇ ਤੌਰ



'ਤੇ ਕਿਹਾ ਕਿ ਭਾਜਪਾ ਵਿੱਚ ਬੈਠੇ ਐੱਸ ਸੀ ਸਮਾਜ ਦੇ ਐਮ ਐਲ ਏ ਐਮ ਪੀ ਪ੍ਰਧਾਨਾ ਨੂੰ ਭਾਜਪਾ ਛੱਡ ਕੇ ਤੁਰੰਤ ਬਾਹਰ ਆ ਜਾਣਾ ਚਾਹੀਦਾ ਹੈ। ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਕਿਹਾ ਕਿ ਅੱਜ ਦੇ ਆਧੁਨਿਕ ਅਤੇ ਸੰਵਿਧਾਨਕ ਦੇਸ਼ ਵਿੱਚ ਕਿਸੇ ਵਿਅਕਤੀ ਦੀ ਹਾਜ਼ਰੀ ਤੋਂ ਬਾਅਦ ਕਿਸੇ ਸਥਾਨ ਨੂੰ ਗੰਗਾਜਲ ਨਾਲ 'ਸ਼ੁੱਧ' ਕਰਨ ਦਾ ਡਰਾਮਾ ਕਰਨਾ ਨਾ ਸਿਰਫ਼ ਨਿੰਦਣਯੋਗ ਹੈ, ਸਗੋਂ ਇਹ ਘਟਨਾ ਭਾਰਤ ਦੇ ਮਹਾਨ ਸੰਵਿਧਾਨ, ਸਮਾਨਤਾ, ਸਾਂਝੇ ਭਾਈਚਾਰੇ ਅਤੇ ਧਰਮ ਨਿਰਪੱਖਤਾ ਦੀ ਭਾਵਨਾ ਦੇ ਪੂਰੀ ਤਰ੍ਹਾਂ ਉਲਟ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਬੇਗਮਪੁਰਾ ਟਾਈਗਰ ਫੋਰਸ ਅਜਿਹੀ ਕਿਸੇ ਵੀ ਜਾਤੀਵਾਦੀ ਘਟਨਾ ਦਾ ਡੱਟ ਕੇ ਵਿਰੋਧ ਕਰੇਗੀ ਅਤੇ ਸਮਾਜ ਵਿੱਚ ਫੈਲਾਈ ਜਾ ਰਹੀ ਇਸ ਨਫਰਤ ਦੀ ਰਾਜਨੀਤੀ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕਰੇਗੀ।

## ਨੰਬਰਦਾਰ ਤੇ ਮਿਉਂਸਪਲ ਕੌਂਸਲਰ ਇੰਦਰਜੀਤ ਬਾਲੀ ਸਨਮਾਨਤ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਭਾਰਤ ਦੇ 80ਵੇਂ ਸੁਤੰਤਰਤਾ ਦਿਵਸ 'ਤੇ ਸ਼ਹਿਰ ਦੇ ਖੇਤਰ ਵਿਚ ਵਧੀਆ ਅਤੇ ਨਿਰਪੱਖ ਜ਼ਿੰਮੇਵਾਰੀ ਨਿਭਾਉਣ ਤੇ ਪੰਜਾਬ ਸਰਕਾਰ ਵੱਲੋਂ ਨੰਬਰਦਾਰ ਤੇ ਮਿਉਂਸੀਪਲ ਕੌਂਸਲਰ ਇੰਦਰਜੀਤ ਬਾਲੀ ਨੂੰ ਫਗਵਾੜਾ ਪ੍ਰਸ਼ਾਸਨ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਫਗਵਾੜਾ ਦੇ ਰਣਦੀਪ ਸਿੰਘ ਹੀਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਫਗਵਾੜਾ, ਐੱਸ ਪੀ ਮਾਧਵੀ ਸ਼ਰਮਾ ਜੀ,ਐੱਸ ਡੀ ਐੱਮ ਡਾ. ਰਵਜੋਤ ਸ਼ਰਮਾ ਜੀ, ਫਗਵਾੜਾ ਦੇ ਮੇਅਰ ਰਾਮਪਾਲ ਉੱਪਲ, ਚੇਅਰਮੈਨ ਮੰਡੀ ਬੋਰਡ ਤਵਿੰਦਰ ਰਾਮ, ਚੇਅਰਮੈਨ ਜਰਨੈਲ ਨੰਗਲ ਇੰਮਪਰੂਵਮੈਟ ਟਰੱਸਟ ਫਗਵਾੜਾ, ਸੰਗਠਨ ਇੰਚਾਰਜ ਗੁਰਦੀਪ ਦੀਪਾ ਤੇ ਚੇਅਰਮੈਨ ਸੁਸ਼ੀਲ ਬੌਬੀ ਚਮ ਹਾਜ਼ਰ ਸਨ।

## ਤਰਲੋਕ ਸਿੰਘ ਸ਼ਾਹੀ ਨੇ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਇਆ



**ਦਸੂਹਾ (ਕਰਨੈਲ ਮਾਂਗਟ)**-ਵਿਧਾਨ ਸਭਾ ਦਸੂਹਾ ਦੇ ਪਿੰਡ ਬਹਿ ਦੂਲੋ ਵਿਖੇਤੁਲਸੀ ਰਾਮ ਸਰਵਹਿੱਤਕਾਰੀ ਵਿੱਦਿਆ ਮੰਦਰ ਬਹਿ ਦੂਲੋ ਵਿਖੇ 80ਵਾਂ ਆਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਹਲਕਾ ਦਸੂਹਾ ਵਾਸੀਆ ਨੂੰ ਅਤੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈਆ ਦਿੰਦੇ ਹਾਂ। ਇਸ ਮੌਕੇ ਤੇ ਕਾਂਗਰਸ ਦੇ ਸੀਨੀਅਰ ਆਗੁ ਤਰਲੋਕ ਸਿੰਘ ਸਾਹੀ ਜਰਨਲ ਸਕੱਤਰ ਪੰਜਾਬ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਤੇ ਸਿਮਰਨਜੀਤ ਸਿੰਘ ਸਾਹੀ ਮੀਤ ਯੂਥ ਪ੍ਰਧਾਨ ਹਲਕਾ ਦਸੂਹਾ ਕਾਂਗਰਸ, ਗੁਰਪ੍ਰੀਤ ਸਿੰਘ ਢਿਲੋਂ ਯੂਥ ਆਗੂ ਤੇ ਪਿੰਡ ਵਾਸੀ ਹਾਜ਼ਰ ਸਨ।

## ਮੁੰਡੀਆਂ ਨੇ 52 ਨਵ-ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਭਵਨ ਵਿਖੇ ਸੰਖੇਪ ਸਮਾਗਮ ਦੌਰਾਨ ਵਿਭਾਗ ਵਿੱਚ ਭਰਤੀ ਕੀਤੇ 52 ਨਵ-ਨਿਯੁਕਤ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਨਵ-ਨਿਯੁਕਤ ਕਰਮਚਾਰੀਆਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਭਰਤੀ ਨਾਲ ਨਾ ਸਿਰਫ਼ ਵਿਭਾਗ ਦੀ ਕਾਰਗੁਜ਼ਾਰੀ ਨੂੰ ਹੋਰ ਮਜ਼ਬੂਤ ਮਿਲੇਗੀ, ਸਗੋਂ ਸੂਬੇ ਭਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਵੀ ਤੇਜ਼ੀ ਆਵੇਗੀ। ਉਨ੍ਹਾਂ ਕਿਹਾ ਕਿ ਵਿਭਾਗ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਨਾਲ ਸਬੰਧਤ ਪ੍ਰਾਜੈਕਟਾਂ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣ ਲਈ ਲੋੜੀਂਦੀ ਮਨੁੱਖੀ ਸ਼ਕਤੀ ਬੇਹੱਦ ਜ਼ਰੂਰੀ ਹੈ। ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਸਿੱਧੀ ਭਰਤੀ ਅਤੇ ਤਰਸ ਦੇ ਆਧਾਰ 'ਤੇ ਨਿਯੁਕਤੀ ਨੀਤੀ ਤਹਿਤ ਗਰੁੱਪ ਬੀ, ਸੀ ਅਤੇ ਡੀ ਦੀਆਂ ਆਸਾਮੀਆਂ ਲਈ 52 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ



ਸੌਂਪੇ ਗਏ ਹਨ। ਨਵ-ਨਿਯੁਕਤ ਮੁਲਾਜ਼ਮਾਂ ਵਿੱਚ 2 ਜੂਨੀਅਰ ਇੰਜੀਨੀਅਰ, 2 ਜੂਨੀਅਰ ਟੈਕਨੀਸ਼ੀਅਨ, 9 ਕਲਰਕ, 33 ਸੇਵਾਦਾਰ, 5 ਸਫ਼ਾਈ ਸੇਵਕ ਅਤੇ 1 ਦਫ਼ਤਰੀ ਚੌਕੀਦਾਰ ਸ਼ਾਮਲ ਹੈ। ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਇਮਾਨਦਾਰੀ, ਸਮਰਪਣ ਭਾਵਨਾ ਅਤੇ ਸੁਹਿਰਦਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਾਲ 2022 ਤੋਂ ਹੁਣ ਤੱਕ ਪੰਜਾਬ ਦੇ ਨੌਜਵਾਨਾਂ ਨੂੰ 69,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਜਿਸ ਨਾਲ ਸੂਬੇ ਵਿੱਚ ਰੋਜ਼ਗਾਰ ਦੇ ਮੌਕਿਆਂ ਨੂੰ ਵੱਡਾ ਹੁਲਾਰਾ ਮਿਲਿਆ ਹੈ। ਸਮਾਗਮ ਦੌਰਾਨ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਮਵੀਰ, ਵਿਭਾਗ ਮੁਖੀ ਮੈਡਮ ਸਈਅਦ ਸਹਿਰਿਸ਼ ਅਸਗਰ, ਵਿਭਾਗ ਦੇ ਮੁੱਖ ਇੰਜੀਨੀਅਰ ਅਤੇ ਨਵ-ਨਿਯੁਕਤ ਕਰਮਚਾਰੀਆਂ ਦੇ ਪਰਵਾਰਕ ਮੈਂਬਰ ਸ਼ਾਮਲ ਸਨ।

## ਆਊਟਸੋਰਸਡ ਵਰਕਰਾਂ ਨੂੰ ਰੈਗੂਲਰ ਕਰਨ ਦੀ ਪ੍ਰਸ਼ਾਸਕੀ ਪ੍ਰਕਿਰਿਆ ਜਲਦੀ ਹੀ ਮੁਕੰਮਲ ਕਰ ਲਈ ਜਾਵੇਗੀ: ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ ਕਿ ਮੁਲਾਜ਼ਮਾਂ ਦੇ ਮਸਲਿਆਂ ਅਤੇ ਸ਼ਿਕਾਇਤਾਂ ਦੇ ਹੱਲ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਟਰਾਂਸਪੋਰਟ ਅਤੇ ਜਲ ਸਪਲਾਈ ਵਿਭਾਗ ਦੀਆਂ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ। ਪੰਜਾਬ ਰੋਡਵੇਜ਼ ਪਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ, ਗ੍ਰਾਮ ਪੰਚਾਇਤ ਜਲ ਸਪਲਾਈ ਪੰਪ ਆਪਰੇਟਰਜ਼ ਐਸੋਸੀਏਸ਼ਨ ਅਤੇ ਸੋਸ਼ਲ ਇੰਪਲਾਈਜ਼ ਯੂਨੀਅਨ ਨਾਲ ਹੋਈਆਂ ਮੀਟਿੰਗਾਂ ਬਾਰੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਆਊਟਸੋਰਸਡ ਪ੍ਰਬੰਧਾਂ ਤੋਂ ਸਿੱਧੇ ਠੇਕਾ ਅਧਾਰਤ ਰੁਜ਼ਗਾਰ ਵਿੱਚ ਤਬਦੀਲੀ ਬਾਰੇ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਉਠਾਏ ਗਏ ਮੁੱਦਿਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ। ਬਿੱਲ ਪਾਸ ਹੋਣ ਤੋਂ ਬਾਅਦ, ਸੰਬੰਧਤ ਵਿਭਾਗਾਂ ਵੱਲੋਂ ਲੋੜੀਂਦੀਆਂ ਪ੍ਰਸ਼ਾਸਕੀ ਪ੍ਰਕਿਰਿਆਵਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਜਲਦੀ ਹੀ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਸ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਵਿਭਾਗਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸਮੁੱਚੀ ਕਾਰਵਾਈ ਪਾਰਦਰਸ਼ੀ ਅਤੇ ਤੇਜ਼ੀ ਨਾਲ ਨੇਪਰੇ ਚਾੜ੍ਹੀ ਜਾਵੇ ਤਾਂ ਜੋ ਯੋਗ ਆਊਟਸੋਰਸਡ ਵਰਕਰਾਂ ਨੂੰ ਨਵੇਂ ਕਾਨੂੰਨੀ ਦਾਇਰੇ ਦਾ ਲਾਭ ਲੈਣ ਵਿੱਚ ਬੇਲੋੜੀ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ। ਯੂਨੀਅਨ ਦੇ ਨੁਮਾਇੰਦਿਆਂ ਨੇ ਕੈਬਨਿਟ ਸਬ-ਕਮੇਟੀ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ ਅਤੇ ਆਊਟਸੋਰਸਡ ਕਰਮਚਾਰੀਆਂ ਨੂੰ ਠੇਕਾ ਅਧਾਰਤ ਰੁਜ਼ਗਾਰ ਵਿੱਚ ਤਬਦੀਲ ਕਰਨ ਨਾਲ ਸਬੰਧਤ ਉਪਬੰਧਾਂ ਨੂੰ ਸਮੇਂ ਸਿਰ ਲਾਗੂ ਕਰਨ ਦੀ ਮੰਗ ਕੀਤੀ।



## ਬਘਾਣਾ ਵਿਖੇ 80ਵਾਂ ਆਜ਼ਾਦੀ ਦਿਹਾੜਾ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਪਿੰਡ ਬਘਾਣਾ ਵਿਖੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਪੰਚਾਇਤ ਘਰ ਸਰਪੰਚ ਬਲਵਿੰਦਰ ਕੁਮਾਰ ਬਘਾਣਾ ਦੀ ਅਗਵਾਈ ਹੇਠ 80 ਵਾਂ ਆਜ਼ਾਦੀ ਦੀ ਪੰਦਰਵਾੜਾ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਰਪੰਚ ਬਲਵਿੰਦਰ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦਾਂ ਨੇ ਦੇਸ਼ ਕੌਮ ਆਪਣੀ ਕੀਮਤੀ ਜਾਨਾਂ ਵਾਰ ਕੇ ਸਾਨੂੰ ਆਜ਼ਾਦੀ ਲੈ ਕੇ ਦਿੱਤੀ ਹੈ ਜਿਸ ਦਾ ਅਸੀਂ ਅੱਜ ਅਨੰਦ ਮਾਣ ਰਹੇ ਹਾਂ। ਉਨ੍ਹਾਂ ਕਿਹਾ ਹੈ ਕਿ ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹ ਕੌਮਾਂ ਕੱਖਾਂ ਵਾਂਗ ਰੁਲ ਜਾਂਦੀਆਂ ਹਨ। ਇਸ ਲਈ ਸਾਨੂੰ ਦੇਸ਼ ਕੌਮ ਤੋਂ ਆਪਣੀਆਂ ਜਾਨਾਂ ਵਾਰਨ ਵਾਲੇ ਸੂਰਵੀਰਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਸਮਾਗਮ ਦੌਰਾਨ ਸਰਪੰਚ ਬਲਵਿੰਦਰ ਕੁਮਾਰ ਬਘਾਣਾ, ਰਾਮ ਲੁਭਾਇਆ ਪੰਚ, ਸਚਿਨ ਕੁਮਾਰ ਪੰਚ, ਨਿਸ਼ਾ ਸਹੋਤਾ ਪੰਚ, ਗੁਰ ਸਰਨਜੀਤ ਸਿੰਘ ਪੰਚ, ਸੁਰਜੀਤ ਕੌਰ ਪੰਚ, ਅਮਨਦੀਪ ਪੱਬੀ, ਸੋਹਣ ਲਾਲ ਬਘਾਣਾ, ਗੁਰਮੇਲ ਸਿੰਘ ਗਿੱਲ, ਡਾਕਟਰ ਸਤਵਿੰਦਰਜੀਤ ਪਿੰਕੀ, ਸੁਰਿੰਦਰ ਕੁਮਾਰ ਮਹਿਤਾ, ਲਖਵੀਰ ਸਿੰਘ, ਮਨੋਜ ਕੁਮਾਰ ਫੌਜੀ, ਗੁਰਚਰਨ ਸਿੰਘ ਨਾਮਧਾਰੀ, ਅਮਰੀਕ ਸਿੰਘ ਚੌਂਕੀਦਾਰ, ਮਦਨ ਲਾਲ, ਰਮਨਜੀਤ ਕਾਲਾ, ਅਸ਼ੋਕ ਰਾਜ, ਸੁਖਵਿੰਦਰ ਸਿੰਘ, ਰਾਮ ਲਾਲ, ਪ੍ਰੇਮ ਲਾਲ, ਪਾਲ ਚੰਦ, ਪ੍ਰੋਫੈਸਰ ਅਮਰਜੀਤ ਕੁਮਾਰ, ਰੇਖਾ ਰਾਣੀ, ਸਰਬਜੀਤ ਕੌਰ, ਦਰਸ਼ਨਾ ਦੇਵੀ, ਹਰਬੰਸ ਕੌਰ, ਕੌਸ਼ਲਿਆ ਦੇਵੀ, ਲਖਵਿੰਦਰ ਸਿੰਘ, ਰਵੀ ਕੁਮਾਰ, ਜਗਦੀਸ਼ ਰਾਮ ਆਦਿ ਹਾਜ਼ਰ ਸਨ। ਇਸ ਮੌਕੇ ਸਮਾਗਮ ਦੌਰਾਨ ਲੱਡੂ ਵੰਡੇ ਗਏ।

## ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਮਨਾਇਆ ਆਜ਼ਾਦੀ ਦਿਵਸ

**ਆਦਮਪੁਰ (ਪਰਮਜੀਤ ਸਿੰਘ)**-ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਜਲੰਧਰ ਵਿਖੇ ਆਜ਼ਾਦੀ ਦਿਵਸ ਦੇਸ਼ਭਗਤੀ ਅਤੇ ਗੌਰਵਸ਼ਾਲੀ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਰਾਸ਼ਟਰੀ ਗੀਤ ਨਾਲ ਕੀਤੀ ਗਈ। ਝੰਡਾ ਲਹਿਰਾਉਣ ਦੀ ਰਸਮ ਕੁਲਪਤੀ ਸੰਤ ਮਨਮੋਹਨ ਸਿੰਘ ਅਤੇ ਆਏ ਹੋਏ ਮੁੱਖ ਮਹਿਮਾਨਾਂ ਨੇ ਕੀਤੀ। ਇਸ ਮੌਕੇ ਆਜ਼ਾਦੀ ਦੀ ਲੜਾਈ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਯੂਨੀਵਰਸਿਟੀ ਵੱਲੋਂ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਦੇਸ਼ ਪ੍ਰਤੀ ਸਮਰਪਣ ਨੂੰ ਯਾਦ ਕਰਦਿਆਂ ਸਨਮਾਨ ਭੇਟ ਕੀਤੇ ।80ਵੇਂ ਆਜ਼ਾਦੀ ਦਿਵਸ ਦੇ ਸ਼ੁਭ ਅਵਸਰ 'ਤੇ ਪ੍ਰੋ. ਪਲਵਿੰਦਰ ਸਿੰਘ ਨੇ ਸਮਾਗਮ ਵਿੱਚ ਪਹੁੰਚੀਆਂ ਸ਼ਖਸੀਅਤਾਂ, ਅਧਿਆਪਕਾਂ, ਸਟਾਫ਼ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਨਮਨ ਕੀਤਾ। ਉਨ੍ਹਾਂ ਆਖਿਆ ਕਿ ਆਜ਼ਾਦੀ ਸਿਰਫ਼ ਜਸ਼ਨ ਮਨਾਉਣ ਦਾ ਮੌਕਾ ਨਹੀਂ, ਸਗੋਂ ਇਹ ਸਾਡੇ



'ਤੇ ਇੱਕ ਵੱਡੀ ਜ਼ਿੰਮੇਵਾਰੀ ਵੀ ਪਾਉਂਦੀ ਹੈ, ਜਿਸ ਨੂੰ ਪੂਰਾ ਕਰਨ ਲਈ ਸਿੱਖਿਆ ਅਤੇ ਸਹੀ ਸੋਚ ਦਾ ਹੋਣਾ ਅਤੀ ਜ਼ਰੂਰੀ ਹੈ। ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਬਾਨੀ ਮਹਾਪੁਰਸ਼ਾਂ ਅਤੇ ਮੌਜੂਦਾ ਪ੍ਰਬੰਧਕਾਂ ਦੇ ਦੂਰਅੰਦੇਸ਼ੀ ਉਦੇਸ਼ ਦੀ ਸ਼ਲਾਘਾ ਕੀਤੀ।ਉਨ੍ਹਾਂ ਨੋਬਲ ਪੁਰਸਕਾਰ ਜੇਤੂ ਸਰ ਸੀ. ਵੀ. ਰਮਨ ਦੀ ਮਿਸਾਲ ਦਿੰਦਿਆਂ ਵਿਦਿਆਰਥੀਆਂ ਵਿੱਚ ਆਈ ਆਈ ਟੀ ਪੱਧਰ ਦੀ ਸਮਰੱਥਾ ਹੋਣ ਦਾ ਵਿਸ਼ਵਾਸ ਪ੍ਰਗਟਾਇਆ ਅਤੇ ਸਟਾਫ਼ ਦੀ ਗਿਣਤੀ ਨਾਲੋਂ ਗੁਣਵੱਤਾ ਨੂੰ ਮੁੱਖ ਤਰਜੀਹ ਦੇ ਕੇ ਸੰਸਥਾ ਨੂੰ ਬੁਲੰਦੀਆਂ ਤੇ ਲੈ ਜਾਣ ਦਾ ਸੰਕਲਪ ਦੋਹਰਾਇਆ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਨਾਲ ਸਬੰਧਤ ਸੱਭਿਆਚਾਰਕ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਸਮਾਗਮ ਵਿੱਚ ਦੇਸ਼ਪ੍ਰੇਮ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ। ਇਸ ਮੌਕੇ ਐੱਮ ਐੱਲ ਏ ਆਦਮਪੁਰ, ਸੰਸਥਾ ਦੇ ਪ੍ਰਬੰਧਕ, ਇਲਾਕੇ ਦੇ ਸਰਪੰਚ, ਯੂਨੀਵਰਸਿਟੀ ਦੇ ਰਜਿਸਟਰਾਰ ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ, ਅਧਿਆਪਕ, ਅਧਿਕਾਰੀ, ਕਰਮਚਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ। ਸਮੂਹ ਹਾਜ਼ਰੀਨ ਨੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੇਸ਼ ਦੀ ਏਕਤਾ, ਅਖੰਡਤਾ ਅਤੇ ਤਰੱਕੀ ਲਈ ਮਿਲਜੁਲ ਕੇ ਕੰਮ ਕਰਨ ਦਾ ਸੰਕਲਪ ਲਿਆ।

## ਆਜ਼ਾਦੀ ਦਿਵਸ ਮੌਕੇ ਕਵੀ ਦਰਬਾਰ ਕਰਵਾਇਆ

**ਚੰਡੀਗੜ੍ਹ (ਸੁਰਜੀਤ ਸੁਮਨ)**-ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਆਜ਼ਾਦੀ ਦਿਵਸ ਮੌਕੇ 'ਤੇ ਰਾਣੀ ਲਕਸ਼ਮੀ ਬਾਈ ਭਵਨ, ਸੈਕਟਰ-38, ਚੰਡੀਗੜ੍ਹ ਵਿਖੇ ਪੰਜ-ਭਾਸ਼ਾਈ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਕਵੀਆਂ ਤੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਮਾਗਮ ਦੇ ਮੁੱਖ ਮਹਿਮਾਨ ਚੰਡੀਗੜ੍ਹ ਪ੍ਰਸ਼ਾਸਨ ਦੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਨਵੀਨ ਕੁਮਾਰ ਸਨ। ਸਾਹਿਤ ਅਕਾਦਮੀ ਦੇ ਚੇਅਰਮੈਨ ਅਤੇ ਪ੍ਰਸਿੱਧ ਲੇਖਕ ਡਾ. ਮਨਮੋਹਨ ਨੇ ਮਹਿਮਾਨਾਂ ਅਤੇ ਕਵੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਹਿਤ ਅਕਾਦਮੀ ਦਾ ਉਦੇਸ਼ ਚੰਡੀਗੜ੍ਹ ਦੇ ਸਾਹਿਤਕਾਰਾਂ ਨੂੰ ਮੰਚ ਪ੍ਰਦਾਨ ਕਰਨਾ ਹੈ, ਭਾਵੇਂ ਉਹ ਕਿਸੇ ਵੀ ਭਾਸ਼ਾ ਵਿੱਚ ਸਿਰਜਣਾ ਕਰਦੇ ਹੋਣ। ਉਨ੍ਹਾਂ ਕਿਹਾ ਕਿ ਪੰਜ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਦਾ ਇੱਕ ਮੰਚ 'ਤੇ ਇਕੱਠੇ ਹੋਣਾ ਨਾ ਸਿਰਫ਼ ਸਾਡੀ ਭਾਸ਼ਾਈ ਵਿਭਿੰਨਤਾ, ਸਗੋਂ ਸਾਡੀ ਸੱਭਿਆਚਾਰਕ ਏਕਤਾ ਅਤੇ ਸਾਹਿਤਕ ਸਮ੍ਰਿੱਧੀ ਦਾ ਵੀ



ਪ੍ਰਤੀਕ ਹੈ। ਇਸ ਮੌਕੇ ਅਕਾਦਮੀ ਦੇ ਉਪ-ਪ੍ਰਧਾਨ ਡਾ. ਅਨੀਸ਼ ਗਰਗ ਅਤੇ ਸਕੱਤਰ ਸੁਭਾਸ਼ ਭਾਸਕਰ ਵੀ ਹਾਜ਼ਰ ਸਨ। ਕਵੀ ਦਰਬਾਰ ਦੀ ਸ਼ੁਰੂਆਤ ਨੌਜਵਾਨ ਪੰਜਾਬੀ ਕਵੀ ਸੁਰਮਖ ਦੀਆਂ ਕਵਿਤਾਵਾਂ ਨਾਲ ਹੋਈ। ਉਰਦੂ ਕਵੀ ਸਨੀ ਕਬੀਰ ਨੇ ਆਪਣੇ ਖ਼ੂਬਸੂਰਤ ਸ਼ੇਅਰ ਝੂਠ ਬੋਲਤਾ ਹੂੰ ਮੈਂ, ਕੈਸਾ ਅਨੋਖਾ ਹੂੰ ਮੈਂ/ ਜਬ ਸੇ ਉਸਕੋ ਦੇਖਾ ਹੈ, ਤਬ ਸੇ ਲਾਪਤਾ ਹੂੰ ਮੈਂ। ਸੁਣਾ ਕੇ ਸਮਾਂ ਬੰਨ੍ਹ ਦਿੱਤਾ। ਸੰਸਕ੍ਰਿਤ ਦੇ ਕਵੀ ਓਮਨਦੀਪ ਨੇ ਭਾਵਪੂਰਨ ਕਵਿਤਾ 'ਜਯ ਜਯ ਭਾਰਤਮ' ਪੇਸ਼ ਕੀਤੀ। ਹਿੰਦੀ ਦੀ ਕਵਯਿਤਰੀ ਬਬੀਤਾ ਕਪੂਰ ਨੇ ਆਪਣੀ ਗ਼ਜ਼ਲ ਅਪਨੀ ਖਿੜਕੀਆਂ ਸਾਰੀ ਕੀ ਸਾਰੀ ਖੋਲਕਰ ਸੋਚਤੀ ਹੂੰ ਆਜ਼ਾਦ ਹੂੰ/ ਜਿਸਕੇ ਗੁਮ ਹੋਨੇ ਸੇ ਗੁਮਸੁਮ ਸਭੀ/ ਮੈਂ ਉਸੀ ਕਿਰਦਾਰ ਕੀ ਆਵਾਜ਼ ਹੂੰ ਸੁਣਾਈ। ਪੰਜਾਬੀ ਸ਼ਾਇਰ ਜਗਦੀਪ ਸਿੱਧੂ ਨੇ 'ਵਾਹ ਤਾਜ਼' ਅਤੇ 'ਮੰਗਾ ਬੱਚਾ' ਕਵਿਤਾਵਾਂ ਸੁਣਾਕੇ ਸਰੋਤਿਆਂ ਨੂੰ ਭਾਵਵਿਭੋਰ ਕੀਤਾ। ਹਿੰਦੀ ਕਵੀ ਸੁਦੇਸ਼ ਮੋਦਗਿਲ ਨੇ ਭਾਰਤ ਮਾਤਾ ਕੀ ਜ਼ੰਜੀਰੋਂ ਕੋ ਜਿਨ ਵੀਰੋਂ ਨੇ ਅਤੇ ਉਰਦੂ ਸ਼ਾਇਰ ਮੁਸੱਵਿਰ ਫ਼ਿਰੋਜ਼ਪੁਰੀ ਨੇ ਦੋਨੋਂ ਨੇ ਹੀ ਖੋ ਦਿਏ ਹੈਂ ਤਾਜ਼, ਜ਼ਮੀਨ, ਅਸਬਾਬ, ਰਿਸ਼ਤੇ ਸੁਣਾਕੇ ਖ਼ੂਬ ਰੰਗ ਜਮਾਇਆ। ਅੰਤ ਵਿੱਚ ਉਰਦੂ ਦੇ ਪ੍ਰਸਿੱਧ ਸ਼ਾਇਰ ਸ਼ਮਸ ਤਬਰੇਜ਼ੀ ਨੇ ਕਿਆ ਕਹੂੰ, ਕਿਤਨੀ ਬੇਕਰਾਰੀ ਹੈ/ ਆਂਖੋਂ ਆਂਖੋਂ ਮੇਂ ਸ਼ਬ ਗੁਜ਼ਾਰੀ ਹੈ ਸੁਣਾਕੇ ਕਵੀ ਦਰਬਾਰ ਨੂੰ ਖ਼ੂਬਸੂਰਤ ਅੰਜਾਮ ਦਿੱਤਾ।

## ਭਗਵਤੀ ਜਾਗਰਣ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਨਸਰਾਲਾ ਵਿਖੇ ਮਈਆ ਜੀ ਅਸੀਂ ਨੌਕਰ ਤੇਰੇ ਸੇਵਾ ਦਲ ਅਤੇ ਸ਼ਿਵ ਮੰਦਿਰ ਪ੍ਰਬੰਧਕ ਕਮੇਟੀ ਰਜਿਸਟਰ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 32 ਵਾਂ ਸਲਾਨਾ ਵਿਸ਼ਾਲ ਮਾਂ ਭਗਵਤੀ ਜਾਗਰਣ ਕਰਵਾਇਆ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਜਾਗਰਣ ਤੋਂ ਇੱਕ ਦਿਨ ਪਹਿਲਾਂ 14 ਅਗਸਤ ਨੂੰ ਮਾਤਾ ਜਵਾਲਾ ਜੀ ਤੋਂ ਲਿਆਂਦੀ ਗਈ ਜੋਤ ਦੀ ਪ੍ਰਿਕਰਮਾਂ ਪਿੰਡ ਵਿੱਚ ਕੀਤੀ ਗਈ।ਜਾਗਰਣ ਵਿੱਚ ਮਨੋਜ ਕੁਮਾਰ ਵਾਸੂਦੇਵਾ ਯੂਕੇ ਵਾਲਿਆਂ ਦਾ ਵਿਸ਼ੇਸ਼ ਤੌਰ ਤੇ ਸਹਿਯੋਗ ਰਿਹਾ।ਇਸ ਜਾਗਰਣ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਰਾਜ ਰੰਸ ਪਠਾਨਕੋਟ ਵਾਲਿਆਂ ਨੇ ਆਪਣੀਆਂ ਭੇਟਾਂ ਤੇ ਸੰਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ, ਕਲੇਰ ਅਜੇ ਪਾਰਟੀ ਜਲੰਧਰ ਵਾਲੇ,ਅਸ਼ਨੀ ਕੁਮਾਰ ਐਂਡ ਪਾਰਟੀ ਹੁਸ਼ਿਆਰਪੁਰ ਵਾਲਿਆਂ ਨੇ ਸਾਰੀ ਰਾਤ ਮਾਂ ਦੀਆਂ ਭੇਟਾਂ ਦਾ ਗੁਣਗਾਨ ਕੀਤਾ। ਮਾਤਾ ਦੇ ਭਗਤਾਂ ਲਈ ਲੰਗਰ ਅਤੁੱਟ ਵਰਤਾਇਆ। ਇਸ ਮੌਕੇ ਸੰਜੀਵ ਕੁਮਾਰ, ਰਾਜ ਕੋਸ਼ਲ, ਹਰਜਿੰਦਰ ਸਿੰਘ, ਵਿਕਾਸ ਸ਼ਰਮਾ, ਦਿਆ ਸ਼ੰਕਰ, ਅਜੇ ਪਾਲ, ਸਰਬਜੀਤ ਸਿੰਘ, ਦੀਪਕ ਸ਼ਰਮਾ, ਗੁਰਸ਼ਰਨਜੀਤ ਸਿੰਘ, ਮਹੇਸ਼ਵਰ ਕੁਮਾਰ, ਗੀਤਿਕ, ਰਜੇਸ਼ ਕੁਮਾਰ, ਨਵੀਨ ਕੁਮਾਰ, ਅੰਮਿਤ, ਰਾਹੁਲ, ਮੁਨੀਸ਼ ਕੁਮਾਰ, ਵਿਪਨ ਕੁਮਾਰ, ਹਨੀ, ਸੋਨੂੰ, ਸੰਜੂ, ਨੀਰਜ ਕੁਮਾਰ, ਸੁਨੀਲ ਕੁਮਾਰ, ਪਰਮਜੀਤ ਸਿੰਘ ਤੋ ਇਲਾਵਾ ਹੋਰ ਵੀ ਕਮੇਟੀ ਮੈਂਬਰ ਹਾਜ਼ਰ ਸਨ।

# ਪੰਜਾਬ ਸਰਕਾਰ ਦੇ ਸਮੁੱਚੇ ਮੁਲਾਜ਼ਮ 27 ਨੂੰ ਸਮੂਹਿਕ ਛੁੱਟੀ 'ਤੇ ਜਾਣਗੇ

**ਜਲੰਧਰ (ਰਾਜੇਸ਼ ਥਾਪਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ, ਪੰਜਾਬ ਤੇ ਅਧਾਰਤ ਬਣੀ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਸਾਥੀ ਜਸਵੀਰ ਸਿੰਘ ਤਲਵਾੜਾ ਅਤੇ ਸਾਥੀ ਹਰਜਿੰਦਰ ਸਿੰਘ ਪੰਨੂ ਦੀ ਸਾਂਝੀ ਪ੍ਰਧਾਨਗੀ ਹੇਠ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਂਝੀ ਤਾਲਮੇਲ ਕਮੇਟੀ ਦੇ ਪ੍ਰਮੁੱਖ ਆਗੂਆਂ ਸੁਖਚੈਨ ਸਿੰਘ ਖਹਿਰਾ, ਸਤੀਸ਼ ਰਾਣਾ, ਸਾਹਿਲ ਸ਼ਰਮਾ, ਭਜਨ ਸਿੰਘ ਗਿੱਲ, ਤਜਿੰਦਰ ਨੰਗਲ, ਜਰਮਨਜੀਤ ਸਿੰਘ, ਅਮਿਤ ਕਟੋਚ, ਕਰਮ ਸਿੰਘ ਧਨੋਆ, ਮਨਪ੍ਰੀਤ ਸਿੰਘ, ਰਣਜੀਤ ਸਿੰਘ ਰਾਣਵਾ, ਹਰਨੇਕ ਸਿੰਘ , ਗਗਨਦੀਪ ਸਿੰਘ ਭੁੱਲਰ, ਮਨਦੀਪ ਸਿੰਘ ਸਿੱਧੂ, ਰਕੇਸ਼ ਸ਼ਰਮਾ ਅਤੇ ਕੁਲਵਿੰਦਰ ਢਿੱਲੋ ਨੇ ਆਖਿਆ ਕਿ ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਇਕ ਸੋਗ ਮਤੇ ਰਾਹੀਂ ਪੈਨਸ਼ਨਰ ਗੁਰਚਰਨ ਸਿੰਘ ਬਠਿੰਡਾ ਦੀ ਰੈਲੀ ਤੋਂ ਵਾਪਸੀ ਉਪਰੰਤ ਸੜਕ ਹਾਦਸੇ ਵਿੱਚ ਹੋਈ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਆਗੂਆਂ ਆਖਿਆ ਕਿ ਇਸ ਮੀਟਿੰਗ ਵਿੱਚ 'ਸਾਂਝੀ ਤਾਲਮੇਲ ਕਮੇਟੀ' ਦੇ ਬੈਨਰ ਥੱਲੇ 7 ਅਗਸਤ



ਨੂੰ ਚੰਡੀਗੜ੍ਹ ਵਿਖੇ ਹੋਈ ਮਹਾਂ ਰੈਲੀ ਅਤੇ ਪੰਜਾਬ ਵਿਧਾਨ ਸਭਾ ਵੱਲ ਮਾਰਚ ਨੂੰ ਇੱਕ ਇਤਿਹਾਸਿਕ ਇਕੱਠ ਕਰਾਰ ਦਿੱਤਾ ਜਿਸ ਨੇ ਟਰੇਡ ਯੂਨੀਅਨ ਲਹਿਰ ਅੰਦਰ ਹੋਏ ਸਾਰੇ ਇਕੱਠਾਂ ਦਾ ਰਿਕਾਰਡ ਤੋੜ ਦਿੱਤਾ। ਆਗੂਆਂ ਨੇ ਜਿੱਥੇ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਹਰ ਤਰ੍ਹਾਂ ਦੇ ਮੁਲਾਜ਼ਮ ਅਤੇ ਪੈਨਸ਼ਨਰ ਸਾਥੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਆਗੂਆਂ ਆਖਿਆ ਕਿ ਮੀਟਿੰਗ ਵਿੱਚ ਸਾਂਝੀ ਤਾਲਮੇਲ ਕਮੇਟੀ ਵੱਲੋਂ 27 ਅਗਸਤ ਨੂੰ ਸਮੂਹਿਕ ਛੁੱਟੀ ਤੇ ਜਾਣ ਦੇ ਕੀਤੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਸ ਦੀਆਂ ਤਿਆਰੀਆਂ ਜੰਗੀ ਪੱਧਰ ਤੇ ਵਿਡਣ ਦਾ ਫੈਸਲਾ ਕੀਤਾ, ਜਿਸ ਦੇ ਤਹਿਤ ਸਭ ਤੋਂ ਪਹਿਲਾਂ ਵੱਖ-ਵੱਖ ਵਿਭਾਗਾਂ ਅੰਦਰ ਕੰਮ ਕਰਦੀਆਂ ਮੁਲਾਜ਼ਮ ਜਥੇਬੰਦੀਆਂ 27 ਅਗਸਤ ਨੂੰ ਸਮੂਹਿਕ ਛੁੱਟੀ ਤੇ ਜਾਣ ਸਬੰਧੀ ਆਪਣੇ ਉੱਚ ਅਧਿਕਾਰੀਆਂ ਨੂੰ ਨੋਟਿਸ ਭੇਜਣਗੀਆਂ। ਮੀਟਿੰਗ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਮੋਰਚੇ ਵੱਲੋਂ 23 ਅਗਸਤ ਨੂੰ ਮੁੱਖ ਮੰਤਰੀ ਦੇ ਪਿੰਡ ਸਤੋਜ ਵਿਖੇ ਕੀਤੀ ਜਾ ਰਹੀ ਰੈਲੀ ਦਾ ਵੀ ਸਮਰਥਨ ਕੀਤਾ ਗਿਆ। ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਸਾਂਝੀ ਤਾਲਮੇਲ ਕਮੇਟੀ ਦੇ ਆਗੂਆਂ ਹਰੀ ਸਿੰਘ ਟੋਹੜਾ, ਰਾਧੇ ਸ਼ਾਮ, ਗੁਰਬਖਸ਼ ਸਿੰਘ, ਜਗਦੀਸ਼ ਸਿੰਘ ਚਾਹਲ, ਸੁਖਵਿੰਦਰ ਸੈਣੀ, ਕਰਮਜੀਤ ਸਿੰਘ ਬੀਹਲਾ, ਧਰਮਪਾਲ ਖੋਸਲ, ਜਰਨੈਲ ਸਿੰਘ, ਹਰਬੰਸ ਸਿੰਘ ਮਾਂਗਟ , ਬੋਬਿੰਦਰ ਸਿੰਘ, ਅਮਿਤ ਅਰੋੜਾ, ਗੁਰਜਿੰਦਰ ਸਿੰਘ, ਹਰਵਿੰਦਰ ਸਿੰਘ ਬਿਲਗਾ, ਗੁਰਦੀਪ ਸਿੰਘ ਬਾਸੀ, ਮਨਜੀਤ ਸਿੰਘ ਬਾਸਰਕੇ, ਅਵਤਾਰ ਸਿੰਘ ਕੈਂਥ, ਜਸਵੀਰ ਸਿੰਘ, ਗੁਰਤੇਜ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਮੁਫ਼ਤ ਮੈਡੀਕਲ ਤੇ ਖ਼ੂਨਦਾਨ ਕੈਂਪ 22 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦੇ ਜੱਦੀ ਪਿੰਡ ਅਤੇ ਇਲਾਕੇ ਦੀ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦਸਿਆ ਕਿ ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ




ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨੂਰੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੂਰੜ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ,ਗੁਰੂ ਦੀ ਗੋਲਕ' ਸੰਸਥਾ (ਰਜਿ.) ਅਜਨੋਹਾ ਵਲੋਂ ਗੁਰਦੁਆਰਾ ਕੁਟੀਆ ਸਾਹਿਬ ਡੁਮੇਲੀ ਵਿਖੇ 176 ਵਾਂ ਮੁਫ਼ਤ ਮੈਡੀਕਲ ਕੈਂਪ ਅਤੇ 46 ਵਾਂ ਸਵੈ ਇੱਛੁਕ ਖ਼ੂਨਦਾਨ ਕੈਂਪ ਸੰਤ ਬਾਬਾ ਦਲੀਪ ਸਿੰਘ ਦੀ ਸਲਾਨਾ ਬਰਸੀ ਤੇ ਲਗਾਇਆ ਜਾ ਰਿਹਾ ਹੈ।ਇਸ ਮੌਕੇ ਹਾਜ਼ਰ ਗੁਰੂ ਘਰ ਵਜ਼ੀਰ ਕੁਲਵਿੰਦਰ ਸਿੰਘ, ਸੰਤ ਬਾਬਾ ਪ੍ਰੀਤਮ ਸਿੰਘ ਜੀ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾ.ਤਰਸੇਮ ਸਿੰਘ ਕੁਲਬੀਰ ਸਿੰਘ, ਆਰਸਵੀਰ ਸਿੰਘ, ਸਾਹਿਲ ਸਿੰਘ, ਲਵਪ੍ਰੀਤ ਸਿੰਘ, ਮਨਜਿੰਦਰ ਸਿੰਘ, ਦਲਜੀਤ ਸਿੰਘ, ਬੰਟੀ ਨਿਜਰ, ਪਰਮਵੀਰ ਸਿੰਘ ਨਿਝਰ, ਸੁੱਖਾ ਨਿਝਰ, ਭਾਈ ਮਨਜੀਤ ਸਿੰਘ ਆਦਿ ਹਾਜ਼ਰ ਸਨ।

## ਆਜ਼ਾਦੀ ਦਿਵਸ 'ਤੇ ਸਿਵਲ ਹਸਪਤਾਲ ਦਸੂਹਾ ਦੇ ਡਾ.ਕਰਨਜੀਤ ਸਿੰਘ ਸਨਮਾਨਿਤ

**ਦਸੂਹਾ (ਕਰਨੈਲ ਮਾਂਗਟ)**-ਆਜ਼ਾਦੀ ਦਿਵਸ ਦੇ ਪਾਵਨ ਮੌਕੇ 'ਤੇ ਪੰਚਾਇਤ ਸੰਮਤੀ ਸਟੇਡੀਆਮ ਦਸੂਹਾ ਵਿਖੇ ਡਾ. ਕਰਨਜੀਤ ਸਿੰਘ, ਆਈ ਸਪੈਸ਼ਲਿਸਟ, ਸਿਵਲ ਹਸਪਤਾਲ ਦਸੂਹਾ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਸ਼ਲਾਘਾਯੋਗ ਯੋਗਦਾਨ ਲਈ ਐੱਸ ਡੀ ਐੱਮਦਸੂਹਾ ਕੰਵਲਜੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ। ਡਾ. ਕਰਨਜੀਤ ਸਿੰਘ ਵੱਲੋਂ ਮਰੀਜ਼ਾਂ ਨੂੰ ਸਮਰਪਿਤ ਅਤੇ ਉੱਤਮ ਅੱਖਾਂ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਜ਼ਿਲ੍ਹੇ ਵਿੱਚ ਸਭ ਤੋਂ ਵੱਧ ਮੋਤੀਆਬਿੰਦ ਦੇ ਆਪਰੇਸ਼ਨ ਕਰਨ ਅਤੇ ਲੋੜਵੰਦ ਮਰੀਜ਼ਾਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਉਣ ਲਈ ਉਨ੍ਹਾਂ



ਦੀਆਂ ਸੇਵਾਵਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ। ਉਨ੍ਹਾਂ ਦੀ ਮਿਹਨਤ, ਲਗਨ ਅਤੇ ਮਰੀਜ਼ਾਂ ਪ੍ਰਤੀ ਸਮਰਪਣ ਸਿਹਤ ਵਿਭਾਗ ਦੇ ਹੋਰ ਕਰਮਚਾਰੀਆਂ ਲਈ ਵੀ ਪ੍ਰੇਰਣਾਦਾਇਕ ਹੈ। ਇਸ ਮੌਕੇ ਉਨ੍ਹਾਂ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਦੇ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਡਾ. ਕਰਨਜੀਤ ਸਿੰਘ ਨੇ ਆਪਣੇ ਸੀਨੀਅਰ ਮੈਡੀਕਲ ਅਫ਼ਸਰਡਾ.ਮਨਮੋਹਨ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਅਤੇ ਹੌਸਲਾ-ਅਫ਼ਜ਼ਾਈ ਸਦਕਾ ਉਹ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਨਿਰੰਤਰ ਯਤਨ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਸਾਰੇ ਸਹਿਯੋਗੀ ਡਾਕਟਰਾਂ, ਨਰਸਿੰਗ ਸਟਾਫ਼ ਅਤੇ ਹਸਪਤਾਲ ਦੇ ਸਮੂਹ ਸਟਾਫ਼ ਦਾ ਵੀ ਦਿਲੋਂ ਧੰਨਵਾਦ ਕੀਤਾ।

## ਆਜ਼ਾਦੀ ਦਿਹਾੜੇ ਮੌਕੇ ਬੀ ਐੱਲ ਓਜ਼ ਤੇ ਸੈਕਟਰ ਅਫ਼ਸਰਾਂ ਦਾ ਸਨਮਾਨ



**ਜਲੰਧਰ (ਸ਼ੈਲੀ ਐਲਬਰਟ)**-80ਵੇਂ ਆਜ਼ਾਦੀ ਦਿਹਾੜੇ ਮੌਕੇ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ ਆਈ ਆਰ) -2026 ਦੌਰਾਨ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੇ ਬੂਥ ਲੈਵਲ ਅਫ਼ਸਰਾਂ ਤੇ ਸੈਕਟਰ ਅਫ਼ਸਰਾਂ ਦਾ ਵੀ ਸਨਮਾਨ ਕੀਤਾ ਗਿਆ।ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਨਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਤੋਂ ਬੂਥ ਲੈਵਲ ਅਫ਼ਸਰ ਮੀਨੂੰ (ਬੂਥ ਨੰਬਰ 120) ਦਾ ਸਨਮਾਨ ਕੀਤਾ ਗਿਆ।ਇਸੇ ਤਰ੍ਹਾਂ ਸਬ ਡਵੀਜ਼ਨ ਨਕੋਦਰ ਵਿਖੇ ਮਨਾਏ ਗਏ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਉਪ ਮੰਡਲ ਮੈਜਿਸਟ੍ਰੇਟ ਸਿਮਰਨਜੀਤ ਸਿੰਘ ਵੱਲੋਂ ਬੂਥ ਲੈਵਲ ਅਫ਼ਸਰ ਪੂਨਮ ਘਈ (ਬੂਥ ਨੰਬਰ 24) ਤੇ ਕੁਲਵਿੰਦਰ ਸਿੰਘ (ਬੂਥ ਨੰਬਰ 27) ਤੋਂ ਇਲਾਵਾ ਸੈਕਟਰ ਅਫ਼ਸਰ ਮੁਕੇਸ਼ ਕੁਮਾਰ ਤੇ ਮੰਗਤ ਵਾਲੀਆ ਨੂੰ ਐਸ.ਆਈ.ਆਰ. ਦੌਰਾਨ ਆਪਣੀ ਡਿਊਟੀ ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ।ਇਸੇ ਤਰ੍ਹਾਂ ਜ਼ਿਲ੍ਹੇ ਦੀਆਂ ਹੋਰਨਾਂ ਸਬ ਡਵੀਜ਼ਨਾਂ ਵਿੱਚ ਵੀ ਸੁਤੰਤਰਤਾ ਦਿਵਸ ਸਮਾਗਮਾਂ ਦੌਰਾਨ ਵਧੀਆ ਕਾਰਗੁਜ਼ਾਰੀ ਵਾਲੇ ਬੂਥ ਲੈਵਲ ਅਫ਼ਸਰਾਂ ਦਾ ਸਨਮਾਨ ਕੀਤਾ ਗਿਆ।

## ਬੇਕਾਬੂ ਕਾਰ ਸੜਕ ਕਿਨਾਰੇ ਰੇਹੜੀ ਨਾਲ ਟਕਰਾਈ, ਤਿੰਨ ਦੀ ਮੌਤ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸਿੰਧੂ)**-ਜਲੰਧਰ ਪਠਾਨਕੋਟ ਨੈਸ਼ਨਲ ਹਾਈਵੇ ਤੇ ਪੈਂਦੇ ਪਿੰਡ ਜਹੂਰਾ ਮੋੜ ਨੇੜੇ ਇੱਕ ਕਾਰ ਤੇ ਫਰੂਟ ਰੇਹੜੀ ਵਿਚਕਾਰ ਵਾਪਰੇ ਦਰਦਨਾਕ ਸੜਕ ਹਾਦਸੇ ਵਿੱਚ



ਰੇਹੜੀ ਵਾਲੇ ਸਮੇਤ ਤਿੰਨ ਲੋਕਾਂ ਦੀ ਮੌਕੇ ਤੇ ਮੌਤ ਹੋ ਗਈ ਜਦਕਿ ਤਿੰਨ ਕਾਰ ਸਵਾਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ । ਇਹ ਸੜਕ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਇਕ ਬੇਕਾਬੂ ਕਾਰ ਜੋ ਜਲੰਧਰ ਵਾਲੇ ਪਾਸੇ ਤੋਂ ਆ ਰਹੀ ਸੀ ਜਲੰਧਰ ਪਠਾਨਕੋਟ ਨੈਸ਼ਨਲ ਹਾਈਵੇ ਤੇ ਪੈਂਦੇ ਪਿੰਡ ਜਹੂਰਾ ਮੋੜ ਨੇੜੇ ਸੜਕ ਕਿਨਾਰੇ ਲੱਗੀ ਇਕ ਫਰੂਟ ਰੇਹੜੀ ਨਾਲ ਜਾ ਟਕਰਾਈ। ਇਸ ਮੌਕੇ ਸੜਕ ਸੁਰੱਖਿਆ ਫੋਰਸ ਟੀਮ ਨੇ ਜ਼ਖ਼ਮੀਆਂ ਨੂੰ ਮੌਕੇ ਤੇ ਸਰਕਾਰੀ ਹਸਪਤਾਲ ਟਾਂਡਾ ਦਾਖਲ ਕਰਵਾਇਆ ਗਿਆ ਜਿੱਥੇ ਉਹ ਜੇਰੇ ਇਲਾਜ ਹਨ । ਮ੍ਰਿਤਕਾਂ ਦੀ ਪਛਾਣ ਅਨੀਕ , ਇਖਲਾਸ ਵਾਸੀ ਸ੍ਰੀਨਗਰ ਤੇ ਸੁਖਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਚੱਕ ਸ਼ਰੂਰ ਚੌਲਾਂਗ ਵਜੋਂ ਹੋਈ ਹੈ ਜਦਕਿ ਜ਼ਖ਼ਮੀਆਂ ਦੀ ਪਛਾਣ ਦਾਨਿਸ਼ , ਸੋਹਿਲ ਤੇ ਉਮੇਦ ਮੁਹੰਮਦ ਵਾਸੀ ਸ੍ਰੀਨਗਰ ਵਜੋਂ ਹੋਈ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਖ਼ਮੀ ਦਾਨਿਸ਼ ਨੇ ਦੱਸਿਆ ਕਿ ਵੀਰਵਾਰ ਉਹ ਪੰਜ ਦੋਸਤ ਇਕੱਠੇ ਹੋ ਕੇ ਇੱਕ ਕਾਰ ਨੰਬਰ ਜੇਕੇ 01 ਬੀਸੀ 8358 ਰਾਹੀ ਦਿੱਲੀ ਗਏ ਸਨ ਤੇ ਜਦੋਂ ਐਤਵਾਰ ਦੁਪਹਿਰ ਵਾਪਸ ਆਉਂਦੇ ਸਮੇਂ ਜਲੰਧਰ ਪਠਾਨਕੋਟ ਨੈਸ਼ਨਲ ਹਾਈਵੇ ਤੇ ਪੈਂਦੇ ਪਿੰਡ ਜਹੂਰਾ ਮੋੜ ਨੇੜੇ ਪਹੁੰਚੇ ਤੇ ਕਾਰ ਚਾਲਕ ਸੋਹਿਲ ਨੂੰ ਨੀਂਦ ਆਉਣ ਕਾਰਨ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੀ ਫਰੂਟ ਰੇਹੜੀ ਜਿਸਨੂੰ ਸੁਖਵਿੰਦਰ ਸਿੰਘ ਚਲਾ ਰਿਹਾ ਸੀ ਨਾਲ ਜਾ ਟਕਰਾਈ । ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐੱਸ ਆਈ ਗੁਰਦੀਪ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਹਾਦਸਾ ਏਨਾ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਤੇ ਅਨੀਕ , ਇਖਲਾਸ ਤੇ ਸੁਖਵਿੰਦਰ ਸਿੰਘ ਦੀ ਮੌਕੇ ਤੇ ਮੌਤ ਹੋ ਗਈ । ਸੁਖਵਿੰਦਰ ਸਿੰਘ ਦੀ ਲਾਸ਼ ਪੂਰੀ ਤਰ੍ਹਾਂ ਕੁਚਲੀ ਗਈ ਸੀ, ਜਿਸ ਨੂੰ ਬਾਹਰ ਕੱਢਣ ਲਈ ਕਰੇਨ ਦੀ ਮੱਦਦ ਲੈਣੀ ਪਈ ਤੇ ਕਾਰ ਨੂੰ ਉਪਰ ਚੁੱਕ ਮ੍ਰਿਤਕ ਸੁਖਵਿੰਦਰ ਸਿੰਘ ਦੀ ਲਾਸ਼ ਬਾਹਰ ਕੱਢੀ । ਪੁਲਸ ਨੇ ਮੌਕੇ ਤੇ ਮ੍ਰਿਤਕਾਂ ਦੀਆਂ ਲਾਸ਼ਾਂ ਆਪਣੇ ਕਬਜ਼ੇ ਵਿਚ ਲੈ ਕੇ ਅਗਲੀ ਕਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ।

## ਮਾਤਾ ਚਿੰਤਪੁਰਨੀ ਦੇ ਮੇਲੇ ਸੰਬੰਧੀ ਭੰਡਾਰਾ ਲਗਾਇਆ



**ਗੁਰਾਇਆ (ਬਿੰਦਰ ਸੁਮਨ)**-ਮਾਤਾ ਚਿੰਤਪੁਰਨੀ ਦੇ ਪਾਵਨ ਮੇਲੇ ਅਤੇ ਸਾਵਣ ਮਹੀਨੇ ਦੇ ਨਵਰਾਤਰਿਆਂ ਨੂੰ ਸਮਰਪਿਤ ਦੂਸਰਾ ਵਿਸ਼ਾਲ ਭੰਡਾਰਾ ਇਲਾਕੇ ਭਰ ਦੀ ਸਮੂਹ ਸੰਗਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਜੀ ਟੀ ਰੋਡ ਗੁਰਾਇਆ ਵਿਖੇ ਲਗਾਇਆ ਗਿਆ। ਜਿਸ ਦੌਰਾਨ ਮਾਤਾ ਦੇ ਦਰਸ਼ਨਾ ਲਈ ਜਾਣ ਵਾਲੇ ਸ਼ਰਧਾਲੂਆ ਨੂੰ ਸੇਵਾਦਾਰਾਂ ਨੇ ਬੜੇ ਸਤਿਕਾਰ ਸਾਹਿਤ ਭੰਡਾਰਾ ਛਕਾਇਆ। ਇਸ ਮੌਕੇ ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਹਰਜੋਤ ਕੌਰ ਲੋਹਟੀਆ ਵੀ ਇਸ ਭੰਡਾਰੇ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਭੰਡਾਰੇ ਦੇ ਮੁੱਖ ਪ੍ਰਬੰਧਕ ਰਾਜਨ ਪੰਡਿਤ ਨੇ ਆਪਣੀ ਨੇਕ ਕਮਾਈ ਵਿਚੋਂ ਇਸ ਭੰਡਾਰੇ ਵਿੱਚ ਸੇਵਾ ਕਰਨ ਵਾਲੇ ਐੱਨ ਆਰ ਆਈ ਤੇ ਭੰਡਾਰਾ ਵਰਤਾਉਣ ਵਾਲੇ ਸੇਵਾਦਾਰਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਅਥਰਵ ਪੰਡਿਤ, ਰਾਜਨ ਪੰਡਿਤ, ਜੱਸਾ, ਦੀਪਾ, ਕਮਲ, ਕਰਨ, ਪਾਰਸ, ਜਿੰਦੂ, ਬਿੰਦੂ, ਨਵੀ, ਜੋਤੀ, ਦਵਿੰਦਰ, ਸਚਿਨ, ਨਿੰਦਰ, ਗੋਪੀ, ਸੁੱਖਾ, ਅਮਨ, ਸੈਮ, ਸਾਬੀ ਤੋ ਇਲਾਵਾ ਵੱਡੀ ਗਿਣਤੀ ਵਿੱਚ ਮਾਤਾ ਜੀ ਦੇ ਭਗਤ ਹਾਜ਼ਰ ਸਨ।

## ਐੱਸ ਡੀ ਕਾਲਜ 'ਚ ਧਾਰਮਿਕ ਸਮਾਗਮ ਨਾਲ ਨਵੇਂ ਸੈਸ਼ਨ ਦਾ ਆਗਾਜ਼



**ਸੁਲਤਾਨਪੁਰ ਲੋਧੀ (ਹਨੀ)**-ਐਸ .ਡੀ ਕਾਲਜ ਫਾਰ ਵੂਮੈਨ ਵਿਖੇ ਨਵੇਂ ਸੈਸ਼ਨ ਦਾ ਸ਼ੁਭ ਆਰੰਭ ਸ੍ਰੀ ਅੰਮ੍ਰਿਤ ਬਾਣੀ ਜੀ ਦੇ ਪਾਠ ਅਤੇ ਭਜਨ ਕੀਰਤਨ ਨਾਲ ਕੀਤਾ ਗਿਆ । ਐੱਸ ਡੀ ਸਭਾ ਦੇ ਪ੍ਰਧਾਨ ਰਾਕੇਸ਼ ਕੁਮਾਰ ਧੀਰ, ਪੈਟਰਨ ਅਮਰ ਚੰਦ ਧੀਰ ਮੈਨੇਜਰ ਉਮਾ ਦੱਤ ਸ਼ਰਮਾ ਅਤੇ ਕੈਸ਼ੀਅਰ ਸ਼ਸ਼ੀਕਾਂਤ ਚੋਪੜਾ ਵੀ ਧਾਰਮਿਕ ਸਮਾਗਮ 'ਚ ਸ਼ਾਮਲ ਹੋਏ। ਕਾਲਜ ਦੇ ਪ੍ਰਿੰਸੀਪਲ ਡਾਕਟਰ ਵੰਦਨਾ ਸ਼ੁਕਲਾ ਵੱਲੋਂ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।ਨਵੇਂ ਸੈਸ਼ਨ ਦੌਰਾਨ ਕਾਲਜ 'ਚ ਦਾਖਲਾ ਲੈਣ ਵਾਲੀਆਂ ਨਵੀਆਂ ਵਿਦਿਆਰਥਣਾਂ ਦਾ ਵੀ ਸਵਾਗਤ ਕੀਤਾ ਗਿਆ । ਇਸ ਮੌਕੇ ਸਟਾਫ ਮੈਂਬਰਾਂ ਅਤੇ ਵਿਦਿਆਰਥਣਾਂ ਵੱਲੋਂ ਰਾਮ ਨਾਮ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਅਤੇ ਨਵੇਂ ਸੈਸ਼ਨ ਦੇ ਸੁੱਖਮਈ , ਮੰਗਲਮਈ ਅਤੇ ਉਨਤੀ ਭਰਪੂਰ ਹੋਣ ਦੀ ਕਾਮਨਾ ਕੀਤੀ ਗਈ । ਭਜਨ ਕੀਰਤਨ ਅਤੇ ਅਧਿਆਤਮਿਕ ਮਾਹੌਲ ਨਾਲ ਸਮੁੱਚਾ ਕਾਲਜ ਰਸਮਈ ਹੋ ਗਿਆ ।ਪ੍ਰਿੰਸੀਪਲ ਡਾ.ਸ਼ੁਕਲਾ ਨੇ ਪੁੱਜੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ, ਵਿਦਿਆਰਥੀਆਂ ਦੇ ਉੱਜਵਲ ਭਵਿੱਖ ਅਤੇ ਸਫਲ ਜੀਵਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵੱਡੀ ਗਿਣਤੀ ਚ ਵਿਦਿਆਰਥਣਾਂ ਹਾਜਰ ਸਨ।

## ਦੇਸ਼ ਭਗਤੀ ਦੇ ਰੰਗ 'ਚ ਰੰਗਿਆ ਆਜ਼ਾਦੀ ਦਿਵਸ ਸਮਾਰੋਹ




**ਆਦਮਪੁਰ (ਪਰਮਜੀਤ ਸਿੰਘ)**-ਦੀ ਇੰਪੀਰੀਅਲ ਸਕੂਲ, ਗ੍ਰੀਨ ਕੈਂਪਸ ਵਿੱਚ ਭਾਰਤ ਦਾ ਅਜ਼ਾਦੀ ਦਿਵਸ ਬਹੁਤ ਹੀ ਉਤਸ਼ਾਹ, ਜੋਸ਼ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਸਕੂਲ ਦਾ ਪੂਰਾ ਪਰਿਸਰ ਤਿਰੰਗੇ ਦੇ ਰੰਗਾਂ ਅਤੇ ਦੇਸ਼ ਪ੍ਰੇਮ ਦੀਆਂ ਭਾਵਨਾਵਾਂ ਨਾਲ ਸਰਾਬੋਰ ਨਜ਼ਰ ਆਇਆ। ਸਮਾਰੋਹ ਦੀ ਸ਼ੁਰੂਆਤ ਝੰਡਾ ਲਹਿਰਾਉਣ ਅਤੇ ਰਾਸ਼ਟਰੀ ਗਾਨ ਨਾਲ ਕੀਤੀ ਗਈ, ਜਿਸ ਨੇ ਸਾਰਿਆਂ ਦੇ ਮਨਾਂ ਵਿੱਚ ਦੇਸ਼ ਪ੍ਰਤੀ ਸਨਮਾਨ ਅਤੇ ਮਾਣ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ। ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਗਿਨੀਜ਼ ਵਰਲਡ ਰਿਕਾਰਡ ਹੋਲਡਰ ਹਰਪ੍ਰੀਤ ਸਿੰਘ ਅਤੇ ਡਾ. ਸਚਿਨ ਖੁੱਲਰ ਨੇ ਆਪਣੀ ਵਿਸ਼ੇਸ਼ ਹਾਜ਼ਰੀ ਦਰਜ ਕਰਵਾਈ। ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ਭਗਤੀ ਗੀਤ, ਭਾਸ਼ਣ, ਕਵਿਤਾ, ਨ੍ਰਿਤ ਅਤੇ ਭੰਗੜੇ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਰਾਹੀਂ ਭਾਰਤ ਦੀ ਸੰਸਕ੍ਰਿਤੀ, ਅਜ਼ਾਦੀ ਸੈਨਾਨੀਆਂ ਦੇ ਬਲਿਦਾਨ ਅਤੇ ਦੇਸ਼ ਪ੍ਰੇਮ ਦਾ ਸੁਨੇਹਾ ਦਿੱਤਾ। ਸਮਾਰੋਹ ਦੌਰਾਨ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਉਨ੍ਹਾਂ ਨੂੰ ਦੇਸ਼ ਦੇ ਇਤਿਹਾਸ ਨਾਲ ਜੋੜਨ ਦੇ ਉਦੇਸ਼ ਨਾਲ ਆਜ਼ਾਦੀ ਦਿਵਸ ਵਿਸ਼ੇਸ਼ ਕੁਇਜ਼ ਮੁਕਾਬਲੇ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੇ ਨਾਲ ਹੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਉਪਲਬਧੀਆਂ ਲਈ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਕੇ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਆਤਮ ਵਿਸ਼ਵਾਸ ਦੀ ਝਲਕ ਦਿਖਾਈ ਦਿੱਤੀ। ਮੁੱਖ ਮਹਿਮਾਨ ਡਾ. ਸਚਿਨ ਖੁੱਲਰ ਅਤੇ ਹਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੂੰ ਅਨੁਸ਼ਾਸਨ, ਮਿਹਨਤ ਅਤੇ ਸਕਾਰਾਤਮਕ ਸੋਚ ਨਾਲ ਅੱਗੇ ਵਧਣ ਅਤੇ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮਾਨਮੱਤੇ ਮੌਕੇ 'ਤੇ ਸਕੂਲ ਦੇ ਪ੍ਰਧਾਨ ਜਗਦੀਸ਼ ਲਾਲ , ਡਾਇਰੈਕਟਰ ਜਗਮੋਹਨ ਅਰੋੜਾ, ਦਿਸ਼ਾ ਅਰੋੜਾ, ਸੀ ਓ ਓ ਸੁਖਦੇਵ ਅਰੋੜਾ, ਨਿਖਿਲ ਅਰੋੜਾ, ਪ੍ਰਿੰਸੀਪਲ ਰਾਜਵਿੰਦਰ ਪਾਲ ਅਤੇ ਵਾਈਸ ਪ੍ਰਿੰਸੀਪਲ ਪੂਜਾ ਠਾਕੁਰ ਸਮੇਤ ਸਕੂਲ ਦੇ ਸਮੂਹ ਅਧਿਆਪਕ ਅਤੇ ਵਿਦਿਆਰਥੀ ਮੌਜੂਦ ਰਹੇ।ਸਮਾਰੋਹ ਦੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਅਜ਼ਾਦੀ ਦਿਵਸ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।

# ਜਗਸ਼ੇਰ ਸਿੰਘ ਤੇ ਇਨਾਇਤ ਗੁਲਾਟੀ ਬਣੇ ਪੰਜਾਬ ਦੇ ਸੀਨੀਅਰ ਬੈਡਮਿੰਟਨ ਚੈਂਪੀਅਨ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**-ਇਨੋਸੈਂਟ ਹਾਰਟਸ ਪੰਜਾਬ ਸਟੇਟ ਸੀਨੀਅਰ ਰੈਂਕਿੰਗ ਬੈਡਮਿੰਟਨ ਟੂਰਨਾਮੈਂਟ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ। ਪਟਿਆਲਾ ਦੇ ਜਗਸ਼ੇਰ ਸਿੰਘ ਖੰਗੂੜਾ ਅਤੇ ਜਲੰਧਰ ਦੀ ਇਨਾਇਤ ਗੁਲਾਟੀ ਨੇ ਕ੍ਰਮਵਾਰ ਪੁਰਸ਼ ਅਤੇ ਮਹਿਲਾ ਸਿੰਗਲਜ਼ ਦਾ ਖਿਤਾਬ ਜਿੱਤਿਆ। ਦੋਵੇਂ ਜੇਤੂ ਅਗਲੇ ਮਹੀਨੇ ਹੋਣ ਵਾਲੀ ਨਾਰਥ ਜ਼ੋਨ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨਗੇ।ਪੁਰਸ਼ ਸਿੰਗਲਜ਼ ਦੇ ਫਾਈਨਲ ਵਿੱਚ ਜਗਸ਼ੇਰ ਸਿੰਘ ਖੰਗੂੜਾ ਨੇ ਜਲੰਧਰ ਦੇ ਵੀਰਨ ਸੇਠ ਨੂੰ ਬੇਹੱਦ ਰੋਮਾਂਚਕ ਮੁਕਾਬਲੇ ਵਿੱਚ 15-10, 10-15, 20-18 ਨਾਲ ਹਰਾਇਆ। ਮਹਿਲਾ ਸਿੰਗਲਜ਼ ਦੇ ਫਾਈਨਲ ਵਿੱਚ ਵੀ ਸਖ਼ਤ ਟੱਕਰ ਦੇਖਣ ਨੂੰ ਮਿਲੀ। ਇਨਾਇਤ ਗੁਲਾਟੀ ਨੇ ਗੁਰਦਾਸਪੁਰ ਦੀ ਮਹਿਵਿਸ਼ ਕੌਰ ਨੂੰ 9-15, 15-9, 19-17 ਨਾਲ ਹਰਾ ਕੇ ਖਿਤਾਬ ਆਪਣੇ ਨਾਮ ਕੀਤਾ। ਅੰਡਰ-19 ਲੜਕਿਆਂ ਦੇ ਸਿੰਗਲਜ਼ ਫਾਈਨਲ ਵਿੱਚ ਜਲੰਧਰ ਦੇ ਵੀਰਨ ਸੇਠ ਨੇ ਆਪਣੇ ਹੀ ਸ਼ਹਿਰ ਦੇ ਦਿਵਯਮ ਸਚਦੇਵਾ ਨੂੰ 15-9, 9-15, 15-1 ਨਾਲ ਹਰਾ ਕੇ ਖਿਤਾਬ ਜਿੱਤਿਆ। ਅੰਡਰ-19 ਲੜਕੀਆਂ ਦੇ ਸਿੰਗਲਜ਼ ਵਿੱਚ ਮਹਿਵਿਸ਼ ਕੌਰ ਨੇ ਸੀਨੀਅਰ ਵਰਗ ਦੇ ਫਾਈਨਲ ਵਿੱਚ ਮਿਲੀ ਹਾਰ ਦਾ ਬਦਲਾ ਲੈਂਦਿਆਂ ਇਨਾਇਤ ਗੁਲਾਟੀ ਨੂੰ ਸਿੱਧੇ ਗੇਮਾਂ ਵਿੱਚ 15-11, 15-13 ਨਾਲ ਹਰਾਇਆ।ਇਨਾਮ ਵੰਡ ਸਮਾਗਮ ਵਿੱਚ ਜਲੰਧਰ ਦੇ ਡਵੀਜ਼ਨਲ ਕਮਿਸ਼ਨਰ ਰਾਮਵੀਰ ਸਿੰਘ, ਆਈਏਐਸ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਨੇ ਦੱਸਿਆ ਕਿ ਅੰਡਰ-19 ਲੜਕੀਆਂ ਦੇ ਡਬਲਜ਼ ਵਿੱਚ ਸਮਾਇਰਾ ਅਰੋੜਾ ਅਤੇ ਸੀਜਾ ਨੇ ਖਿਤਾਬ



ਜਿੱਤਿਆ, ਜਦਕਿ ਦਿਸ਼ਿਕਾ ਸੂਰੀ ਅਤੇ ਉਪਨੀਤ ਕੌਰ ਉਪ ਜੇਤੂ ਰਹੀਆਂ। ਗੁਰਲੀਨ ਕੌਰ ਢਿੱਲੋਂ-ਗੁਰਸਿਮਰਤ ਕੌਰ ਚਹਿਲ ਅਤੇ ਅਮੇਲੀਆ ਭਾਕੂ-ਅਨੰਨਿਆ ਨਿਸ਼ਾਵਨ ਦੀਆਂ ਜੋੜੀਆਂ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਅੰਡਰ-19 ਲੜਕਿਆਂ ਦੇ ਡਬਲਜ਼ ਵਿੱਚ ਆਦਿਤਿਆ ਸ਼ਰਮਾ ਅਤੇ ਵੀਰਨ ਸੇਠ ਜੇਤੂ ਰਹੇ, ਜਦਕਿ ਅਖਿਲ ਅਰੋੜਾ ਅਤੇ ਕ੍ਰਿਤੱਗ ਅਰੋੜਾ ਉਪ ਜੇਤੂ ਰਹੇ। ਅਨਿਰੁੱਧ ਗਿਲਹੋਤਰਾ-ਜ਼ੋਰਾਵਰ ਸਿੰਘ ਅਤੇ ਰੁਦਰਾਕਸ਼ ਕਾਸ਼ਨੀਆ-ਸਮਾਰਥ ਭਾਰਦਵਾਜ ਦੀਆਂ ਜੋੜੀਆਂ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀਆਂ।ਅੰਡਰ-19 ਮਿਕਸਡ ਡਬਲਜ਼ ਵਿੱਚ ਸਮਾਰਥ ਭਾਰਦਵਾਜ ਅਤੇ ਸੀਜਾ ਨੇ ਖਿਤਾਬ ਜਿੱਤਿਆ। ਸ਼ਿਵੇਨ ਢੀਂਗਰਾ ਅਤੇ ਅਨੰਨਿਆ ਨਿਸ਼ਾਵਨ ਉਪ ਜੇਤੂ ਰਹੇ। ਅਰਨਵ ਠਾਕੁਰ-ਲਿਆਜ਼ਦੀਪ ਕੌਰ ਅਤੇ ਕ੍ਰਿਤੱਗ ਅਰੋੜਾ-ਸਮਾਇਰਾ ਅਰੋੜਾ ਦੀਆਂ ਜੋੜੀਆਂ ਨੇ ਸਾਂਝਾ ਤੀਜਾ ਸਥਾਨ ਹਾਸਲ ਕੀਤਾ। ਮਿਕਸਡ ਡਬਲਜ਼ ਵਿੱਚ ਸਿਆਮ ਪ੍ਰਸਾਦ ਉਦਯਕੁਮਾਰ ਅਤੇ ਲਿਜ਼ਾ ਟਾਂਕ ਨੇ ਖਿਤਾਬ ਆਪਣੇ ਨਾਂਅ ਕੀਤਾ, ਜਦਕਿ ਮ੍ਰਿਦੁਲ ਝਾ ਅਤੇ ਮਾਨਿਆ ਰਾਹਲਾਨ ਉਪ ਜੇਤੂ ਰਹੇ। ਸ਼ਿਵੇਨ ਢੀਂਗਰਾ-ਅਨੰਨਿਆ ਨਿਸ਼ਾਵਨ ਅਤੇ ਆਕਰਸ਼ਿਤ ਸ਼ਰਮਾ-ਸੀਜਾ ਦੀਆਂ ਜੋੜੀਆਂ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀਆਂ।ਮਹਿਲਾ ਡਬਲਜ਼ ਵਿੱਚ ਮਾਨਿਆ ਰਾਹਲਾਨ ਅਤੇ ਸਾਨਵੀ ਨੌਟਿਆਲ ਨੇ ਖਿਤਾਬ ਜਿੱਤਿਆ, ਜਦਕਿ ਲਿਜ਼ਾ ਟਾਂਕ ਅਤੇ ਸੀਜਾ ਦੂਜੇ ਸਥਾਨ 'ਤੇ ਰਹੀਆਂ। ਦਿਸ਼ਿਕਾ ਸੂਰੀ-ਉਪਨੀਤ ਕੌਰ ਅਤੇ ਅਮੇਲੀਆ ਭਾਕੂ-ਅਨੰਨਿਆ ਨਿਸ਼ਾਵਨ ਦੀਆਂ ਜੋੜੀਆਂ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀਆਂ।ਪੁਰਸ਼ ਡਬਲਜ਼ ਵਿੱਚ ਅਰਿਆਨ ਅਜੀ ਅਤੇ ਸਿਆਮ ਪ੍ਰਸਾਦ ਉਦਯਕੁਮਾਰ ਨੇ ਖਿਤਾਬ ਜਿੱਤਿਆ, ਜਦਕਿ ਅਨਿਸ਼ ਭਾਰਦਵਾਜ ਅਤੇ ਮ੍ਰਿਦੁਲ ਝਾ ਉਪ ਜੇਤੂ ਰਹੇ।ਸਮਾਗਮ ਵਿੱਚ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸੀਨੀਅਰ ਅਹੁਦੇਦਾਰ ਰਾਕੇਸ਼ ਖੰਨਾ, ਹਰਪ੍ਰੀਤ ਸਿੰਘ, ਧੀਰਜ ਸ਼ਰਮਾ ਅਤੇ ਸ਼ਮਸ਼ੇਰ ਸਿੰਘ ਢਿੱਲੋਂ ਸਮੇਤ ਹੋਰ ਅਹੁਦੇਦਾਰ ਅਤੇ ਖਿਡਾਰੀ ਮੌਜੂਦ ਸਨ।

## ਗੋਲੀ ਚੱਲਣ ਨਾਲ ਨੌਜਵਾਨ ਜ਼ਖ਼ਮੀ, ਹਮਲਾਵਰ ਫਰਾਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਥਾਣਾ ਕਬੀਰਪੁਰ ਅਧੀਨ ਪੈਂਦੇ ਪਿੰਡ ਸਰਦੁੱਲਾਪੁਰ ਵਿੱਚ ਗੋਲੀਆਂ ਦੀ ਤਾੜ-ਤਾੜ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਫਾਇਰਿੰਗ ਦੀ ਇਸ ਵਾਰਦਾਤ ਦੌਰਾਨ ਪਿੰਡ ਦੇ 25 ਸਾਲਾ ਨੌਜਵਾਨ ਸੁਖਦੀਪ ਸਿੰਘ ਪੁੱਤਰ ਜੱਸਾ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਨੌਜਵਾਨ ਦੇ ਚਿਹਰੇ ਦੇ ਖੱਬੇ ਪਾਸੇ ਗੋਲੀ ਲੱਗੀ ਦੱਸੀ ਜਾ ਰਹੀ ਹੈ।ਜਾਣਕਾਰੀ ਅਨੁਸਾਰ ਹਮਲਾਵਰ ਕਾਲੇ ਰੰਗ ਦੀ ਸਕਾਰਪੀਓ ਗੱਡੀ ਵਿੱਚ ਸਵਾਰ ਹੋ ਕੇ ਆਏ ਸਨ ਅਤੇ ਗੋਲ਼ੀਆਂ ਚਲਾਉਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ। ਪਿੰਡ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕਥਿਤ ਹਮਲਾਵਰਾਂ ਅਤੇ ਗੱਡੀ ਦੀਆਂ ਤਸਵੀਰਾਂ ਕੈਦ ਹੋਣ ਦੀ ਗੱਲ ਸਾਹਮਣੇ ਆਈ ਹੈ। ਘਟਨਾ ਤੋਂ ਬਾਅਦ ਜ਼ਖ਼ਮੀ ਸੁਖਦੀਪ ਸਿੰਘ ਨੂੰ ਤੁਰੰਤ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਮੁੱਢਲਾ ਇਲਾਜ ਕਰਨ ਉਪਰੰਤ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉੱਚ ਇਲਾਜ ਲਈ ਰੈਫਰ ਕਰ ਦਿੱਤਾ ਗਿਆ। ਪਰਿਵਾਰ ਮੁਤਾਬਕ ਨੌਜਵਾਨ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਜ਼ਖ਼ਮੀ ਨੌਜਵਾਨ ਦੇ ਭਰਾ ਨੇ ਦੱਸਿਆ ਕਿ ਪਹਿਲਾਂ ਵੀ ਉਸ ਦੇ ਛੋਟੇ ਭਰਾਵਾਂ 'ਤੇ ਹਮਲੇ ਦੀ ਕੋਸ਼ਿਸ਼ ਹੋ ਚੁੱਕੀ ਹੈ। ਹੁਣ ਮੁੜ ਗੋਲ਼ੀਬਾਰੀ ਕਰਕੇ ਉਸ ਦੇ ਭਰਾ ਨੂੰ ਗੰਭੀਰ



ਜ਼ਖ਼ਮੀ ਕਰ ਦਿੱਤਾ ਗਿਆ। ਉਸ ਨੇ ਦੱਸਿਆ ਕਿ ਹਮਲਾਵਰ ਕਾਲੇ ਰੰਗ ਦੀ ਗੱਡੀ ਵਿੱਚ ਸਵਾਰ ਹੋ ਕੇ ਆਏ ਸਨ।ਪਰਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸੀ ਸੀ ਟੀ ਵੀ ਫੁਟੇਜ ਅਤੇ ਹੋਰ ਸਬੂਤਾਂ ਦੇ ਆਧਾਰ 'ਤੇ ਹਮਲਾਵਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਲਦ ਕਾਬੂ ਕੀਤਾ ਜਾਵੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪਰਿਵਾਰ ਦਾ ਕਹਿਣਾ ਹੈ ਕਿ ਘਟਨਾ ਤੋਂ ਬਾਅਦ ਉਹ ਡਰ ਅਤੇ ਚਿੰਤਾ ਦੇ ਮਾਹੌਲ ਵਿੱਚ ਹਨ।ਥਾਣਾ ਕਬੀਰਪੁਰ ਦੇ ਮੁਖੀ ਮਲਕੀਤ ਸਿੰਘ ਨੇ ਕਿਹਾ ਕਿ ਮਾਮਲਾ ਪੁਲਸ ਦੇ ਧਿਆਨ ਵਿੱਚ ਆ ਚੁੱਕਾ ਹੈ ਤੇ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਟਾਂਡਾ 'ਚ ਕੱਢਿਆ ਤਿਰੰਗਾ ਮਾਰਚ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**-ਦੇਸ਼ ਦੀ ਆਜ਼ਾਦੀ ਅਤੇ ਆਜ਼ਾਦ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣ ਸਬੰਧੀ ਟਾਂਡਾ ਸ਼ਹਿਰ ਵਿਚ ਤਿਰੰਗਾ ਮਾਰ ਕੱਢਣ ਲਈ ਭਾਰਤੀਯ ਵਾਲਮੀਕਿ ਧਰਮ ਸਮਾਜ ਦੇ ਰਾਸ਼ਟਰੀ ਸੰਚਾਲਕ ਸੁਰਿੰਦਰ ਜਾਜਾ ਜੀ ਅਗਵਾਈ ਵਿੱਚ ਸ਼ਿਮਲਾ



ਪਹਾੜੀ ਉੜਮੁੜ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇਲਾਕੇ ਦੀਆਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈ ਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਭਾਵਾਧਸ ਵਰਕਰਾਂ ਨੇ ਸ਼ਿਰਕਤ ਕੀਤੀ। ਮੀਟਿੰਗ 'ਚ ਸ਼ਾਮਿਲ ਯੋਗੀ ਰਿਵਾਈ ਨਾਥ ਜੀ ਮਹਾਰਾਜ, ਮਹੰਤ ਚੰਦਰ ਗਿਰੀ ਮਹਾਰਾਜ, ਬਾਬਾ ਬ੍ਰਹਮ ਨੰਦ ਉਦਾਸੀਨ, ਸ਼ਿਵ ਪਾਲ ਨੰਦ ਜੀ, ਪੰਡਿਤ ਰਮੇਸ਼ ਕੁਮਾਰ, ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ, ਅੰਮ੍ਰਿਤ ਪਾਲ ਸਿੰਘ ਬਾਜਵਾ, ਰਣਜੀਤ ਸਿੰਘ, ਬੋਬੀ ਰਾਜਪੁਰ, ਸੰਦੀਪ ਭਾਗੀਆਂ, ਰਾਜਵਿੰਦਰ, ਰਮੇਸ਼ਵਰ ਕੁਕਰੇਤੀ, ਪਰਮਜੀਤ ਬਾਬੂ, ਸੁਰਜੀਤ ਰਾਜਾ, ਅਮਰਦੀਪ ਜੌਲੀ, ਭਗਵਾਨ ਵਾਲਮੀਕੀ ਸੈਨਾ ਦੇ ਜ਼ਿਲਾ ਪ੍ਰਧਾਨ ਬੰਟੀ ਸਹੋਤਾ, ਮੰਨਾ ਮਹਿਰਾ, ਅਰੁਣ ਪੁਰੀ, ਵਿੱਕੀ ਮਹਿੰਦਰੂ, ਜਸਬੀਰ ਸਿੰਘ, ਸਰਬਜੀਤ ਸਾਬੀ, ਸੰਨੀ ਨਾਹਰ, ਸ਼ੁਭਮ ਮੱਟੂ, ਜਗਰੂਪ ਮਹਿਰਾ ਅਤੇ ਤੈਨੂੰ ਮਹਿਰਾ ਤੋਂ ਇਲਾਵਾ ਹੋਰ ਵੱਖ ਵੱਖ ਸੰਸਥਾਵਾਂ ਦੇ ਆਗੂਆਂ ਵੱਲੋਂ ਹੱਥਾਂ ਵਿੱਚ ਤਿਰੰਗਾ ਝੰਡਾ ਲਹਿਰਾਉਂਦੇ ਹੋਏ ਬੰਦੇ ਮਾਤਰਮ ਤੋਂ ਇਲਾਵਾ ਦੇਸ਼ ਭਗਤੀ ਦੇ ਨਾਰੇ ਲਗਾਉਂਦੇ ਸ਼ਿਮਲਾ ਪਹਾੜੀ ਤੋਂ ਚੱਲ ਕੇ ਸ਼ਹਿਰ ਦੇ ਵੱਖ-ਵੱਖ ਚੌਕਾਂ ਤੋਂ ਲੰਘਦੇ ਹੋਏ ਸ਼ਹੀਦ ਚੌਂਕ ਟਾਂਡਾ ਵਿਖੇ ਪਹੁੰਚ ਕੇ ਇਹ ਤਿਰੰਗਾ ਮਾਰਚ ਸੰਪੰਨ ਕੀਤਾ ਗਿਆ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਤਿਰੰਗਾ ਸਾਡਾ ਮਾਣ ਅਤੇ ਦੇਸ਼ ਦੀ ਸ਼ਾਨ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਦੇਸ਼ ਦੀ ਆਜ਼ਾਦੀ ਦਾ 76ਵਾਂ ਅੰਮ੍ਰਿਤ ਮਹਾਂ ਉਤਸਵ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਉਣਾ ਚਾਹੀਦਾ ਹੈ। ਇਸ ਮੌਕੇ ਤੇ ਯੁਵਾ ਨੇਤਾ ਰਾਜੂ ਖੋਸਲਾ, ਸ਼ਿਵ ਸੈਨਾ ਦੁਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਸਿਟੀ ਚੇਅਰਮੈਨ ਮਨਜੋਤ ਸਿੰਘ, ਆਸ਼ੂ ਵੈਦ, ਕੌਂਸਲ ਡਾਕਟਰ ਬਲਦੇਵ ਰਾਜ, ਸੁਰਜੀਤ ਸਿੰਘ, ਬਲਰਾਮ ਸਿੰਘ, ਰਾਜਾ ਚਰਨਜੀਤ ਸਿੰਘ, ਅਜੇ ਪਾਲ ਸੈਣੀ, ਅਮਿਤ ਤਲਵਾੜ, ਕਰਨ ਅਰੋੜਾ, ਗਗਨ ਮਲਿਕ ਮਨਿੰਦਰ ਗੋਲਡੀ, ਪ੍ਰੇਮ ਜੋੜਾਂ,ਆਰਬ ਖੋਸਲਾ, ਮਨਵੀਰ ਮਨੂੰ, ਗੱਗੀ ਸਹੋਤਾ, ਵਿਸ਼ਾਲ, ਮਿੱਠੂ, ਰਾਹੁਲ ਮਲਿਕ, ਪੁਨੀਤ ਮਲਕ ਅਸ਼ੋਕ ਫੌਜੀ ਗੁਰਦਿਆਲ ਵਿਕੀ ਅਸ਼ਵਨੀ ਸੰਨੀ ਮੱਟੂ ਕਸ਼ਮੀਰ ਸਿੰਘ ਸੁਖਵਿੰਦਰ ਸੁਖਵਿੰਦਰ ਤੋਤਾ ਲਖਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਗੁਰੂ ਰਵਿਦਾਸ ਦਾ ਜਨਮ ਦਿਹਾੜਾ ਮਨਾਉਣ ਸੰਬੰਧੀ ਮੀਟਿੰਗ

**ਫਿਲੌਰ (ਹਰਜਿੰਦਰ ਕੌਰ ਚਾਹਲ)**-ਸਥਾਨਕ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾ ਜਨਮ ਦਿਹਾੜਾ ਮਨਾਉਣ ਸਬੰਧੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਐਸ ਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਨੇ ਮੀਟਿੰਗ ਚ ਹਾਜ਼ਰੀ ਲਗਵਾਈ। ਜਿਸ ਦੌਰਾਨ ਉਨ੍ਹਾਂ ਸੰਗਤਾਂ ਨੂੰ ਸੰਬੋਧਨ



ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਦੇ ਵਿੱਚ ਸਾਡੇ ਗੁਰੂਆਂ ਦੀ ਬਾਣੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਫਿਰਕੇ ਦੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਬਰਾਬਰ ਹਾਂ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ 22 ਅਗਸਤ ਨੂੰ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਉਸੇ ਤਹਿਤ ਥਾਣਾ ਮੰਡੀ ਸੈਫਾਬਾਦ ਵਿਖੇ ਕੀਰਤਨ ਸਮਾਗਮ ਰੱਖਿਆ ਗਿਆ ਹੈ ਉਨ੍ਹਾਂ ਸਮੂਹ ਸੰਗਤਾਂ ਨੂੰ ਪੂਰਨ ਸਹਿਯੋਗ ਅਤੇ ਵੱਧ ਤੋਂ ਵੱਧ ਗਿਣਤੀ ਵਿੱਚ ਸਮਾਗਮ ਚ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਮੁੱਖ ਵਿਅਕਤੀਆਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹਾਜ਼ਰ ਪੰਕਜ ਲੋਹਟੀਆ ਪਰਮਜੀਤ ਭਾਰਤੀ ਕੌਂਸਲਰ, ਵੈਭਵ ਸ਼ਰਮਾ ਕੌਂਸਲਰ, ਰਾਜ ਕੁਮਾਰ ਵਿੱਕੀ ਕੌਂਸਲਰ ਪਤੀ, ਅਮਰਜੀਤ ਸਿੰਘ ਕੌਂਸਲਰ ਪਤੀ, ਸੁਰਿੰਦਰ ਡਾਬਰ ਕੌਂਸਲਰ, ਸ਼ੁਖਦੀਪ ਅੱਪਰਾ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਡਾਕਟਰ ਰਾਕੇਸ਼ ਸ਼ਰਮਾ, ਬਾਬਾ ਸਰੂਪ ਸਿੰਘ, ਹੰਸ ਰਾਜ ਠੇਕੇਦਾਰ, ਮਨਦੀਪ ਸਿੰਘ, ਯਾਦਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

## ਖ਼ੂਨਦਾਨ ਕੈਂਪ 'ਚ 38 ਯੂਨਿਟ ਖ਼ੂਨ ਇਕੱਠਾ ਕੀਤਾ

**ਮੋਹਾਲੀ (ਗੁਰਜੀਤ ਬਿੱਲਾ)**-ਦੇਸ਼ ਭਗਤੀ ਸਿਰਫ਼ ਸ਼ਬਦਾਂ ਤੱਕ ਸੀਮਤ ਨਹੀਂ ਹੈ, ਇਹ ਲੋੜਵੰਦਾਂ ਦੀਆਂ ਜਾਨਾਂ ਬਚਾਉਣ ਲਈ



ਕੀਤੀ ਗਈ ਸੇਵਾ ਵਿੱਚ ਵੀ ਝਲਕਦੀ ਹੈ। ਇਸ ਭਾਵਨਾ ਵਿੱਚ 80ਵੇਂ ਆਜ਼ਾਦੀ ਦਿਵਸ ਨੂੰ ਮਨਾਉਣ ਲਈ ਕਵਾਡਰੈਂਟ ਟੈਲੀਵੈਂਚਰ ਲਿਮਿਟਡ ਨੇ ਵਿਸ਼ਵਾਸ ਫਾਊਂਡੇਸ਼ਨ ਪੰਚਕੂਲਾ, ਇੰਡੀਅਨ ਰੈੱਡ ਕਰਾਸ ਸੋਸਾਇਟੀ, ਜ਼ਿਲ੍ਹਾ ਸ਼ਾਖਾ ਮੋਹਾਲੀ ਅਤੇ ਬਲੱਡ ਬੈਂਕ ਪੀਜੀਆਈ ਚੰਡੀਗੜ੍ਹ ਦੇ ਸਹਿਯੋਗ ਨਾਲ, ਕੰਪਨੀ ਦੇ ਅਹਾਤੇ, ਬੀ-71, ਫੇਜ਼ 7, ਇੰਡਸਟਰੀਅਲ ਏਰੀਆ, ਸੈਕਟਰ 74, ਮੋਹਾਲੀ ਵਿਖੇ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ। ਖ਼ੂਨਦਾਨ ਕੈਂਪ ਵਿੱਚ ਕਰਮਚਾਰੀਆਂ ਵਿੱਚ ਖਾਸ ਤੌਰ 'ਤੇ ਉਤਸ਼ਾਹ ਸੀ। ਕੈਂਪ ਵਿੱਚ 42 ਦਾਨੀਆਂ ਨੇ ਖ਼ੂਨਦਾਨ ਲਈ ਰਜਿਸਟ੍ਰੇਸ਼ਨ ਕਰਵਾਈ, ਜਿਨ੍ਹਾਂ ਵਿੱਚੋਂ 38 ਨੇ ਦਾਨ ਕੀਤਾ। ਬਲੱਡ ਬੈਂਕ ਪੀ ਜੀ ਆਈ ਚੰਡੀਗੜ੍ਹ ਦੇ ਡਾਕਟਰਾਂ ਅਤੇ ਮੈਡੀਕਲ ਟੀਮ ਨੇ 38 ਯੂਨਿਟ ਖ਼ੂਨ ਇਕੱਠਾ ਕੀਤਾ।ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਕੈਂਪ ਨੂੰ ਸਫਲ ਬਣਾਉਣ ਵਿੱਚ ਰਾਜੇਸ਼ ਕੁਮਾਰ ਸੋਨੀ, ਐੱਚ ਆਰ ਹੈੱਡ, ਕਵਾਡਰੈਂਟ ਟੈਲੀਵੈਂਚਰਜ਼ ਲਿਮਿਟਡ (ਕਨੈਕਟ ਬ੍ਰਾਡਬੈਂਡ) ਨੇ ਵਿਸ਼ੇਸ਼ ਅਤੇ ਸ਼ਲਾਘਾਯੋਗ ਸਹਾਇਤਾ ਪ੍ਰਦਾਨ ਕੀਤੀ। ਵਿਸ਼ਵਾਸ ਫਾਊਂਡੇਸ਼ਨ ਅਤੇ ਇੰਡੀਅਨ ਰੈੱਡ ਕਰਾਸ ਸੋਸਾਇਟੀ ਨੇ ਕੰਪਨੀ ਪ੍ਰਬੰਧਨ ਅਤੇ ਕਰਮਚਾਰੀਆਂ ਦੁਆਰਾ ਖ਼ੂਨਦਾਨ ਪ੍ਰਤੀ ਦਿਖਾਈ ਗਈ ਜਾਗਰੂਕਤਾ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ। ਰਾਜੇਸ਼ ਕੁਮਾਰ ਸੋਨੀ, ਐੱਚ ਆਰ ਹੈੱਡ, ਪੁਨੀਤ ਅਰੋੜਾ ਸੀ ਈ ਓਤੇ ਵੀਰੇਂਦਰ ਸ਼ਰਮਾ, ਐੱਚ ਆਰ, ਕਵਾਡਰੈਂਟ ਟੈਲੀਵੈਂਚਰਜ਼ ਲਿਮਿਟਡ ਨੇ ਖ਼ੂਨਦਾਨੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਇੱਕ ਨੇਕ ਕਾਰਜ ਹੈ ਜੋ ਬਿਨਾਂ ਕਿਸੇ ਸਵਾਰਥ ਦੇ ਜੀਵਨ ਬਚਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ।

## ਲੋੜਵੰਦ ਬੱਚਿਆਂ ਨੂੰ ਬੂਟ ਤੇ ਜੁਰਾਬਾਂ ਵੰਡਣ ਦਾ ਫੈਸਲਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਲਾਇਨਜ਼ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੀ ਇੱਕ ਮਹੱਤਵਪੂਰਨ ਮੀਟਿੰਗ ਕਲੱਬ ਦੇ ਪ੍ਰਧਾਨ ਭੁਪਿੰਦਰ ਪਾਲ ਸਿੰਘ ਤਲਵਾੜ ਦੀ ਅਗਵਾਈ ਹੇਠ



ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਕਲੱਬ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਮਾਜ ਸੇਵੀ ਕਾਰਜਾਂ ਸਬੰਧੀ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ 7 ਸਤੰਬਰ ਨੂੰ ਵੱਖ-ਵੱਖ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਬੂਟ ਅਤੇ ਜੁਰਾਬਾਂ ਵੰਡੀਆਂ ਜਾਣਗੀਆਂ। ਕਲੱਬ ਮੈਂਬਰਾਂ ਨੇ ਕਿਹਾ ਕਿ ਲੋੜਵੰਦ ਬੱਚਿਆਂ ਦੀ ਸਹਾਇਤਾ ਕਰਨਾ ਕਲੱਬ ਦੀਆਂ ਪ੍ਰਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ।ਕਲੱਬ ਦੇ ਪੀ.ਆਰ.ਓ. ਦੇਵਿੰਦਰ ਕੌਸ਼ਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸੇਵਾ ਕਾਰਜ ਲਈ ਲਾਇਨ ਜਗਤਾਰ ਸਿੰਘ ਸੰਘਾ, ਲਾਇਨ ਮਨਿੰਦਰ ਪਾਲ ਸਿੰਘ ਮਨੀ, ਲਾਇਨ ਸਰਬਜੀਤ ਸਿੰਘ ਅਰੋੜਾ ਅਤੇ ਲਾਇਨ ਅਮਰਿੰਦਰ ਸਿੰਘ ਚੀਮਾ ਵੱਲੋਂ ਵਿਸ਼ੇਸ਼ ਸਹਿਯੋਗ ਪ੍ਰਦਾਨ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਕਲੱਬ ਕੈਸ਼ੀਅਰ ਕੁਲਦੀਪ ਸਿੰਘ ਭੱਠੇ ਵਾਲੇ, ਲਾਇਨ ਸੁਖਵਿੰਦਰ ਸਿੰਘ ਬਿੱਟੂ, ਲਾਇਨ ਤੇਜਿੰਦਰ ਸਿੰਘ ਚੰਨ, ਲਾਇਨ ਕਮਲਜੀਤ ਵਰਮਾ, ਲਾਇਨ ਜਗਤਾਰ ਸਿੰਘ ਸੰਘਾ, ਲਾਇਨ ਮਨਿੰਦਰ ਪਾਲ ਸਿੰਘ ਮਨੀ, ਲਾਇਨ ਹਰਸਿਮਰਨ ਸਿੰਘ ਕਥੂਰੀਆ, ਲਾਇਨ ਪੁਪਿੰਦਰ ਸ਼ਾਹ, ਲਾਇਨ ਮਹੇਸ਼ ਕੁਮਾਰ, ਲਾਇਨ ਅਮਰਿੰਦਰ ਸਿੰਘ ਚੀਮਾ ਅਤੇ ਲਾਇਨ ਐਡਵੋਕੇਟ ਵਿਸ਼ਾਲ ਮਹਿਰਾ ਹਾਜ਼ਰ ਸਨ।

## ਗਊਆਂ ਨੂੰ ਲੰਪੀ ਸਕਿਨ ਤੋਂ ਬਚਾਉਣ ਲਈ ਮੁਫ਼ਤ ਟੀਕਾਕਰਨ ਮੁਹਿੰਮ

**ਕਪੂਰਥਲਾ (ਮਨਜੀਤ ਮਾਨ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਸ਼ੂ ਪਾਲਣ ਵਿਭਾਗ ਵੱਲੋਂ ਗਾਵਾਂ ਨੂੰ ਲੰਪੀ ਸਕਿਨ ਬੀਮਾਰੀ ਤੋਂ ਬਚਾਉਣ ਲਈ ਜ਼ਿਲ੍ਹੇ ਭਰ ਵਿੱਚ ਇੱਕ ਵਿਆਪਕ ਅਤੇ ਮੁਫ਼ਤ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੀਆਂ ਲਗਭਗ 57,800 ਗਊਆਂ ਨੂੰ ਕਵਰ ਕੀਤਾ ਜਾਵੇਗਾ ਅਤੇ ਵਿਭਾਗ ਨੇ 30 ਅਗਸਤ ਤੱਕ ਸਾਰੀਆਂ ਯੋਗ ਗਊਆਂ ਦਾ ਟੀਕਾਕਰਨ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਹੈ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਬਲਵਿੰਦਰ ਸਿੰਘ ਨੇ ਦੱਸਿਆ ਕਿ ਸਰਕਾਰ ਪਸ਼ੂ ਪਾਲਕਾਂ ਅਤੇ ਡੇਅਰੀ ਫਾਰਮਰਾਂ ਦੀ ਆਰਥਿਕਤਾ ਅਤੇ ਪਸ਼ੂ ਧਨ ਦੀ ਸੰਭਾਲ ਲਈ ਵਚਨਬੱਧ ਹੈ। ਲੰਪੀ ਸਕਿਨ ਬੀਮਾਰੀ ਇੱਕ ਬਹੁਤ ਹੀ ਛੂਤਕਾਰੀ ਵਾਇਰਲ ਬੀਮਾਰੀ ਹੈ, ਜੋ ਪਸ਼ੂਆਂ ਦੀ ਸਿਹਤ, ਦੁੱਧ ਉਤਪਾਦਨ ਅਤੇ ਕਿਸਾਨਾਂ ਦੀ ਆਮਦਨ 'ਤੇ ਬੁਰਾ ਅਸਰ ਪਾਉਂਦੀ ਹੈ। ਇਸ ਲਈ ਸਮੇਂ ਸਿਰ ਟੀਕਾਕਰਨ ਕਰਵਾਉਣਾ ਹੀ ਇਸ ਬੀਮਾਰੀ ਦੇ ਫੈਲਾਅ ਨੂੰ ਰੋਕਣ ਦਾ ਸਭ ਤੋਂ ਉੱਤਮ ਉਪਾਅ ਹੈ।ਡਾ. ਸਿੰਘ ਨੇ ਪਸ਼ੂ ਪਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ



ਪਸ਼ੂਆਂ ਵਿੱਚ ਬੁਖ਼ਾਰ, ਚਮੜੀ 'ਤੇ ਉਭਾਰ, ਸੋਜ ਜਾਂ ਦੁੱਧ ਉਤਪਾਦਨ ਵਿੱਚ ਗਿਰਾਵਟ ਵਰਗੇ ਸ਼ੱਕੀ ਲੱਛਣ ਦਿਸਣ 'ਤੇ ਤੁਰੰਤ ਨੇੜਲੇ ਵੈਟਰਨਰੀ ਅਦਾਰੇ ਨਾਲ ਸੰਪਰਕ ਕਰਨ। ਉਨ੍ਹਾਂ ਪਸ਼ੂ ਸ਼ੈੱਡਾਂ ਦੇ ਆਲੇ-ਦੁਆਲੇ ਸਾਫ਼-ਸਫ਼ਾਈ, ਖੁਰਾਕ ਤੇ ਪੀਣ ਵਾਲੇ ਪਾਣੀ ਦੇ ਉੱਚਿਤ ਪ੍ਰਬੰਧ ਅਤੇ ਸੰਕਰਮਿਤ ਪਸ਼ੂਆਂ ਨੂੰ ਬਾਕੀ ਪਸ਼ੂਆਂ ਤੋਂ ਵੱਖ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਟੀਕਾਕਰਨ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤਹਿਸੀਲ ਪੱਧਰ 'ਤੇ ਵੈਟਰਨਰੀ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪਸ਼ੂ ਪਾਲਕ ਟੀਕਾਕਰਨ ਲਈ ਆਪਣੇ ਸਬੰਧਤ ਵੈਟਰਨਰੀ ਅਫ਼ਸਰਾਂ ਨਾਲ ਸੰਪਰਕ ਕਰ ਸਕਦੇ ਹਨ, ਜਿਸ ਵਿੱਚ ਕਪੂਰਥਲਾ ਲਈ ਡਾ. ਮਹਾਵੀਰ ਸਿੰਘ (94173-71541), ਸੁਲਤਾਨਪੁਰ ਲੋਧੀ ਲਈ ਡਾ. ਰਮਨ ਕੁਮਾਰ (9815134770), ਭੁਲੱਥ ਲਈ ਡਾ. ਹਰਕਮਲ ਦੀਪ ਸਿੰਘ (9417060959) ਅਤੇ ਫਗਵਾੜਾ ਲਈ ਡਾ. ਵਰਿੰਦਰ ਕੁਮਾਰ ਸੰਦਲ (9417089494) ਸ਼ਾਮਲ ਹਨ।ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਅਤੇ ਡਾਇਰੈਕਟਰ ਡਾ. ਪਰਮਦੀਪ ਸਿੰਘ ਵਾਲੀਆ ਦੀਆਂ ਹਦਾਇਤਾਂ ਅਨੁਸਾਰ ਇਸ ਮੁਹਿੰਮ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇਗਾ।

## ਜਿਮ ਕੋਚ ਅਮਰ ਸੋਢੀ ਨੇ ਤਿਰੰਗਾ ਲਹਿਰਾ ਕੇ ਆਜ਼ਾਦੀ ਦਿਹਾੜਾ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਆਜ਼ਾਦੀ ਦਿਹਾੜੇ ਦੇ ਪਵਿੱਤਰ ਮੌਕੇ 'ਤੇ ਜਿਮ ਕੋਚ ਅਮਰ ਸੋਢੀ ਵੱਲੋਂ ਆਪਣੀ ਜਿਮ ਵਿਖੇ ਤਿਰੰਗਾ ਲਹਿਰਾ ਕੇ ਦੇਸ਼ ਦਾ 80ਵਾਂ ਆਜ਼ਾਦੀ ਦਿਹਾੜਾ ਬੜੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਜਿਮ ਵਿੱਚ ਮੌਜੂਦ ਨੌਜਵਾਨਾਂ ਅਤੇ ਹੋਰ ਮੈਂਬਰਾਂ ਨੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਅਤੇ ਦੇਸ਼ ਦੀ ਏਕਤਾ, ਅਖੰਡਤਾ ਤੇ ਤਰੱਕੀ ਲਈ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ। ਇਸ ਮੌਕੇ ਜਿਮ ਕੋਚ ਅਮਰ ਸੋਢੀ ਨੇ ਕਿਹਾ ਕਿ ਆਜ਼ਾਦੀ ਦਿਹਾੜਾ ਸਾਨੂੰ ਉਨ੍ਹਾਂ ਮਹਾਨ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਯਾਦ ਕਰਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਇਸ ਮੌਕੇ ਭੰਗੜਾ ਕੋਚ ਦੀਦਾਰ ਸਿੰਘ, ਪ੍ਰਮੋਦ, ਅਸ਼ੁਤੋਸ਼, ਹਰਮਨ, ਜਗਦੀਪ, ਬਲਜਿੰਦਰ, ਹਰਮਨ, ਸ਼ਾਂਤਨੂ, ਨਗਰ ਅਤੇ ਅਮਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਾਰਿਆਂ ਨੇ ਤਿਰੰਗੇ ਨਾਲ ਦੇਸ਼ ਭਗਤੀ ਦਾ ਪ੍ਰਗਟਾਵਾ ਕਰਦਿਆਂ ਆਜ਼ਾਦੀ ਦਿਹਾੜੇ ਦੀਆਂ ਇੱਕ-ਦੂਜੇ ਨੂੰ ਵਧਾਈਆਂ ਦਿੱਤੀਆਂ।

## 'ਹੈਪਨਿੰਗ ਹਰਿਆਣਾ' ਰੋਡ ਸ਼ੋਅ 23 ਤੋਂ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ਵਿੱਚ ਦੇਸ਼-ਵਿਦੇਸ਼ ਦੇ ਨਿਵੇਸ਼ਕਾਂ ਨੂੰ ਹਰਿਆਣਾ ਵਿੱਚ ਨਿਵੇਸ਼ ਕਰਨ ਲਈ ਆਕਰਸ਼ਿਤ ਕਰਨ ਦੇ ਉਦੇਸ਼ ਨਾਲ 23 ਅਤੇ 24 ਅਗਸਤ ਨੂੰ 'ਹੈਪਨਿੰਗ ਹਰਿਆਣਾ' ਰੋਡ ਸ਼ੋਅ ਆਯੋਜਿਤ ਕੀਤਾ ਜਾਵੇਗਾ। ਰੋਡਸ਼ੋਅ ਰਾਹੀਂ ਨਿਵੇਸ਼ਕਾਂ ਨੂੰ ਹਰਿਆਣਾ ਦੀ ਉਦਯੋਗਿਕ ਸਮਰੱਥਾ, ਮਜ਼ਬੂਤ ਬੁਨਿਆਦੀ ਢਾਂਚੇ ਅਤੇ ਨਿਵੇਸ਼ ਲਈ ਉਪਲਬਧ ਕਰਵਾਈਆਂ ਜਾ ਰਹੀਆਂ ਸਹੂਲਤਾਂ ਦੀ ਜਾਣਕਾਰੀ ਦਿੱਤੀ ਜਾਵੇਗੀ।ਰਾਓ ਨਰਬੀਰ ਸਿੰਘ ਨੇ ਦੱਸਿਆ ਕਿ ਰੋਡਸ਼ੋਅ ਦਾ ਮੁੱਖ ਉਦੇਸ਼ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਵਿਕਸਿਤ ਭਾਰਤ-2047 ਦੇ ਵਿਜ਼ਨ ਵਿੱਚ ਹਰਿਆਣਾ ਦੀ ਭੂਮਿਕਾ ਨੂੰ ਪ੍ਰਦਰਸ਼ਿਤ ਕਰਨਾ ਅਤੇ ਸੂਬੇ ਨੂੰ ਉਦਯੋਗਿਕ ਅਤੇ ਨਿਵੇਸ਼ ਦੇ ਪ੍ਰਮੁੱਖ ਕੇਂਦਰ ਵਜੋਂ ਪੇਸ਼ ਕਰਨਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਇਸ ਸਮੇਂ ਵਿੱਚ ਵਿਆਪਕ ਤਿਆਰੀਆਂ ਕਰ ਰਹੀ ਹੈ ਅਤੇ ਸੂਬੇ ਦੇ ਭਵਿੱਖ ਦੇ ਵਿਕਾਸ ਦਾ ਖਾਕਾ ਤਿਆਰ ਕਰਨ ਲਈ ਪ੍ਰਮੁੱਖ ਵਿਭਾਗਾਂ ਦੁਆਰਾ ਹਰਿਆਣਾ ਵਿਜ਼ਨ ਡਾਕੂਮੈਂਟ-2030 ਤਿਆਰ ਕੀਤਾ ਗਿਆ ਹੈ, ਜਿਸ ਦੀ ਲਗਾਤਾਰ ਨਿਗਰਾਨੀ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਖੁਦ ਕਰ ਰਹੇ ਹਨ।

## ਤਿਰੰਗਾ ਭਾਰਤ ਦੀ ਸੁਤੰਤਰ ਭਾਵਨਾ ਅਤੇ ਮਾਣ ਦਾ ਪ੍ਰਤੀਕ: ਸਵਾਮੀ ਵਿਗਿਆਨਾਨੰਦ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੀ ਹਰਪੁਰਾ ਸ਼ਾਖਾ ਵੱਲੋਂ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ-ਹਰ ਘਰ ਤਿਰੰਗਾ, ਘਰ-ਘਰ ਤਿਰੰਗਾ ਮੁਹਿੰਮ ਤਹਿਤ ਆਜ਼ਾਦੀ ਦਿਵਸ ਮਨਾਉਣ ਲਈ ਆਪਣੇ ਹਰਚੋਵਾਲ ਆਸ਼ਰਮ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਵਾਮੀ ਵਿਗਿਆਨਾਨੰਦ ਨੇ ਸੰਗਤਾਂ ਨੂੰ ਆਜ਼ਾਦੀ ਦੇ ਅਸਲ ਅਰਥ ਅਤੇ ਰਾਸ਼ਟਰੀ ਝੰਡੇ, ਤਿਰੰਗੇ ਦੀ ਮਹਾਨਤਾ ਬਾਰੇ ਵਿਸਥਾਰ ਵਿੱਚ ਦੱਸਿਆ।ਉਨ੍ਹਾਂ ਕਿਹਾ ਕਿ ਆਜ਼ਾਦੀ ਸਿਰਫ਼ ਬਾਹਰੀ ਬੰਧਨਾਂ ਤੋਂ ਮੁਕਤੀ ਨਹੀਂ ਹੈ, ਸਗੋਂ ਇਸਦਾ ਅਸਲ ਅਰਥ ਅਗਿਆਨਤਾ, ਨਕਾਰਾਤਮਕਤਾ, ਤੰਗ ਸੋਚ ਅਤੇ ਜ਼ਿਹਨੀ ਬੁਰਾਈਆਂ ਤੋਂ ਵੀ ਮੁਕਤੀ ਹੈ। ਜਦੋਂ ਕੋਈ ਵਿਅਕਤੀ ਅਧਿਆਤਮਿਕ ਤੌਰ ਤੇ ਜਾਗ੍ਰਿਤ ਹੁੰਦਾ ਹੈ ਤਾਂ ਹੀ ਉਹ ਰਾਸ਼ਟਰ ਅਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਸੱਚਮੁੱਚ ਸਮਝ ਸਕਦਾ ਹੈ।ਸਵਾਮੀ ਜੀ ਨੇ ਕਿਹਾ ਕਿ ਤਿਰੰਗਾ ਭਾਰਤ ਦੀ ਏਕਤਾ, ਅਖੰਡਤਾ, ਕੁਰਬਾਨੀ, ਸ਼ਾਂਤੀ, ਖੁਸ਼ਹਾਲੀ ਅਤੇ



ਹਿੰਮਤ ਦਾ ਪ੍ਰਤੀਕ ਹੈ।ਇਹ ਸਾਨੂੰ ਦੇਸ਼ ਦੇ ਬਹਾਦਰ ਸੁਤੰਤਰ ਸੈਨਾਨੀਆਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਕੁਰਬਾਨ ਕਰ ਦਿੱਤਾ।ਤਿਰੰਗਾ ਭਾਰਤ ਦੀ ਸੁਤੰਤਰ ਭਾਵਨਾ ਅਤੇ ਮਾਣ ਦਾ ਪ੍ਰਤੀਕ ਹੈ। ਪ੍ਰੋਗਰਾਮ ਦੌਰਾਨ ਸੰਸਥਾਨ ਦੀ ਸ਼ਹਿਜ਼ਾਦਾ ਸ਼ਾਖਾ ਦੇ ਕੋਆਰਡੀਨੇਟਰ ਸਵਾਮੀ ਸੁਖਦੇਵ ਆਨੰਦ ਅਤੇ ਸਵਾਮੀ ਵਿਗਿਆਨਾਨੰਦ ਨੇ ਸੰਗਤ ਦੇ ਨਾਲ ਆਸ਼ਰਮ ਵਿੱਚ ਰਾਸ਼ਟਰੀ ਝੰਡਾ ਲਹਿਰਾਇਆ। ਸਾਰੇ ਸ਼ਰਧਾਲੂਆਂ ਨੇ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਮਾਣ ਨੂੰ ਬਣਾਈ ਰੱਖਣ ਦਾ ਪ੍ਰਣ ਲਿਆ।ਪੂਰੇ ਆਸ਼ਰਮ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰ ਪ੍ਰਤੀ ਪਿਆਰ ਦਾ ਮਾਹੌਲ ਦੇਖਣ ਨੂੰ ਮਿਲਿਆ।ਪ੍ਰੋਗਰਾਮ ਦਾ ਉਦੇਸ਼ ਆਜ਼ਾਦੀ ਦਿਵਸ ਦੀ ਮਹੱਤਤਾ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਅਤੇ ਨੌਜਵਾਨ ਪੀੜ੍ਹੀ ਅਤੇ ਸਮਾਜ ਵਿੱਚ ਦੇਸ਼ ਭਗਤੀ ਅਤੇ ਉਨ੍ਹਾਂ ਦੀਆਂ ਰਾਸ਼ਟਰੀ ਜ਼ਿੰਮੇਵਾਰੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਸੰਗਤ ਨੇ ਹਰ ਘਰ ਤਿਰੰਗਾ, ਘਰ-ਘਰ ਤਿਰੰਗਾ ਮੁਹਿੰਮ ਦੇ ਸੰਦੇਸ਼ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦਾ ਪ੍ਰਣ ਲਿਆ।

## ਕਲੋਨੀ ਦੇ ਵਿਕਾਸ ਲਈ ਕੌਂਸਲਰ ਦੇ ਪਤੀ ਵੱਲੋਂ ਪੱਲਿਓਂ 5 ਲੱਖ ਰੁਪਏ ਦੇਣ ਦਾ ਐਲਾਨ

**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**-ਫਤਿਹਗੜ੍ਹ ਚੂੜੀਆਂ ਵਾਰਡ ਨੰਬਰ 3 ਮਜੀਠਾ ਰੋਡ ਵਿਖੇ ਸਥਿਤ ਆਲੀਸ਼ਾਨ ਕਲੋਨੀ ਜੋ ਅਣਅਧਿਕਾਰਤ ਕਲੋਨੀ ਐਲਾਨੀ ਗਈ ਹੈ, ਵਿੱਚ ਪਿਛਲੇ 15-20 ਸਾਲਾਂ ਤੋਂ ਇੱਕ ਵੀ ਸਰਕਾਰੀ ਇੱਟ ਨਹੀਂ ਲੱਗੀ ਜਿਸ ਕਾਰਨ ਆਲੀਸ਼ਾਨ ਕਲੋਨੀ ਦੇ ਵਾਸੀ ਸੰਤਾਪ ਭੋਗ ਰਹੇ ਹਨ ਅਤੇ ਹੁਣ ਨਵੀਂ ਅਕਾਲੀ ਦਲ ਦੀ ਕੌਂਸਲਰ ਗੁਰਜੀਤ ਕੌਰ ਦੇ ਪਤੀ ਨਰਿੰਦਰ ਸਿੰਘ ਮਿੰਟਾ ਰੰਧਾਵਾ ਨੇ ਦਰਿਆ ਦਿਲੀ ਦਿਖਾਉਂਦਿਆਂ ਆਲੀਸ਼ਾਨ ਕਲੋਨੀ ਨੂੰ ਆਪਣੀ ਜੇਬ 'ਚੋਂ 5 ਲੱਖ ਰੁਪਏ ਅਤੇ ਮੁਫਤ ਆਪਣੇ ਖਰਚੇ ਤੇ ਸਾਰੀ ਕਲੋਨੀ 'ਚ ਲਾਈਟਾਂ ਲਗਾਉਣ ਦਾ ਵੀ ਐਲਾਨ ਕੀਤਾ ਹੈ।ਨਰਿੰਦਰ ਸਿੰਘ ਮਿੰਟਾ ਰੰਧਾਵਾ ਨੇ ਦੱਸਿਆ



ਕਿ ਐੱਮ ਸੀ ਦੀਆਂ ਵੋਟਾਂ ਦੌਰਾਨ ਜੋ ਆਲੀਸ਼ਾਨ ਕਲੋਨੀ ਦੇ ਵਾਸੀਆਂ ਨਾਲ 5 ਲੱਖ ਰੁਪਏ ਦੇਣ ਦਾ ਜੋ ਵਾਅਦਾ ਕੀਤਾ ਸੀ ਉਸ ਨੂੰ ਨਿਭਾਇਆ ਹੈ।ਇਸ ਮੌਕੇ ਕਲੋਨੀ ਵਾਸੀਆਂ ਨੇ ਕੌਂਸਲਰ ਗੁਰਜੀਤ ਕੌਰ ਅਤੇ ਨਰਿੰਦਰ ਸਿੰਘ ਮਿੰਟਾ ਰੰਧਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਈ ਸਰਕਾਰਾਂ ਆਈਆਂ ਤੇ ਗਈਆਂ ਪਰ ਕਿਸੇ ਨੇ ਵੀ ਉਨ੍ਹਾਂ ਦੀ ਸਾਰ ਨਹੀਂ ਲਈ ਪਰ ਉਹ ਮਿੰਟਾ ਰੰਧਾਵਾ ਦਾ ਧੰਨਵਾਦ ਕਰਦੇ ਹਨ ਕਿ ਪਹਿਲੀ ਵਾਰ ਕਿਸੇ ਵਿਅਕਤੀ ਨੇ ਉਨ੍ਹਾਂ ਦੀ ਬਾਂਹ ਫੜੀ ਹੈ।ਇਸ ਮੌਕੇ ਆਲੀਸ਼ਾਨ ਕਲੋਨੀ ਵਾਸੀਆਂ ਨੇ ਕਿਹਾ ਕਿ ਮਿੰਟਾ ਰੰਧਾਵਾ ਨੇ ਜੋ 5 ਲੱਖ ਰੁਪਏ ਉਨ੍ਹਾਂ ਨੂੰ ਦਿੱਤੇ ਹਨ, ਨੂੰ ਖਰਚ ਕਰਨ ਲਈ 7 ਮੈਂਬਰੀ ਕਮੇਟੀ ਬਣਾਈ ਗਈ ਹੈ ਜੋ ਕਲੋਨੀ ਦਾ ਵਿਕਾਸ ਕਰਵਾਏਗੀ।

## ਵਿਦਿਆਰਥੀਆਂ ਲਈ ਕੁਕਿੰਗ ਵਰਕਸ਼ਾਪ ਕਰਵਾਈ



**ਆਦਮਪੁਰ (ਪਰਮਜੀਤ ਸਿੰਘ)**-ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਮੈਨੇਜਮੈਂਟ ਅਤੇ ਹੋਟਲ ਮੈਨੇਜਮੈਂਟ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਵਿਹਾਰਕ ਰਸੋਈ ਹੁਨਰ ਨੂੰ ਨਿਖਾਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਕੁਕਿੰਗ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਬੀ ਐੱਚ ਐੱਮ ਸੀ ਟੀ (ਬੈਚਲਰ ਆਫ਼ ਹੋਟਲ ਮੈਨੇਜਮੈਂਟ ਐਂਡ ਕੈਟਰਿੰਗ ਤਕਨਾਲੋਜੀ) ਅਤੇ ਡਿਪਲੋਮਾ ਇਨ ਫੂਡ ਪ੍ਰੋਡਕਸ਼ਨ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਰੁਚੀ ਨਾਲ ਭਾਗ ਲਿਆ। ਵਰਕਸ਼ਾਪ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਪੇਸ਼ੇਵਰ ਖਾਣਾ ਪਕਾਉਣ ਦੀਆਂ ਤਕਨੀਕਾਂ, ਭੋਜਨ ਤਿਆਰ ਕਰਨ ਦੇ ਤਰੀਕਿਆਂ, ਗਾਰਨਿਸ਼ਿੰਗ, ਪਲੇਟਿੰਗ ਅਤੇ ਪ੍ਰਸਤੁਤੀਕਰਨ ਦਾ ਅਮਲੀ ਅਭਿਆਸ ਕਰਵਾਉਣਾ ਸੀ, ਤਾਂ ਜੋ ਸਿਧਾਂਤਕ ਪੜ੍ਹਾਈ ਅਤੇ ਅਸਲ ਇੰਡਸਟਰੀ ਅਭਿਆਸ ਵਿਚਕਾਰਲੇ ਪਾੜੇ ਨੂੰ ਪੂਰਿਆ ਜਾ ਸਕੇ। ਸੈਸ਼ਨ ਦੌਰਾਨ ਵਿਭਾਗ ਦੇ ਮਾਹਰ ਫੈਕਲਟੀ ਮੈਂਬਰਾਂ ਦੀ ਦੇਖਰੇਖ ਹੇਠ ਵਿਦਿਆਰਥੀਆਂ ਨੇ ਲਾਈਵ ਡੈਮੋਨਸਟ੍ਰੇਸ਼ਨ ਅਤੇ ਪ੍ਰੈਕਟੀਕਲ ਸੈਸ਼ਨਾਂ ਵਿੱਚ ਹਿੱਸਾ ਲਿਆ। ਇਸ ਦੌਰਾਨ ਖਾਣਾ ਬਣਾਉਣ ਦੇ ਨਾਲ-ਨਾਲ ਰਸੋਈ ਦੀ ਸਫ਼ਾਈ, ਭੋਜਨ ਸੁਰੱਖਿਆ ਮਾਪਦੰਡਾਂ ਅਤੇ ਸਮੇਂ ਦੇ ਪ੍ਰਬੰਧਨ ਵਰਗੇ ਮਹੱਤਵਪੂਰਨ ਪਹਿਲੂਆਂ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ।

## ਜਨਗਣਨਾ ਦੇ ਦੂਜੇ ਪੜਾਅ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

**ਮੁਹਾਲੀ (ਗੁਰਜੀਤ ਬਿੱਲਾ)**-ਜਨਗਣਨਾ-2027 ਦੇ ਦੂਜੇ ਪੜਾਅ-ਆਬਾਦੀ ਗਿਣਤੀ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮੋਹਾਲੀ ਵਿਖੇ ਡਾ. ਨਵਜੋਤ ਖੋਸਾ ਡਾਇਰੈਕਟਰ ਜਨਗਣਨਾ ਸੰਚਾਲਨ ਪੰਜਾਬ ਦੀ ਪ੍ਰਧਾਨਗੀ ਹੇਠ ਸਮੀਖਿਆ ਮੀਟਿੰਗ ਹੋਈ।ਮੀਟਿੰਗ ਵਿੱਚ ਕੋਮਲ



ਮਿੱਤਲ ਡਿਪਟੀ ਕਮਿਸ਼ਨਰ ਐੱਸ ਏ ਐੱਸ ਨਗਰ, ਸੰਦੀਪ ਸਿੰਘ ਮਿਊਂਸਪਲ ਕਮਿਸ਼ਨਰ ਐਸ.ਏ.ਐਸ. ਨਗਰ, ਏ ਡੀ ਸੀਜ਼, ਐੱਸ ਡੀ ਐਮਜ਼ ਸਮੇਤ ਸਾਰੇ ਸਬੰਧਤ ਅਧਿਕਾਰੀ, ਚਾਰਜ ਅਫ਼ਸਰ ਅਤੇ ਜਨਗਣਨਾ ਕਾਰਜ ਨਾਲ ਜੁੜੇ ਹੋਰ ਅਧਿਕਾਰੀ ਹਾਜ਼ਰ ਸਨ।ਡਾਇਰੈਕਟਰ ਜਨਗਣਨਾ ਸੰਚਾਲਨ ਨੇ ਫੇਜ਼-1 ਦੇ ਜਨਗਣਨਾ ਕਾਰਜ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਚਾਰਜ ਅਫ਼ਸਰਾਂ ਅਤੇ ਫੀਲਡ ਸਟਾਫ਼ ਵੱਲੋਂ ਕੀਤੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਾਰੇ ਨਿਰਧਾਰਤ ਕਾਰਜ ਸਮੇਂ ਸਿਰ ਮੁਕੰਮਲ ਕਰਨ ਲਈ ਪ੍ਰਭਾਵਸ਼ਾਲੀ ਯੋਜਨਾਬੰਦੀ ਅਤੇ ਆਪਸੀ ਤਾਲਮੇਲ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਉੱਨਤ ਅਤੇ ਸੁਚੱਜੀ ਯੋਜਨਾਬੰਦੀ 'ਤੇ ਜ਼ੋਰ ਦਿੰਦਿਆਂ ਸਾਰੇ ਹਿੱਸੇਦਾਰ ਵਿਭਾਗਾਂ ਦਰਮਿਆਨ ਪ੍ਰਭਾਵਸ਼ਾਲੀ ਤਾਲਮੇਲ ਨਾਲ ਨਿਰਧਾਰਤ ਸਮੇਂ ਅੰਦਰ ਟੀਚੇ ਹਾਸਲ ਕਰਨ ਲਈ ਕਿਹਾ। ਡਾਇਰੈਕਟਰ ਨੇ ਜ਼ਿਲ੍ਹੇ ਅਤੇ ਮਿਊਂਸਪਲ ਕਾਰਪੋਰੇਸ਼ਨ ਦੇ ਖ਼ਾਸ ਕਰਕੇ ਉੱਚ-ਤਰਜੀਹ ਵਾਲੇ ਚਾਰਜਾਂ ਵਿੱਚ ਹਾਊਸ ਲਿਸਟਿੰਗ ਓਪਰੇਸ਼ਨ ਦੇ ਕੰਮ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਨਗਣਨਾ ਅਮਲੇ ਵੱਲੋਂ ਕੀਤੀ ਮਿਹਨਤ ਅਤੇ ਪ੍ਰਤੀਬੱਧਤਾ ਦੀ ਪ੍ਰਸ਼ੰਸਾ ਕੀਤੀ।

## ਕੁਲਚੇ-ਛੋਲਿਆਂ ਦਾ ਲੰਗਰ ਲਗਾਇਆ

**ਫਗਵਾੜਾ (ਡਾ. ਰਮਨ)**-ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਸੌ ਫੀਸਦੀ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਮਾਰਟ ਸਿਟੀ ਵਲੋਂ ਕਲੱਬ ਪ੍ਰਧਾਨ ਲਾਇਨ ਸੰਤੋਖ ਰਾਜ ਟੂਰਾ ਦੀ ਅਗਵਾਈ ਹੇਠ ਸਥਾਨਕ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਕੁਲਚੇ-ਛੋਲੇ ਦੇ ਲੰਗਰ ਦੀ ਸੇਵਾ ਤਨਦੇਹੀ ਦੇ ਨਾਲ ਵਰਤਾਈ ਗਈ ਜਿਸ ਦੀ ਸ਼ੁਰੂਆਤ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਪੁੱਤਰ ਕਮਲ ਧਾਲੀਵਾਲ ਅਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ ਵੱਲੋਂ ਸਾਂਝੇ ਤੌਰ ਤੇ ਕਰਵਾਈ ਅਤੇ ਲਾਇਨਜ਼ ਕਲੱਬ ਫਗਵਾੜਾ ਸਮਾਰਟ ਸਿਟੀ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਅਤੇ ਲੋਕ ਭਲਾਈ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਵਿਧਾਇਕ ਪੁੱਤਰ ਕਮਲ ਧਾਲੀਵਾਲ ਅਤੇ ਮੈਨੇਜਰ ਨਰਿੰਦਰ ਸਿੰਘ ਨੇ ਕਿਹਾ ਕਿ ਧਾਰਮਿਕ ਸਥਾਨਾਂ 'ਤੇ ਸੰਗਤ ਦੀ ਸੇਵਾ ਲਈ ਲਗਾਏ ਜਾਂਦੇ ਲੰਗਰ ਸਾਡੀ ਸਾਂਝੀ ਵਿਰਾਸਤ ਅਤੇ ਸੇਵਾ ਭਾਵਨਾ ਦਾ ਪ੍ਰਤੀਕ ਹਨ। ਲਾਇਨਜ਼ ਕਲੱਬ ਸਮਾਰਟ ਸਿਟੀ ਵਲੋਂ ਲੰਗਰ ਦੀ



ਇਹ ਸੇਵਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵਲੋਂ ਲੋਕ ਭਲਾਈ ਦੇ ਕਾਰਜਾਂ ਵਿੱਚ ਨਿਭਾਈ ਜਾ ਰਹੀ ਭੂਮਿਕਾ ਸਮਾਜ ਨੂੰ ਸੇਵਾ ਅਤੇ ਸਹਿਯੋਗ ਦੀ ਭਾਵਨਾ ਨਾਲ ਜੋੜਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਲੰਗਰ ਦੌਰਾਨ ਕਲੱਬ ਦੇ ਚਾਰਟਰ ਪ੍ਰਧਾਨ ਤੇਜਿੰਦਰ ਬਾਵਾ ਐਮ.ਜੇ.ਐਫ. ਅਤੇ ਡਿਸਟ੍ਰਿਕਟ ਚੇਅਰਮੈਨ ਲਾਇਨ ਸੁਨੀਲ ਢੀਂਗਰਾ ਵੀ ਉਚੇਚੇ ਤੌਰ ਤੇ ਪਹੁੰਚੇ ਅਤੇ ਲੰਗਰ ਦੀ ਸੇਵਾ ਵਰਤਾਉਣ ਵਿੱਚ ਵਢਮੁੱਲਾ ਯੋਗਦਾਨ ਪਾਇਆ। ਉਹਨਾਂ ਨੇ ਵੀ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੰਗਰਾਂ ਦੀ ਸੇਵਾ ਪੰਜਾਬੀ ਕਲਚਰ ਦਾ ਮਾਣਮੱਤਾ ਹਿੱਸਾ ਹੈ।ਇਸ ਮੌਕੇ ਕਲੱਬ ਸਕੱਤਰ ਲਾਇਨ ਗੁਲਸ਼ਨ ਸ਼ਰਮਾ ਲੱਕੀ, ਖਜਾਨਚੀ ਲਾਇਨ ਵਿਜੇ ਅਰੋੜਾ ਤੇ ਲਾਇਨ ਅਮਿਤ ਢੀਂਗਰਾ ਪੀ ਆਰ ਓ ਤੋਂ ਇਲਾਵਾ ਲਾਇਨ ਅਸ਼ੋਕ ਮਨੀਲਾ, ਲਾਇਨ ਬੱਬੂ ਮਨੀਲਾ, ਲਾਇਨ ਨਵੀਨ ਵਧਵਾ, ਲਾਇਨ ਸੰਜੇ ਤ੍ਰੇਹਨ, ਲਾਇਨ ਕੁਲਦੀਪ ਸਿੰਘ, ਲਾਇਨ ਸੰਦੀਪ ਸਿੰਘ, ਲਾਇਨ ਮਹੇਸ਼ ਬੰਗਾ, ਲਾਇਨ ਡਾ. ਭੁਪਿੰਦਰ ਸਿੰਘ, ਲਾਇਨ ਵਿਪਨ ਠਾਕੁਰ, ਲਾਇਨ ਮੋਹਿਤ ਮਨੋਚਾ, ਲਾਇਨ ਹਰੀਸ਼ ਗੁਲਾਟੀ, ਲਾਇਨ ਸੰਜੀਵ ਕੁਮਾਰ ਮਿੰਚੂ ਆਦਿ ਹਾਜ਼ਰ ਸਨ।

## ਰਿੰਗ ਬੀਸਟ ਕਲੱਬ ਦੇ ਮੁੱਕੇਬਾਜ਼ਾਂ ਦਾ ਸਨਮਾਨ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**-ਫਗਵਾੜਾ ਦੇ ਸਤਨਾਮਪੁਰਾ ਸਥਿਤ ਅਕਾਲ ਸਟੇਡੀਅਮ ਵਿਖੇ ਆਯੋਜਿਤ ਆਜ਼ਾਦੀ ਦਿਵਸ ਦੇ ਸਰਕਾਰੀ ਸਮਾਗਮ ਦੌਰਾਨ ਰਿੰਗ ਬੀਸਟ ਬਾਕਸਿੰਗ ਕਲੱਬ ਫਗਵਾੜਾ ਦੇ ਹੋਣਹਾਰ ਮੁੱਕੇਬਾਜ਼ਾਂ ਲਈ ਉਸ ਵੇਲੇ ਮਾਣ ਦਾ ਪਲ ਬਣ ਗਿਆ, ਜਦੋਂ ਖੇਡਾਂ ਦੇ ਖੇਤਰ ਵਿੱਚ ਆਪਣੀ ਮਿਹਨਤ



ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਕਲੱਬ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਏ ਡੀ ਸੀ ਰਣਦੀਪ ਸਿੰਘ ਹੀਰ ਅਤੇ ਐੱਸ ਡੀ ਐੱਮ ਨਵਜੋਤ ਸ਼ਰਮਾ ਨੇ ਰਿੰਗ ਬੀਸਟ ਬਾਕਸਿੰਗ ਕਲੱਬ ਦੇ ਹੋਣਹਾਰ ਖਿਡਾਰੀਆਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ। ਉਹਨਾਂ ਦੇ ਨਾਲ ਐੱਸ ਪੀ ਮਾਧਵੀ ਸ਼ਰਮਾ ਤੇ ਮੇਅਰ ਰਾਮਪਾਲ ਉੱਪਲ ਨੇ ਵੀ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਖਿਡਾਰੀਆਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਦੀ ਖੇਡ ਪ੍ਰਤਿਭਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਰਿੰਗ ਬੀਸਟ ਬਾਕਸਿੰਗ ਕਲੱਬ ਦੇ ਕੋਚ ਪ੍ਰਿੰਸ ਕੌਲ ਨੂੰ ਵੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕੋਚ ਪ੍ਰਿੰਸ ਕੌਲ ਵੱਲੋਂ ਖਿਡਾਰੀਆਂ ਨੂੰ ਨਿਰੰਤਰ ਸਿਖਲਾਈ ਦੇਣ, ਉਨ੍ਹਾਂ ਵਿੱਚ ਖੇਡ ਅਨੁਸ਼ਾਸਨ ਪੈਦਾ ਕਰਨ ਅਤੇ ਮੁਕਾਬਲਿਆਂ ਲਈ ਤਿਆਰ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਗਈ।

## ਵਿਧਾਇਕ ਵੱਲੋਂ ਚਾਰ ਟਿਊਬਵੈੱਲਾਂ ਦਾ ਉਦਘਾਟਨ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਡੇਰਾਬੱਸੀ ਹਲਕੇ ਦੇ ਵੱਖ-ਵੱਖ ਵਾਰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਹੂਲਤ ਨੂੰ ਹੋਰ ਬਿਹਤਰ ਬਣਾਉਣ ਲਈ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਚਾਰ ਨਵੇਂ ਪਾਣੀ ਦੇ ਟਿਊਬਵੈੱਲਾਂ ਦਾ ਉਦਘਾਟਨ ਕਰਕੇ ਇਹ ਲੋਕਾਂ ਨੂੰ ਸਮਰਪਿਤ ਕੀਤੇ ਗਏ। ਇਨ੍ਹਾਂ ਚਾਰਾਂ ਟਿਊਬਵੈੱਲਾਂ 'ਤੇ ਲਗਭਗ 49 ਲੱਖ ਰੁਪਏ ਪ੍ਰਤੀ ਟਿਊਬਵੈੱਲ ਦੇ ਹਿਸਾਬ ਨਾਲ ਕੁੱਲ 1.96 ਕਰੋੜ ਰੁਪਏ ਦੀ ਲਾਗਤ ਆਈ ਹੈ।ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਟਿਊਬਵੈੱਲ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਨਿਰਵਿਘਨ ਅਤੇ ਬਿਹਤਰ ਸਪਲਾਈ ਯਕੀਨੀ ਬਣਾਉਣ ਵਿੱਚ ਸਹਾਈ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਅਤੇ ਇਸ ਦਿਸ਼ਾ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ।ਇਹ ਨਵੇਂ ਟਿਊਬਵੈੱਲ ਬੱਸੀ ਮੁਬਾਰਿਕਪੁਰ ਟਰੱਕ ਆਪਰੇਟਰ ਯੂਨੀਅਨ ਵਾਰਡ ਨੰਬਰ 01, ਗੁਲਾਬਗੜ੍ਹ ਰੋਡ ਡੈਂਟਲ ਕਾਲਜ ਨੇੜੇ ਵਾਰਡ ਨੰਬਰ 11-12, ਸਾਧੂ ਨਗਰ ਵਾਰਡ ਨੰਬਰ 14, ਰੈੱਡੀ ਐਨਕਲੇਵ ਵਾਰਡ ਨੰਬਰ 16 ਵਿਖੇ ਸਥਾਪਿਤ ਕੀਤੇ ਗਏ ਹਨ।ਇਸ ਮੌਕੇ ਵਾਰਡ ਨੰਬਰ 01 ਤੋਂ ਐਮ.ਸੀ. ਅਤੇ ਨਗਰ ਕੌਂਸਲ ਦੇ ਮੀਤ ਪ੍ਰਧਾਨ ਦਵਿੰਦਰ ਸਿੰਘ ਸੈਣੀ, ਵਾਰਡ ਨੰਬਰ 11 ਤੋਂ ਐੱਮ ਸੀ ਕਿਰਨ ਪਤਨੀ ਮਾਸਟਰ ਕਰਮ ਸਿੰਘ, ਵਾਰਡ ਨੰਬਰ 12 ਤੋਂ ਐੱਮ ਸੀ ਭੁਪਿੰਦਰ ਸ਼ਰਮਾ, ਵਾਰਡ ਨੰਬਰ 14 ਤੋਂ ਐੱਮ ਸੀ ਨਰੇਸ਼ ਉਪਨੇਜਾ ਅਤੇ ਵਾਰਡ ਨੰਬਰ 16 ਦੇ ਇੰਚਾਰਜ ਐਡਵੋਕੇਟ ਆਸ਼ੀਸ਼ ਦਤਾ ਸਮੇਤ ਸਥਾਨਕ ਆਗੂ ਅਤੇ ਵਾਰਡ ਵਾਸੀ ਹਾਜ਼ਰ ਸਨ।

## ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ

**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**-ਸਕਾਰਪੀਓ ਗੱਡੀ ਨੇ ਮੋਟਰਸਾਈਕਲ ਸਵਾਰਾਂ ਨੂੰ ਜ਼ਬਰਦਸਤ ਟੱਕਰ ਮਾਰ ਦੇਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ ਹੈ ਅਤੇ ਦੂਸਰੇ ਦੇ ਗੰਭੀਰ ਜ਼ਖ਼ਮੀ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਜ਼ਖ਼ਮੀ ਨੌਜਵਾਨ ਨੂੰ ਤਰਨਤਾਰਨ ਦੇ ਸਿਵਲ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਜਿੱਥੇ ਇਲਾਜ ਦੌਰਾਨ ਉਸ ਦੀ



ਵੀ ਮੌਤ ਹੋ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਦੋਵੇਂ ਨੌਜਵਾਨ ਗੋਇੰਦਵਾਲ ਸਾਹਿਬ ਤੋਂ ਮੱਥਾ ਟੇਕ ਕੇ ਆ ਰਹੇ ਸਨ ਅਤੇ ਫਤਿਆਬਾਦ ਨਜ਼ਦੀਕ ਇਨ੍ਹਾਂ ਨੌਜਵਾਨਾਂ ਨੂੰ ਸਕਾਰਪੀਓ ਗੱਡੀ ਨੇ ਟੱਕਰ ਮਾਰ ਦਿੱਤੀ। ਇਸ ਘਟਨਾ ਦੌਰਾਨ ਗੁਰਪ੍ਰੀਤ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਫਤਿਆਬਾਦ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੂਜੇ ਦਾ ਨਾਂਅ ਧੋਨੀ ਹੈ ਜਿਸ ਨੂੰ ਗੰਭੀਰ ਹਾਲਤ 'ਚ ਹਸਪਤਾਲ 'ਚ ਜ਼ਖ਼ਮੀ ਕਰਵਾਇਆ।ਮ੍ਰਿਤਕ ਨੌਜਵਾਨ ਚਾਰ ਭੈਣਾਂ ਦਾ ਇਕਲੌਤਾ ਭਰਾ ਦੱਸਿਆ ਜਾ ਰਿਹਾ ਹੈ।ਪੀੜਤ ਪਰਿਵਾਰ ਵੱਲੋਂ ਪੁਲਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਪਾਸੋਂ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ।ਘਟਨਾ ਸਥਾਨ 'ਤੇ ਚੌਕੀ ਫਤਿਆਬਾਦ ਦੀ ਪੁਲਸ ਵੱਲੋਂ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲਿਆ ਜਾ ਰਿਹਾ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ

## ਡੀ ਆਰ ਹੈਰੀਟੇਜ ਪਬਲਿਕ ਸਕੂਲ 'ਚ ਆਜ਼ਾਦੀ ਦੇ ਜਸ਼ਨ ਮਨਾਏ

**ਬਟਾਲਾ: (ਡਾ. ਮਲਵਿੰਦਰ ਸਿੰਘ)**-ਡੀ ਆਰ ਹੈਰੀਟੇਜ ਪਬਲਿਕ ਸਕੂਲ ਵਿਖੇ ਆਜ਼ਾਦੀ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਆਜ਼ਾਦੀ ਦਿਹਾੜੇ ਸਬੰਧੀ ਜਾਣਕਾਰੀ ਦਿੱਤੀ ਗਈ ।ਬੱਚਿਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਉਜਾਗਰ ਕਰਨ ਦੇ ਲਈ ਸਕੂਲ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।ਪ੍ਰਸ਼ਨੋਤਰੀ ਮੁਕਾਬਲਾ ਸਲੋਗਨ ਲਿਖਣ ਦੇ ਮੁਕਾਬਲੇ, ਪੇਂਟਿੰਗ ਦੇ ਮੁਕਾਬਲੇ ਆਦਿ ਕਰਵਾਏ ਗਏ।ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਗੀਤਾਂ 'ਤੇ ਨਾਚ ਪੇਸ਼ ਕੀਤੇ ਗਏ।ਕਵਿਤਾਵਾਂ ਬੋਲੀਆਂ ਗਈਆਂ ਅਤੇ ਭਾਸ਼ਣ ਵੀ



ਦਿੱਤੇ ਗਏ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਸਭ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ।ਉਨ੍ਹਾਂ ਨੇ ਸਭ ਨੂੰ ਦੇਸ਼ ਦੀ ਤਰੱਕੀ ਲਈ ਯੋਗਦਾਨ ਪਾਉਣ ਅਤੇ ਮਹਿੰਗੀ ਮਿਲੀ ਆਜ਼ਾਦੀ ਨੂੰ ਸੰਭਾਲ ਕੇ ਰੱਖਣ ਲਈ ਪ੍ਰੇਰਿਤ ਕੀਤਾ।

## ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ 40 ਆਂਗਣਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ,




ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਵਿਧਾਨਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਦੋਰਾਂਗਲਾ ਅਤੇ ਦੀਨਾਨਗਰ ਬਲਾਕਾਂ ਦੇ ਵੱਖ ਵੱਖ ਆਂਗਣਵਾੜੀ ਕੇਂਦਰਾਂ ਲਈ ਭਰਤੀ ਕੀਤੀਆਂ ਗਈਆਂ 40 ਆਂਗਣਵਾੜੀ ਵਰਕਰਾਂ ਨੂੰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਪਾਰਟੀ ਦਫਤਰ ਅੱਬਲਖੈਰ ਵਿਖੇ ਨਿਯੁਕਤੀ ਪੱਤਰ ਵੰਡੇ ਗਏ।ਦੀਨਾਨਗਰ ਬਲਾਕ ਦੀਆਂ 21 ਅਤੇ ਦੋਰਾਂਗਲਾ ਬਲਾਕ ਦੀਆਂ 19 ਨਵੀਆਂ ਭਰਤੀ ਕੀਤੀਆਂ ਗਈਆਂ ਆਂਗਣਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਰੁਜ਼ਗਾਰ ਦੇ ਨਵੇਂ ਅਵਸਰ ਪੈਦਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਨੇ ਸਾਰਿਆਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ, ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਭਵਿੱਖ ਵਿੱਚ ਵੀ ਯੋਗ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਤੇ ਨੌਕਰੀਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ।ਇਸ ਮੌਕੇ ਨਿਯੁਕਤੀ ਪੱਤਰ ਹਾਸਲ ਕਰਨ ਵਾਲੀਆਂ ਆਂਗਣਵਾੜੀ ਵਰਕਰਾਂ ਦੇ ਚਿਹਰਿਆਂ ਤੇ ਭਾਰੀ ਖੁਸ਼ੀ ਦੇਖਣ ਨੂੰ ਮਿਲੀ।ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਬਿਨਾਂ ਕਿਸੇ ਪੱਖਪਾਤ ਦੇ ਸਮਾਜ ਦੇ ਭਲੇ ਲਈ ਕੰਮ ਕਰਨਗੀਆਂ

## ਮਨਿਸਟਰੀਅਲ ਕਰਮਚਾਰੀਆਂ ਵੱਲੋਂ ਕਲਮ ਛੋੜ ਹੜਤਾਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ਼ ਯੂਨੀਅਨ ਵਲੋਂ ਸੂਬਾ ਕਮੇਟੀ ਦੀ ਕਾਲ ਤੇ ਅੱਜ ਪੰਜਾਬ ਭਰ ਦੇ ਸਾਰੇ ਦਫਤਰਾਂ ਅਤੇ ਚੰਡੀਗੜ ਸਥਿਤ ਡਾਇਰੈਕਟੋਰੇਟ ਦਫਤਰਾਂ ਦੇ ਮਨਿਸਟਰੀਅਲ ਕਰਮਚਾਰੀਆ ਵਲੋਂ ਕਮਲ ਛੋੜ ਹੜਤਾਲ ਕੀਤੀ ਗਈ। ਇਸ ਜ਼ਿਲ੍ਹੇ ਵਿੱਚ ਹੜਤਾਲ ਕਰਨ ਵਾਲੇ ਮੁੱਖ ਦਫਤਰਾਂ ਵਿੱਚ ਸਿੱਖਿਆ ਵਿਭਾਗ ਦੇ ਦਫਤਰ, ਡੀ ਸੀ ਦਫਤਰ, ਐਸ ਡੀ ਐਮ ਦਫਤਰ, ਸਿੰਚਾਈ ਵਿਭਾਗ, ਪੀ ਡਬਲਯੂ.ਡੀ, ਬਾਗਬਾਨੀ ਵਿਭਾਗ, ਖੇਤੀਬਾੜੀ ਵਿਭਾਗ, ਸਿਵਲ ਸਰਜਨ ਦਫਤਰ, ਜ਼ਿਲ੍ਹਾ ਉਦਯੋਗ ਕੇਂਦਰ ਦਫਤਰ, ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ, ਆਬਕਾਰੀ ਵਿਭਾਗ, ਖੇਤੀਬਾੜੀ ਵਿਭਾਗ, ਆਈ ਟੀ ਆਈ, ਖਜਾਨਾ ਵਿਭਾਗ, ਪੋਲੀਟੈਕਨੀਕਲ ਆਦਿ ਦੇ ਕਰਮਚਾਰੀ ਸ਼ਾਮਲ ਹਨ। ਕਮਚਾਰੀਆ ਦੀਆਂ ਹੱਕੀ ਮੰਗਾਂ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ, ਪੈਂਡਿਗ ਡੀ ਏ ਜਾਰੀ ਕਰਨਾ, 15.01.2015 ਅਤੇ 17.07.2020 ਦੇ ਮੁਲਾਜਮ ਮਾਰੂ ਪੱਤਰਾਂ ਨੂੰ ਰੱਦ ਕਰਨਾ। ਟਾਈਪ ਟੈਸਟ ਦੀ ਥਾਂ ਤੇ ਕੰਪਿਊਟਰ ਟ੍ਰੇਨਿੰਗ ਨੂੰ ਲਾਗੂ ਕਰਨਾ, ਬੰਦ ਕੀਤੇ ਭੱਤਿਆ ਨੂੰ ਮੁੜ ਬਹਾਲ ਕਰਨਾ ਅਤੇ ਏ ਸੀ ਪੀ ਨੂੰ ਲਾਗੂ ਕਰਨਾ, ਕੱਚੇ ਮੁਲਾਜਮਾ ਨੂੰ ਪੱਕੇ ਕਰਨਾ ਆਦਿ ਸ਼ਾਮਿਲ ਹਨ। ਮੋਦਗਿਲ ਨੇ ਕਿਹਾ ਗਿਆ ਹੈ ਕਿ ਇਸ ਜ਼ਿਲ੍ਹੇ ਵਿੱਚ ਹੜਤਾਲ ਕਰਨ ਲਈ ਦੀਪਕ ਸ਼ਰਮਾ ਡੀ ਸੀ ਦਫਤਰ, ਧਰਮਿੰਦਰ ਕੁਮਾਰ ਅਤੇ ਸੰਜੀਵ ਕੁਮਾਰ ਸਿਵਲ ਸਰਜਨ, ਪੁਸ਼ਪਿੰਦਰ ਪਠਾਨੀਆ ਖਜਾਨਾ ਦਫਤਰ, ਹਰਕਮਲ ਸੰਘ ਪੀ ਡਬਲਯੂ ਡੀ ਵਿਭਾਗ, ਸੰਦੀਪ ਸੰਧੀ ਅਤੇ ਮੰਗਲ ਸਿੰਘ ਸਿੰਚਾਈ ਵਿਭਾਗ, ਪ੍ਰਭਸੰਘ ਅਤੇ ਵਿਨੈ ਕੁਮਾਰ ਆਬਕਾਰੀ ਵਿਭਾਗ, ਅਮਨਦੀਪ ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ, ਵਿਕਰਮਜੀਤ ਸਿੰਘ ਆਹਲੂਵਾਲੀਆ ਸਿੱਖਿਆ ਵਿਭਾਗ, ਡਿੰਪਲ ਕੁਮਾਰ ਅਯੁਰਵੇਦਿਕ ਵਫਤਰ ਵਲੋਂ ਐਕਸ਼ਨ ਨੂੰ ਆਪਣੇ ਆਪਣੇ ਵਿਭਾਗਾਂ ਵਿੱਚ ਮੁਕੰਮਲ ਤੌਰ ਤੇ ਲਾਗੂ ਕੀਤਾ ਗਿਆ। ਮੋਦਗਿਲ ਨੇ ਕਿਹਾ ਕਿ ਅੱਜ 18 ਅਗਸਤ ਨੂੰ ਕਲਮ ਛੋੜ ਹੜਤਾਲ ਜਾਰੀ ਰਹੇਗੀ ਤੇ ਮਨਿਸਟੀਰਿਅਲ ਕਰਮਚਾਰੀ ਸਾਂਝੇ ਫਰੰਟ ਵਲੋਂ 11:00 ਵਜੇ ਮਿੰਨੀ ਸਕਤਰੇਤ ਦੇ ਬਾਹਰ ਕੀਤੀ ਵਾਲੀ ਰੋਸ ਰੈਲੀ ਵਿੱਚ ਸ਼ਮੂਲੀਅਤ ਕਰਨਗੇ।

## ਬਰਸਟ ਨੇ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਮੁਹਾਲੀ (ਗੁਰਜੀਤ ਬਿੱਲਾ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਸੂਬੇ ਭਰ ਦੀਆਂ ਮੰਡੀਆਂ, ਲਿੰਕ ਸੜਕਾਂ ਅਤੇ ਵੱਖ-ਵੱਖ ਵਿਕਾਸ ਕਾਰਜਾਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਤੇ ਕੰਮਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਦਿੱਤੀਆਂ।



ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਮਿਆਰੀ ਸੜਕਾਂ ਦੇ ਨਿਰਮਾਣ ਅਤੇ ਨਵੀਨੀਕਰਨ ਦੇ ਨਾਲ-ਨਾਲ ਕਿਸਾਨਾਂ ਨੂੰ ਮੰਡੀਆਂ ਵਿੱਚ ਬਿਹਤਰ ਅਤੇ ਆਧੁਨਿਕ ਸਹੂਲਤਾਂ ਦੇਣ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਭਰ ਵਿੱਚ ਲਿੰਕ ਸੜਕਾਂ ਦੇ ਨਿਰਮਾਣ ਅਤੇ ਨਵੀਨੀਕਰਨ ਦੇ ਕੰਮ ਕਰਵਾਏ ਜਾ ਰਹੇ ਹਨ। ਮੀਟਿੰਗ ਦੌਰਾਨ ਚੇਅਰਮੈਨ ਵੱਲੋਂ ਇਨ੍ਹਾਂ ਸੜਕਾਂ ਨਾਲ ਸਬੰਧਤ ਚੱਲ ਰਹੇ ਕੰਮਾਂ ਦੀ ਪ੍ਰਗਤੀ ਅਤੇ ਮੌਜੂਦਾ ਸਥਿਤੀ ਦਾ ਮੁਲਾਂਕਣ ਕੀਤਾ ਗਿਆ। ਬਰਸਟ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੇ ਨਿਰਮਾਣ ਕਾਰਜਾਂ ਵਿੱਚ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਾ ਕੀਤਾ ਜਾਵੇ। ਚੇਅਰਮੈਨ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਵਿੱਚ ਅਤਿ-ਆਧੁਨਿਕ ਰਿਟੇਲ ਫ਼ਲ ਅਤੇ ਸਬਜੀ ਮੰਡੀਆਂ ਨੂੰ ਵਿਕਸਤ ਕਰਨ ਦੀ ਯੋਜਨਾ ਤਹਿਤ ਪਹਿਲੇ ਪੜਾਅ ਵਿੱਚ 5 ਅਤਿ-ਆਧੁਨਿਕ ਰਿਟੇਲ ਮੰਡੀਆਂ ਤਿਆਰ ਕੀਤੀਆਂ ਜਾਣਗੀਆਂ। ਇਨ੍ਹਾਂ ਮੰਡੀਆਂ ਵਿੱਚ ਸਾਫ਼-ਸਫ਼ਾਈ, ਬਿਜਲੀ, ਪਾਣੀ, ਪਲੇਟਫਾਰਮ ਅਤੇ ਹੋਰ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਆਧੁਨਿਕ ਮੰਡੀਆਂ ਦਾ ਉਦੇਸ਼ ਕਿਸਾਨਾਂ, ਆੜ੍ਹਤੀਆਂ, ਵਪਾਰੀਆਂ ਅਤੇ ਆਮ ਲੋਕਾਂ ਨੂੰ ਸਾਫ਼-ਸੁਥਰਾ ਅਤੇ ਸੁਵਿਧਾਜਨਕ ਵਾਤਾਵਰਣ ਮੁਹੱਈਆ ਕਰਵਾਉਣਾ ਹੈ, ਤਾਂ ਜੋ ਉਹਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

## ਅਧਿਆਪਕ ਰੋਸ ਵਜੋਂ 27 ਨੂੰ ਲੈਣਗੇ ਸਮੂਹਿਕ ਛੁੱਟੀ

**ਧਾਰੀਵਾਲ, (ਮਨਦੀਪ ਵਿੱਕੀ)**-ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਰਮਜੀਤ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅਨਿਲ ਸ਼ਰਮਾ ਰਾਹੀਂ ਮੁੱਖ ਮੰਤਰੀ ਨੂੰ ਮੰਗਾਂ ਦਾ ਹੱਲ ਨਾ ਕਰਨ ਦੀ ਸੂਰਤ ਵਿੱਚ 27 ਅਗਸਤ ਸਮੂਹਿਕ ਛੁੱਟੀ ਤੇ ਜਾਣ ਬਾਰੇ ਮੰਗ ਪੱਤਰ ਸੌਂਪਿਆ।ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਕੀਤੀ ਗਈ ਜਿਸ ਵਿੱਚ 27 ਅਗਸਤ ਦੀ ਪੰਜਾਬ ਭਰ ਵਿੱਚ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ ਤੇ ਜਾਣ ਦੇ ਫ਼ੈਸਲੇ ਨੂੰ ਜਿਲ੍ਹਾ ਭਰ ਵਿਚ ਲਾਗੂ ਕਰਵਾਉਣ ਦਾ ਅਹਿਦ ਲਿਆ



ਗਿਆ। ਬਾਕੀ ਵਿਭਾਗਾਂ ਦੇ ਆਗੂਆਂ ਨਾਲ ਤਾਲਮੇਲ ਕਰਕੇ ਜ਼ਿਲ੍ਹਾ ਪੱਧਰੀ ਵਿਸ਼ਾਲ ਰੈਲੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ।ਆਗੂਆਂ ਨੇ ਸਰਕਾਰ ਦੇ ਮੁਲਾਜ਼ਮ ਵਿਰੋਧੀ ਰੱਵਈਏ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਅਨੁਸਾਰ ਤੁਰੰਤ ਡੀ ਏ ਦੀ ਕਿਸ਼ਤ ਜਾਰੀ ਕੀਤੀ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਭੱਤੇ ਬਹਾਲ ਕੀਤੇ ਜਾਣ, ਕੱਚੇ ਅਧਿਆਪਕਾਂ ਨੂੰ ਪੂਰੇ ਗਰੇਡ ਦੇ ਕੇ ਪਕਿਆਂ ਕੀਤਾ ਜਾਵੇ,4/9/14 ਏ ਸੀ ਪੀ ਸਕੀਮ ਬਹਾਲ ਕੀਤੀ ਜਾਵੇ। ਮੀਟਿੰਗ ਵਿੱਚ ਬਲਾਕ ਪੱਧਰ ਤੇ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ।ਆਗੂਆਂ ਨੇ ਕਿਹਾ ਕਿ ਸਮੂਹ ਅਧਿਆਪਕ 27 ਅਗਸਤ ਨੂੰ ਸਮੂਹਿਕ ਛੁੱਟੀ ਲੈਣ ਦਾ ਇਤਿਹਾਸ ਸਿਰਜਣਗੇ।ਇਸ ਮੌਕੇ ਰਵਿੰਦਰਜੀਤ ਸਿੰਘ ਪੰਨੂ, ਗੁਰਿੰਦਰ ਸਿੱਧੂ, ਕੁਲਦੀਪ ਪੂਰੋਵਾਲ, ਅਸ਼ਵਨੀ ਫਜ਼ੁਪੁਰ, ਸੋਮ ਸਿੰਘ, ਹਰਜਿੰਦਰ ਸਿੰਘ, ਤਰਸੇਮ ਪਾਲ, ਓਂਕਾਰ ਸਿੰਘ, ਬਲਵਿੰਦਰ ਕੌਰ, ਤੇਜਿੰਦਰ ਸਿੰਘ ਸ਼ਾਹ, ਅਮਰਜੀਤ ਸਿੰਘ,ਸੁਖਜਿੰਦਰ ਸਿੰਘ , ਤਰਪਿੰਦਰਪਾਲ ਸਿੰਘ, ਤਰਲੋਕ ਸਿੰਘ, ਆਦਿ ਹਾਜ਼ਰ ਸਨ।

## ਪਪਰਾਲੀ ਵਿਖੇ ਤੀਆਂ ਦਾ ਤਿਉਹਾਰ ਮਨਾਇਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਪਿੰਡ ਪਪਰਾਲੀ ਦੀ ਗਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੁੜਿਆ



ਤੀਆਂ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਿੰਡ ਦੀਆਂ ਮਹਿਲਾਵਾਂ ਅਤੇ ਮੁਟਿਆਰਾਂ ਨੇ ਰਵਾਇਤੀ ਪੰਜਾਬੀ ਪਹਿਰਾਵਿਆਂ ਵਿੱਚ ਸ਼ਿਰਕਤ ਕਰਦਿਆਂ ਤੀਆਂ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।ਸਮਾਗਮ ਵਿੱਚ ਹਰਵਿੰਦਰ ਕੌਰ ਸੰਧੂ, ਚੇਅਰਪਰਸਨ ਪੰਚਾਇਤ ਸੰਮਤੀ ਮੋਰਿੰਡਾ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਨੇ ਤੀਆਂ ਦੇ ਤਿਉਹਾਰ ਦੀਆਂ ਸਮੂਹ ਪਿੰਡ ਵਾਸੀਆਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦਾ ਅਨਿੱਖੜਵਾਂ ਹਿੱਸਾ ਹਨ। ਅਜਿਹੇ ਸਮਾਗਮ ਸਾਡੀਆਂ ਪੁਰਾਤਨ ਰਵਾਇਤਾਂ, ਲੋਕ ਗੀਤਾਂ, ਬੋਲੀਆਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਸਰਪੰਚ ਮਨਦੀਪ ਕੌਰ ਨੇ ਮੁੱਖ ਮਹਿਮਾਨ ਹਰਵਿੰਦਰ ਕੌਰ ਸੰਧੂ ਦਾ ਪਿੰਡ ਪਪਰਾਲੀ ਵਿਖੇ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਸ਼ਮੂਲੀਅਤ ਨਾਲ ਸਮਾਗਮ ਦੀ ਰੌਣਕ ਹੋਰ ਵੀ ਵਧੀ ਹੈ।ਸਮਾਗਮ ਦੌਰਾਨ ਹਰਦੀਪ ਕੌਰ, ਕਰਮਜੀਤ ਕੌਰ, ਲਖਵੀਰ ਕੌਰ, ਕਿਰਨ ਕੌਰ, ਹਰਦੀਪ ਕੌਰ, ਰਮਨ ਕੌਰ ਅਤੇ ਗੁਰਿੰਦਰ ਕੌਰ ਸਮੇਤ ਹੋਰ ਪਿੰਡ ਵਾਸੀ ਮੌਜੂਦ ਸਨ।

## ਉੱਤਰਾਖੰਡ ਵਿਕਾਸ ਮੰਚ ਦੇ ਦਰਜਨਾਂ ਅਹੁਦੇਦਾਰ ਅਕਾਲੀ ਦਲ 'ਚ ਸ਼ਾਮਲ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਕਿਹਾ ਕਿ ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਵਿਕਾਸ ਵਿੱਚ ਉੱਤਰਾਖੰਡ ਦੇ ਲੋਕਾਂ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉੱਤਰਾਖੰਡ ਦੇ ਲੋਕਾਂ ਨੇ ਇੱਥੇ ਆ ਕੇ ਆਪਣੀ ਮਿਹਨਤ ਨਾਲ ਇੱਕ ਵੱਖਰੀ ਪਛਾਣ ਬਣਾਈ ਹੈ।ਐੱਨ ਕੇ ਸ਼ਰਮਾ ਉਤਰਾਖੰਡ ਵਿਕਾਸ ਮੰਚ ਦੇ ਅਹੁਦੇਦਾਰਾਂ ਅਤੇ ਉਤਰਾਖੰਡ ਮੂਲ ਦੇ ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਲਈ ਸਵਾਗਤ ਕਰ ਰਹੇ ਸਨ। ਸ਼ਰਮਾ ਨੇ ਕਿਹਾ ਕਿ ਉਤਰਾਖੰਡ ਦੇ ਲੋਕਾਂ ਨੇ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਦੌਰਾਨ ਦਿੱਤੀਆਂ ਗਈਆਂ ਸਹੂਲਤਾਂ ਤੋਂ ਖੁਸ਼ ਹੋ ਕੇ ਇਸ ਖੇਤਰ ਨੂੰ ਆਪਣੇ ਨਿਵਾਸ ਲਈ ਚੁਣਿਆ। ਇਸ ਮੌਕੇ 'ਤੇ ਉਤਰਾਖੰਡ ਵਿਕਾਸ ਮੰਚ ਦੇ ਕਈ ਨੁਮਾਇੰਦਿਆਂ ਜਿਨ੍ਹਾਂ ਵਿੱਚ ਮਨਮੋਹਨ ਸਿੰਘ, ਪਿਆਰਾ ਸਿੰਘ, ਦੇਵੀ ਸਿੰਘ, ਵੀਐਸ ਰਾਵਤ, ਮਹੇਸ਼ ਸ਼ਰਮਾ, ਦਯਾਨੰਦ, ਜੈ ਪ੍ਰਕਾਸ਼, ਅਖਿਲੇਸ਼ ਤਿਵਾੜੀ, ਡੀਕੇ ਪਾਂਡੇ, ਮਨੋਜ ਝਾਅ, ਗੋਲੂ ਬੱਤਰਾ, ਸੁਮਿਤ ਆਹੂਜਾ ਅਤੇ ਆਸ਼ੂ ਸ਼ਾਮਲ ਸਨ, ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

## ਸੱਤਿਆ ਭਾਰਤੀ ਸਕੂਲ ਵਰਿਆਮ ਨੰਗਲ ਵਿਖੇ 80ਵਾਂ ਆਜ਼ਾਦੀ ਦਿਹਾੜਾ ਮਨਾਇਆ



**ਜੈਂਤੀਪੁਰ (ਸਿੱਧੂ ਜੈਂਤੀਪੁਰ)** ਸੱਤਿਆ ਭਾਰਤੀ ਸਕੂਲ ਵਰਿਆਮ ਨੰਗਲ ਵਿਖੇ 80 ਵਾਂ ਆਜ਼ਾਦੀ ਦਿਹਾੜਾ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ ।ਇਸ ਸਮਾਗਮ ਦੌਰਾਨ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਪਿੰਡ ਵਾਸੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਰਾਸ਼ਟਰੀ ਝੰਡਾ (ਤਿਰੰਗਾ) ਲਹਿਰਾਉਣ ਅਤੇ ਰਾਸ਼ਟਰੀ ਗਾਨ ਨਾਲ ਹੋਈ, ਜਿਸ ਤੋਂ ਬਾਅਦ ਤਿਰੰਗੇ ਨੂੰ ਸਲਾਮੀ ਦਿੱਤੀ ਗਈ। ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਨਾਲ ਲਬਾਲਬ ਭਾਸ਼ਣ, ਦੇਸ਼ ਭਗਤੀ ਦੇ ਗੀਤ ਅਤੇ ਕਵਿਤਾਵਾਂ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ, ਗਿੱਧੇ ਅਤੇ ਭੰਗੜੇ ਨੇ ਸਮਾਗਮ ਵਿੱਚ ਵੱਖਰਾ ਹੀ ਰੰਗ ਬੰਨ੍ਹਿਆ।ਸਕੂਲ ਦੇ ਹੈੱਡ ਟੀਚਰ ਆਰਤੀ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਆਜ਼ਾਦੀ ਦੇ ਪਰਵਾਨਿਆਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਬੱਚਿਆਂ ਨੂੰ ਚੰਗੇ ਨਾਗਰਿਕ ਬਣਨ, ਅਨੁਸ਼ਾਸਨ ਵਿੱਚ ਰਹਿਣ ਅਤੇ ਦੇਸ਼ ਦੀ ਪ੍ਰਗਤੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਭਾਰਤੀ ਏਅਰਟੈਲ ਫਾਊਂਡੇਸ਼ਨ ਵੱਲੋਂ ਗ੍ਰਾਮੀਣ ਖੇਤਰਾਂ ਵਿੱਚ ਮੁਫ਼ਤ ਤੇ ਮਿਆਰੀ ਸਿੱਖਿਆ ਦੇਣ ਦੇ ਉਪਰਾਲਿਆਂ ਬਾਰੇ ਵੀ ਚਾਨਣਾ ਪਾਇਆ।ਇਸ ਮੌਕੇ ਸਕੂਲ ਦਾ ਸਮੂਹ ਸਟਾਫ਼, ਪੰਚਾਇਤ ਮੈਂਬਰ, ਸਰਪੰਚ, ਜ਼ਿਲ੍ਹਾ ਟਰੇਨਰ ਸੁਖਜਿੰਦਰ ਸਿੰਘ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਪਰਵਾਰ 'ਆਪ' 'ਚ ਸ਼ਾਮਲ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਹਲਕਾ ਸੁਲਤਾਨਪੁਰ ਲੋਧੀ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਸਿਆਸੀ ਬਲ ਮਿਲਿਆ ਜਦੋਂ ਪਿੰਡ ਹੁਸੈਨਪੁਰ ਦੂਲੋਵਾਲ ਵਿਖੇ ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਵੱਡੀ ਗਿਣਤੀ ਪਰਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਨਵੇਂ ਸ਼ਾਮਲ ਹੋਏ ਪਰਿਵਾਰਾਂ ਦਾ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੱਜਣ ਸਿੰਘ ਚੀਮਾ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਪਰਵਾਰਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਹਲਕਾ ਸੁਲਤਾਨਪੁਰ ਲੋਧੀ ਵਿੱਚ ਸੱਜਣ ਸਿੰਘ ਚੀਮਾ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਨਾਲ ਜੁੜਨ ਦਾ ਫੈਸਲਾ ਕੀਤਾ ਹੈ।ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਪਰਿਵਾਰ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਨਵੇਂ ਸ਼ਾਮਲ ਹੋਏ ਸਾਥੀਆਂ ਨੂੰ ਹਰ ਪੱਧਰ 'ਤੇ ਬਣਦੀ ਜ਼ਿੰਮੇਵਾਰੀ ਅਤੇ ਥਾਂ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੇ ਜਾਇਜ਼ ਕੰਮ ਪਹਿਲ ਦੇ ਆਧਾਰ 'ਤੇ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।ਸੱਜਣ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਆਮ ਆਦਮੀ ਪਾਰਟੀ ਨਾਲ ਲਗਾਤਾਰ ਜੁੜਨਾ ਇਸ ਗਲ ਦਾ ਪ੍ਰਤੀਕ ਹੈ ਕਿ ਸਰਕਾਰ ਦੀਆਂ ਨੀਤੀਆਂ ਅਤੇ ਵਿਕਾਸ ਕਾਰਜਾਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਸ ਮੌਕੇ ਪਾਰਟੀ ਆਗੂਆਂ ਅਤੇ ਵਰਕਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।



# ਲਾਇਬ੍ਰੇਰੀ ਦਾ ਉਦਘਾਟਨ ਅੱਜ

**ਖਰੜ (ਹਰਨਾਮ ਸਿੰਘ ਡੱਲਾ)**-ਪੁਆਧ ਇਲਾਕੇ ਦੀ ਉੱਘੀ ਸਮਾਜਿਕ ਜਥੇਬੰਦੀ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਵੱਲੋਂ ਨਵੀਂ ਉਸਾਰੀ ਗਈ ਲਾਇਬ੍ਰੇਰੀ ਦਾ ਉਦਘਾਟਨ 18 ਅਗਸਤ ਨੂੰ ਕੀਤਾ ਜਾ ਰਿਹਾ ਹੈ।ਸਭਾ ਦੇ ਪ੍ਰਧਾਨ ਮਦਨ ਲਾਲ ਜਨਾਗਲ ਨੇ ਪ੍ਰੈਸ ਬਿਆਨ ਦਿੰਦਿਆਂ ਦੱਸਿਆ ਕਿ ਲਾਇਬ੍ਰੇਰੀ ਦਾ ਉਦਘਾਟਨ ਗੁਰਮੀਤ ਸਿੰਘ ਐੱਸ ਡੀ ਐੱਮ ਖਰੜ ਆਪਣੇ ਕਰ ਕਮਲਾਂ ਨਾਲ ਕਰਨਗੇ। ਚੇਤੇ ਰਹੇ ਕਿ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਪਿਛਲੇ 19 ਸਾਲ ਤੋਂ ਇਲਾਕੇ ਵਿੱਚ ਮਾਨਵੀ ਸਾਂਝ ਲਈ ਕੰਮ ਕਰਦੀ ਆ ਰਹੀ ਹੈ। ਸਭਾ ਨੇ ਵਿਦਿਅਕ ਖੇਤਰ ਵਿੱਚ ਗ਼ਰੀਬ ਤੇ ਲੋੜਵੰਦ ਬੱਚਿਆਂ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਵਾਉਣ ਲਈ ਬਿਨਾਂ ਕਿਸੇ ਜਾਤੀ ਤੇ ਨਸਲੀ ਭੇਦਭਾਵ ਤੋਂ ਆਰਥਿਕ ਮਦਦ ਕਰਨ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਹਨ ਅਤੇ ਹਰ ਸਾਲ ਉਚੇਰੀ ਸਿੱਖਿਆ ਲਈ ਬੱਚਿਆਂ ਨੂੰ ਅਪਣਾਉਂਦੀ ਚਲੀ ਆ ਰਹੀ ਹੈ। ਸਭਾ ਵਲੋਂ ਨਵੀਂ ਉਸਾਰੀ ਗਈ ਲਾਇਬ੍ਰੇਰੀ ਦੀ ਸਾਹਿਤਕ ਹਲਕਿਆਂ ਵਿੱਚ ਚਰਚਾ ਹੈ। ਕਹਾਣੀਕਾਰ ਸਰੂਪ ਸਿਆਲਵੀ, ਡਾ: ਹਰਨੇਕ ਸਿੰਘ ਕਲੇਰ, ਪੁਰਸਕਾਰ ਵਿਜੇਤਾ ਨਾਵਲਕਾਰ ਸੰਤਵੀਰ, ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ, ਹਰਿੰਦਰਜੀਤ ਸਿੰਘ ਸਾਕੀ, ਪਰਸਰਾਮ ਸਿੰਘ ਬੱਧਨ, ਰਾਬਿੰਦਰ ਸਿੰਘ ਰੱਬੀ, ਤਰਸੇਮ ਬਸ਼ਰ, ਸੁਰਜੀਤ ਸੁਮਨ, ਡਾਕਟਰ ਸੌਦਾਗਰ ਸਿੰਘ ਪਾਲ,ਪ੍ਰਿੰਸੀਪਲ ਮੋਹਣ ਲਾਲ ਰਾਹੀ, ਹਿੱਤ ਅਭਲਾਸ਼ੀ ਹਿੱਤ, ਬਾਪੂ ਸੁੱਚਾ ਸਿੰਘ ਅਧਰੇੜਾ, ਸੁਰਿੰਦਰ ਸਿੰਘ ਰਸੂਲਪੁਰ ਅਤੇ ਹਰਨਾਮ ਸਿੰਘ ਡੱਲਾ ਨੇ ਸ਼ਹਿਰ ਨੂੰ ਦਿੱਤੀ ਜਾ ਰਹੀ ਇਸ ਲਾਇਬ੍ਰੇਰੀ ਨੂੰ 'ਜੀ ਆਇਆਂ' ਆਖਦਿਆਂ ਚੇਤਨਾ ਦੇ ਇਸ ਨਵਨਿਰਮਾਣਤ ਮੰਦਰ ਦੀ ਉਸਾਰੀ ਲਈ ਸੰਸਥਾ ਦੀ ਭਰਪੂਰ ਸ਼ਲਾਘਾ ਕੀਤੀ ਹੈ।



# ਮਨਿਸਟੀਰੀਅਲ ਕਾਮਿਆਂ ਵੱਲੋਂ ਕਲਮ ਛੋੜ ਹੜਤਾਲ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਪਿਛਲੇ ਦਿਨੀਂ ਗੁਰਨਾਮ ਸਿੰਘ ਵਿਰਕ ਸੂਬਾ ਪ੍ਰਧਾਨ ਅਤੇ ਤਰਸੇਮ ਸਿੰਘ ਭੱਠਲ ਸੂਬਾ ਜਨਰਲ ਸਕੱਤਰ ਦੀ ਪ੍ਰਧਾਨਗੀ ਵਿੱਚ ਹੋਈ ਆਨ ਲਾਈਨ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ 18 ਅਗਸਤ ਨੂੰ ਸਮੁੱਚੇ ਪੰਜਾਬ ਦੇ ਦਫਤਰਾਂ ਵਿੱਚ ਕਲਮ ਛੋੜ ਹੜਤਾਲ ਅਤੇ ਕੰਪਿਊਟਰ ਬੰਦ ਕਰਕੇ ਦਫਤਰਾਂ ਦਾ ਕੰਮ ਮੁਕੰਮਲ ਤੌਰ ਤੇ ਬੰਦ ਰੱਖਿਆ ਜਾਵੇਗਾ। ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਡੀ ਏ ਸਬੰਧੀ ਮਾਨਯੋਗ ਹਾਈ ਕੋਰਟ ਦਾ ਫੈਸਲਾ ਆ ਚੁੱਕਾ ਹੈ। ਹੁਣ ਇਹ ਕੇਵਲ ਪੰਜਾਬ ਦੇ ਨੌਜਵਾਨਾਂ ਦੇ ਬਿਹਤਰ ਭਵਿੱਖ ਦੀ ਪ੍ਰਾਪਤੀ ਲਈ ਸੰਘਰਸ਼ ਲੜਿਆ ਜਾ ਰਿਹਾ ਹੈ ਅਤੇ ਇਸ ਸਰਕਾਰ ਨੂੰ ਚਲਦੇ ਕਰ ਦੇਣ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਗੁਰਪ੍ਰੀਤ ਸਿੰਘ ਖਟੜਾ, ਸੂਬਾ ਪ੍ਰੈਸ ਸਕੱਤਰ, ਪੀ ਐੱਸ ਐੱਮ ਐੱਸ ਯੂ ਅਤੇ ਸੂਬਾ ਪ੍ਰਧਾਨ ਸਿੱਖਿਆ ਵਿਭਾਗ ਨੇ ਦੱਸਿਆ ਕਿ ਸਰਕਾਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿੰਗਲ ਬੈਂਚ ਤੋਂ ਬਾਅਦ ਡਬਲ ਬੈਂਚ ਦੇ ਆਏ ਫੈਸਲੇ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਜਿਸ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਸਮੁੱਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਅਤੇ ਇਸ ਦੇ ਪਿਛਲੇ ਬਕਾਏ 15 ਦਿਨਾਂ ਦੇ ਅੰਦਰ ਅਦਾ ਕਰਨ ਦੇ ਆਦੇਸ਼ ਦਿੱਤੇ ਸਨ। ਜਦਕਿ ਇਹ ਪੰਦਰਾਂ ਦਿਨ 18 ਅਗਸਤ ਨੂੰ ਪੂਰੇ ਹੋਣ ਜਾ ਰਹੇ ਹਨ ਅਤੇ ਹਾਲੇ ਤੱਕ ਸਰਕਾਰ ਵੱਲੋਂ ਇਹ ਆਦੇਸ਼ ਮੰਨਣ ਸਬੰਧੀ ਕੀਤੀ ਕੋਈ ਕਾਰਵਾਈ ਸਾਹਮਣੇ ਨਹੀਂ ਆਈ। ਇਹ ਵੀ ਦੱਸਿਆ ਕਿ ਹੁਣ ਇਹ ਹੜਤਾਲ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਮਿਤੀ 17-7-2020 ਦਾ ਪੱਤਰ ਵਾਪਸ ਲੈ ਕੇ ਕੇਂਦਰ ਸਰਕਾਰ ਦੇ ਸੱਤਵੇਂ ਤਨਖਾਹ ਕਮਿਸ਼ਨ ਦੀ ਬਜਾਏ ਸਰਕਾਰ ਦਾ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ, ਮਿਤੀ 15-01-2015 ਦਾ ਮੁਲਾਜ਼ਮ ਵਿਰੋਧੀ ਪੱਤਰ ਵਾਪਸ ਲੈ ਕੇ ਪ੍ਰੋਬੇਸ਼ਨ ਸਮਾਂ ਘੱਟ ਕਰਕੇ ਇੱਕ ਸਾਲ ਕਰਨ ਅਤੇ ਇਸ ਦੌਰਾਨ ਪੂਰੀ ਤਨਖਾਹ ਤੇ ਭੱਤੇ ਦੇਣ, ਛੇਵੇਂ ਤਨਖਾਹ ਕਮਿਸ਼ਨ ਵੱਲੋਂ ਮੁਲਾਜ਼ਮਾਂ ਦੇ ਭੱਤਿਆਂ ਸਬੰਧੀ ਕੀਤੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਾਉਣ, ਏ ਸੀ ਪੀ ਸਕੀਮ ਤਹਿਤ 4-9-14 ਸਾਲ ਦੀ ਸੇਵਾ ਪੂਰੀ ਹੋਣ ਤੇ ਉੱਚ ਤਨਖਾਹ ਸਕੇਲ ਦੇਣ, ਜਜੀਆ ਟੈਕਸ ਵਾਪਸ ਲੈਣ, ਆਊਟਸੋਰਸ ਅਤੇ ਕੰਟਰੈਕਟ ਤੇ ਕੰਮ ਕਰਦੇ ਸਮੂਹ ਮੁਲਾਜ਼ਮਾਂ ਨੂੰ ਪੱਕੇ ਕਰਨ, ਪੈਨਸ਼ਨਰਾਂ ਦੀ 2.59 ਦੇ ਗੁਣਾਕ ਫਾਰਮੂਲੇ ਨਾਲ ਪੈਨਸ਼ਨ ਫਿਕਸ ਕਰਨ, ਸਟੈਨੋ ਕਾਡਰ ਲਈ ਪਦਉਨਤੀਆਂ ਦੇ ਨਵੇਂ ਮੌਕੇ ਪੈਦਾ ਕਰਨ, ਸਾਲ 2011 ਤੋਂ ਬਾਅਦ ਡਿਊਟੀ ਦੌਰਾਨ ਮ੍ਰਿਤਕ ਮੁਲਾਜ਼ਮਾਂ ਦੇ ਆਸ਼ਰਤਾਂ ਤੇ ਉਹਨਾਂ ਦੀਆਂ ਵਿਧਵਾਵਾਂ ਨੂੰ ਤਰਸ ਦੇ ਆਧਾਰ ਤੇ ਭਰਤੀ ਕਰਨ ਬਾਅਦ ਲਾਈ ਟਾਈਪ ਟੈਸਟ ਦੀ ਸ਼ਰਤ ਹਟਾ ਕੇ 120 ਘੰਟੇ ਦੀ ਕੰਪਿਊਟਰ ਟ੍ਰੇਨਿੰਗ ਮੁਕੰਮਲ ਕਰਨ ਤੇ ਸਲਾਨਾ ਤਰੱਕੀਆਂ ਬਹਾਲ ਕਰਨ, ਸੀਨੀਅਰ ਸਹਾਇਕਾਂ ਦਾ ਪਦ ਉਨਤੀ ਕੋਟਾ ਸੌ ਫੀਸਦੀ ਕਰਨ, 20 ਸਾਲ ਦੀ ਸੇਵਾ ਪੂਰੀ ਕਰਨ ਤੇ ਸੇਵਾ ਨਵਿਰਤੀ ਲਈ ਪੂਰੇ ਲਾਭ ਦੇਣ, ਵਿਭਾਗਾਂ ਦੀ ਸਰਕਾਰ ਦੇ ਨਿਯਮਾਂ ਅਨੁਸਾਰ ਹਰ 5 ਸਾਲ ਬਾਅਦ ਮੁੜ ਬਣਤਰ ਕਰਨ ਦੇ ਹੁਕਮ ਜਾਰੀ ਕਰਨ ਅਤੇ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਨਵੀਆਂ ਅਸਾਮੀਆਂ ਦੀ ਰਚਨਾ ਕਰਨ ਆਦਿ ਦੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਇਸ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

# ਸਰਕਾਰ ਦਾ ਪੁਤਲਾ ਫੂਕਿਆ



**ਮਾਹਿਲਪੁਰ (ਸ.ਫਰੀ)**-ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਨੇ ਪੰਜਾਬ-ਮੁਲਾਜਮ ਪੈਨਸ਼ਨਰ ਸਾਂਝੇ ਫਰੰਟ ਦੇ ਬੈਨਰ ਹੇਠ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ, ਚਰਨਜੀਤ ਕੁਮਾਰ ਬਾੜੀਆਂ ਕਲਾਂ, ਪਰਮਜੀਤ ਕਾਤਿਬ ਅਤੇ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਅਗਵਾਈ ਵਿੱਚ ਸਬਜੀ ਮੰਡੀ ਮਾਹਿਲਪੁਰ ਵਿਖੇ ਪੁਤਲਾ ਫੂਕਿਆ ਗਿਆ।ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਦੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੋਈ ਵੀ ਚੋਣ ਵਾਅਦਾ ਪੂਰਾ ਨਾ ਕਰਨ ਤੇ ਸੂਬਾ ਕਮੇਟੀ ਵਲੋਂ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦਾ ਪੁਤਲਾ ਫੂਕ ਕੇ ਆਪਣਾ ਰੋਸ ਪ੍ਰਗਟ ਕਰਨ ਦਾ ਐਲਾਨ ਕੀਤਾ ਗਿਆ ਸੀ। ਆਗੂਆਂ ਨੇ ਕਿਹਾ ਕਿ ਜੇਕਰ 27 ਅਗਸਤ ਦੀ ਮੀਟਿੰਗ ਵਿੱਚ ਸਰਕਾਰ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਕੋਈ ਸਾਰਥਕ ਹੱਲ ਨਹੀਂ ਕੱਢਦੀ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਵਿਰੁੱਧ ਤਕੜੇ ਸੰਘਰਸ਼ ਕੀਤੇ ਜਾਣਗੇ।ਇਸ ਮੌਕੇ ਸਤਵੀਰ ਕੌਰ, ਦਵਿੰਦਰ ਕੌਰ, ਬਲਵਿੰਦਰ ਕੌਰ, ਬਾਬੂ ਓਮ ਦੱਤ, ਜੈਰਾਮ ਬਾੜੀਆਂ, ਬਲਦੇਵ ਸਿੰਘ, ਤਰਸੇਮ ਲਾਲ, ਰਾਮ ਆਸਰਾ, ਸੁਖਦੇਵ ਸਿੰਘ, ਰਕੇਸ਼ ਕੁਮਾਰ, ਰਵਿੰਦਰ ਕੁਮਾਰ, ਕਮਲਜੀਤ ਸਿੰਘ, ਹੈੱਡ ਮਾਸਟਰ ਕੁਲਦੀਪ ਸਿੰਘ, ਰਾਮ ਪਾਲ, ਹੈੱਡ ਮਾਸਟਰ ਜਰਨੈਲ ਸਿੰਘ, ਗੁਰਜੀਤ ਸਿੰਘ ਟੋਨੀ, ਗੁਰਨਾਮ ਚੰਦ, ਚਮਨ ਲਾਲ, ਤਾਰਾ ਸਿੰਘ, ਟਹਿਲ ਸਿੰਘ, ਭਗਵੰਤ ਰਾਏ, ਸਤਨਾਮ ਸਿੰਘ, ਮੋਹਣ ਲਾਲ ਸਮੇਤ ਵੱਡੀ ਗਿਣਤੀ ਵਿੱਚ ਮੁਲਾਜਮ ਅਤੇ ਪੈਨਸ਼ਨਰ ਹਾਜ਼ਰ ਸਨ।

# ਖ਼ੂਨਦਾਨ ਕੈਂਪ 'ਚ 53 ਯੂਨਿਟ ਖ਼ੂਨ ਇਕੱਤਰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਸ਼ਿਵਾਲਿਕ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਵਣਜਾਰਾ ਕੈਫੇ ਗੜ੍ਹਸ਼ੰਕਰ ਵਿਖੇ ਆਜ਼ਾਦੀ ਦਿਵਸ ਨੂੰ ਸਮਰਪਿਤ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ 53 ਖ਼ੂਨ ਦਾਨੀ ਵਿਅਕਤੀਆਂ ਨੇ ਖ਼ੂਨ-ਦਾਨ ਕੀਤਾ। ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਮੈਂਬਰਾਂ ਨੇ ਦੱਸਿਆ ਕਿ ਇਹ ਕੈਂਪ ਸੰਤ ਗੁਰਮੇਲ ਸਿੰਘ ਬਲੱਡ ਬੈਂਕ ਬਲਾਚੌਰ ਦੇ ਤਕਨੀਕੀ ਸਹਿਯੋਗ ਨਾਲ 15 ਅਗਸਤ ਆਜ਼ਾਦੀ ਦਿਵਸ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਸੁਸਾਇਟੀ ਦੇ ਮੈਂਬਰਾਂ ਅਤੇ ਆਏ ਹੋਏ ਪਤਵੰਤੇ ਸੱਜਣਾਂ ਵੱਲੋਂ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਸੰਤ ਬਾਬਾ ਦਲੇਲ ਸਿੰਘ ਨਿਰਮਲ ਕੁਟੀਆ ਟੂਟੋਮਜਾਰਾ ਤੋਂ ਮੁੱਖ ਸੇਵਾਦਾਰ ਸੰਤ ਮਹਾਂਪੁਰਸ਼ ਸੰਤ ਬਾਬਾ ਬਲਵੀਰ ਸਿੰਘ ਜੀ, ਸੰਤ ਬਾਬਾ ਮੱਖਣ ਸਿੰਘ ਜੀ ਅਤੇ ਕਾਂਗਰਸ ਦੇ ਆਗੂ ਸਰਿਤਾ ਸ਼ਰਮਾ ਨੇ ਸਾਂਝੇ ਤੌਰ ਤੇ ਕੀਤਾ। ਇਸ ਕੈਂਪ ਦੌਰਾਨ ਖ਼ੂਨਦਾਨੀ ਵੀਰਾਂ ਅਤੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਵੱਖ-ਵੱਖ ਤਰ੍ਹਾਂ ਦੇ ਬੂਟੇ ਵੀ ਵੰਡੇ ਗਏ ਇਸ ਨੇਕ ਕਾਰਜ ਵਿੱਚ ਹਿੱਸਾ ਬਣਨ ਲਈ ਦਾਨੀ ਸੱਜਣਾਂ ਵੱਲੋਂ ਸੁਸਾਇਟੀ ਨੂੰ ਆਰਥਿਕ ਮਦਦ ਵੀ ਦਿੱਤੀ ਗਈ। ਇਸ ਖ਼ੂਨਦਾਨ ਕੈਂਪ ਮੌਕੇ ਰੋਟਰੀ ਆਈ ਡੋਨੇਟ ਸੁਸਾਇਟੀ ਦੇ ਮੈਂਬਰ ਡਾਕਟਰ ਤਰਸੇਮ ਲਾਲ ਅਤੇ ਡਾਕਟਰ ਲਖਵਿੰਦਰ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਹਨਾਂ ਦੀ ਹਾਜ਼ਰੀ ਵਿੱਚ ਪੱਤਰਕਾਰ ਫੂਲਾ ਸਿੰਘ ਬੀਰਮਪੁਰ, ਪੱਤਰਕਾਰ ਬਲਜਿੰਦਰ ਕਿਤਨਾ, ਸੂਬੇਦਾਰ ਦਵਿੰਦਰ ਸਿੰਘ ਬੀਰਮਪੁਰ ਸਮੇਤ ਹੋਰ ਮੈਂਬਰਾਂ ਵੱਲੋਂ ਮਰਨ ਉਪਰੰਤ ਅੱਖਾਂ ਦਾਨ ਕਰਨ ਦਾ ਪ੍ਰਾਣ ਕੀਤਾ ਅਤੇ ਫਾਰਮ ਭਰਿਆ ਗਿਆ। ਇਸ ਕੈਂਪ ਵਿੱਚ ਸਾਬਕਾ ਵਿਧਾਇਕ ਕਾਂਗਰਸ ਲਵ ਕੁਮਾਰ ਗੋਲਡੀ, ਕਾਂਗਰਸੀ ਆਗੂ ਜਤਿੰਦਰ ਪੰਨੂ, ਨਗਰ ਕੌਂਸਲ ਦੇ ਪ੍ਰਧਾਨ ਸੋਮਨਾਥ ਬੰਗੜ, ਬੀਜੇਪੀ ਆਗੂ ਨਿਮੀਸ਼ਾ ਮਹਿਤਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਜੀਤ ਸਿੰਘ ਬਰਿਆਣਾ, ਕੁਲਵਿੰਦਰ ਬਿੱਟੂ, ਸਰਪੰਚ ਕਮਲ ਕਟਾਰੀਆ, ਸਰਪੰਚ ਰਾਜਕੁਮਾਰ ਭੱਜਲ, ਸਰਪੰਚ ਕੁਲਦੀਪ ਸ਼ਰਮਾ ਬੋੜਾ, ਕਾਮਰੇਡ ਦਰਸ਼ਨ ਸਿੰਘ ਮੱਟੂ, ਵਕੀਲ ਭਾਈਚਾਰੇ ਤੋਂ ਰਾਜ ਕੁਮਾਰ ਭੱਟੀ, ਬਲਵਿੰਦਰ ਕੁਮਾਰ, ਸਰਪੰਚ ਰਜਿੰਦਰ ਕੁਮਾਰ, ਕਾਮਰੇਡ ਗੁਰਨੇਕ ਸਿੰਘ ਭੱਜਲ, ਮਨਪ੍ਰੀਤ ਰੋਕੀ, ਸਿੰਦਾ ਗੋਲੀਆਂ, ਅਸ਼ੋਕ ਬਡਸਰੋਂ, ਹਰਵੇਲ ਸਿੰਘ ਸੈਣੀ, ਅਨੂਪ ਸਿੰਘ ਭੱਦਰੂ, ਅਧਿਆਪਕ ਜਥੇਬੰਦੀ ਤੋਂ ਮਾਸਟਰ ਮੁਕੇਸ਼ ਗੁਜਰਾਤੀ, ਮਾਸਟਰ ਸ਼ਾਮ ਸੁੰਦਰ, ਕਵਿਤਾ ਅਗਵਾਨੀ, ਅਮਰਜੀਤ ਕੌਰ, ਜਸਵਿੰਦਰ ਸਿੰਘ ਸੈਣੀ, ਪ੍ਰੈੱਸ ਕਲੱਬ ਦੇ ਪ੍ਰਧਾਨ ਅਜੈਬ ਸਿੰਘ ਬੋਪਾਰਾਏ, ਸਰਪੰਚ ਗੋਲਡੀ ਸਿੰਘ ਬੀਹੜਾ, ਹਰਸ਼ ਲਾਲੀ, ਸਤੀਸ਼ ਕੁਮਾਰ ਸੋਨੀ, ਖ਼ੂਨਦਾਨੀ ਭੁਪਿੰਦਰ ਸਿੰਘ ਰਾਣਾ, ਡਾਕਟਰ ਕ੍ਰਿਸ਼ਨ ਬਧਨ, ਮਾਸਟਰ ਅਸ਼ੋਕ ਕੁਮਾਰ ਸਮਦੜਾ, ਸੁਰਜੀਤ ਸਿੰਘ ਖਾਨਪੁਰੀ, ਅਵਤਾਰ ਰਾਣਾ, ਅਮਰੀਕ ਲਾਲ, ਹਰਵਿੰਦਰ ਸਿੰਘ, ਸਾਬਕਾ ਸਰਪੰਚ ਹਰਪ੍ਰੀਤ ਸਿੰਘ ਬੈਂਸ ਸਾਧੋਵਾਲ, ਪ੍ਰੋਫੈਸਰ ਜਗਦੀਸ਼ ਰਾਏ, ਜਸਪ੍ਰੀਤ ਸਰੋਏ, ਸਮੇਤ ਹੋਰ ਮਾਨਯੋਗ ਸ਼ਖ਼ਸੀਅਤਾਂ ਹਾਜ਼ਰ ਸਨ।





**ਐੱਮ. ਐੱਲ. ਡੀ. ਦਇਆਨੰਦ ਪਬਲਿਕ ਸਕੂਲ ਜਲੰਧਰ 'ਚ ਦੇਸ਼ ਦਾ 80ਵਾਂ ਆਜ਼ਾਦੀ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਅਧਿਆਪਕਾਂ ਦੀ ਸੁਚੱਜੀ ਅਗਵਾਈ 'ਚ ਤਿਆਰ ਕਰਵਾਈਆਂ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਦੀ ਬੱਚਿਆਂ ਵੱਲੋਂ ਵਧੀਆ ਪੇਸ਼ਕਾਰੀ ਨੇ ਸਭ ਦਾ ਮਨ ਮੋਹਿਆ।**

## ਟਿੱਪਰ ਨੇ ਸਕੂਟੀ ਸਵਾਰ ਮਹਿਲਾਵਾਂ ਨੂੰ ਦਰੜਿਆ, ਦੋਵਾਂ ਦੀ ਮੌਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਨੇੜਲੇ ਕਸਬਾ ਕਮਾਹੀ ਦੇਵੀ ਅਧੀਨ ਆਉਂਦੇ ਪਿੰਡ ਲੱਬਰ ਵਿਖੇ ਟਿੱਪਰ ਚਾਲਕ ਨੇ ਸਕੂਟੀ ਸਵਾਰ ਮਹਿਲਾਵਾਂ ਨੂੰ ਦਰੜ ਦਿੱਤਾ, ਮੌਕੇ 'ਤੇ ਹੀ ਸੱਸ ਨੂੰਹ ਦੀ ਮੌਤ ਹੋਈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਨੀਚਰਵਾਰ ਨੂੰ ਬਾਅਦ ਦੁਪਹਿਰ ਵਕਤ ਕਰੀਬ 3:30 ਵਜੇ ਟਿੱਪਰ ਕਮਾਹੀ ਦੇਵੀ ਤੋਂ ਪੁਹਾਰੀ ਵੱਲ ਜਾ ਰਿਹਾ ਸੀ। ਨੀਮ ਪਹਾੜੀ ਪਿੰਡ ਲੱਬਰ 'ਚ ਉਤਰਾਈ ਉਤਰਦਿਆਂ ਟਿੱਪਰ ਦੀ ਚਪੇਟ 'ਚ ਸਕੂਟੀ ਸਵਾਰ ਦੋ ਔਰਤਾਂ ਆ ਗਈਆਂ, ਟਿੱਪਰ ਨੇ ਸਕੂਟੀ ਨੂੰ ਪਿੱਛਿਓਂ ਜ਼ਬਰਦਸਤ ਟੱਕਰ ਮਾਰੀ ਅਤੇ ਦੋਵੇਂ ਔਰਤਾਂ ਦੀ ਮੌਤ ਹੋ ਗਈ। ਦੋਵੇਂ ਮ੍ਰਿਤਕਾਂ ਰਿਸ਼ਤੇ 'ਚ ਸੱਸ ਨੂੰਹ ਸਨ, ਮ੍ਰਿਤਕਾਂ ਦੀ ਪਛਾਣ ਨਿੱਚਲੀ ਪੁਹਾਰੀ ਵਾਸੀ ਕਨਿਕਾ (27) ਪਤਨੀ ਅਕਸ਼ੇ ਕੁਮਾਰ ਅਤੇ ਚਾਚੀ ਸੱਸ ਰੰਜਨਾ (46) ਪਤਨੀ ਅਮਰੀਕ ਸਿੰਘ ਵਜੋਂ ਹੋਈ ਹੈ। ਕਨਿਕਾ ਦਾ ਪਤੀ ਭਾਰਤੀ ਸੈਨਾ 'ਚ ਨੌਕਰੀ ਕਰਦਾ ਹੈ, ਅਤੇ ਉਸਦੀ ਢਾਈ ਸਾਲਾਂ ਦੀ ਇੱਕ ਬੱਚੀ ਹੈ। ਘਟਨਾਂ ਦੀ ਸੂਚਨਾ ਮਿਲਣ ਉਪਰੰਤ ਤਲਵਾੜਾ ਪੁਲੀਸ ਮੌਕੇ 'ਤੇ ਪਹੁੰਚੀ ਤੇ ਉਨ੍ਹਾਂ ਬਣਦੀ ਮੁੱਢਲੀ ਕਾਰਵਾਈ ਆਰੰਭ ਦਿੱਤੀ। ਟਿੱਪਰ ਚਾਲਕ ਟਿੱਪਰ ਸਮੇਤ ਮੌਕਾ ਏ ਵਾਰਦਾਤ ਤੋਂ ਫਰਾਰ ਦੱਸਿਆ ਜਾ ਰਿਹਾ ਹੈ। ਖ਼ਬਰ ਲਿਖੇ ਜਾਣ ਤੱਕ ਪੁਲੀਸ ਨੇ ਮ੍ਰਿਤਕਾਂ ਦਾ ਪੋਸਟਮਾਰਟਮ ਕਰਵਾ ਕੇ ਲਾਸ਼ਾਂ ਨੂੰ ਵਾਰਸਾਂ ਦੇ ਹਵਾਲੇ ਕਰ ਦਿੱਤਾ ਹੈ।



## ਗੁਰੂ ਨਾਨਕ ਦੇਵ 'ਵਰਸਿਟੀ ਕਾਲਜ ਜਲੰਧਰ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**ਜਲੰਧਰ (ਨ ਜ਼ ਸ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ, ਵੱਲੋਂ ਬ੍ਰਹਮਾਕੁਮਾਰੀਜ਼ ਦੇ ਸਹਿਯੋਗ ਨਾਲ 'ਨਸ਼ਾ ਮੁਕਤ ਭਾਰਤ ਅਭਿਆਨ' ਤਹਿਤ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਲਤ ਦੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਸਿਹਤਮੰਦ, ਸ਼ਾਂਤਮਈ ਤੇ ਉਦੇਸ਼ਪੂਰਨ ਜੀਵਨ ਜਿਉਣ ਲਈ ਪ੍ਰੇਰਿਤ ਕਰਨਾ ਸੀ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸਪੱਸ਼ਟ ਸੰਦੇਸ਼ ਦਿੰਦਿਆਂ ਨਸ਼ਿਆਂ ਨੂੰ ਨਾਂਹ ਅਤੇ ਸਿਹਤਮੰਦ ਜੀਵਨ ਨੂੰ ਹਾਂ ਦਾ ਸੁਨੇਹਾ ਦਿੱਤਾ ਗਿਆ।ਬ੍ਰਹਮਾਕੁਮਾਰੀਜ਼ ਦੇ ਨੁਮਾਇੰਦਿਆਂ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਸਰੀਰਕ ਸਿਹਤ ਤੱਕ ਸੀਮਿਤ ਨਹੀਂ ਹੈ, ਸਗੋਂ ਮਾਨਸਿਕ ਸਿਹਤ, ਭਾਵਨਾਤਮਕ ਸੰਤੁਲਨ ਅਤੇ ਮਜ਼ਬੂਤ ਸੋਚ ਵੀ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਨਕਾਰਾਤਮਕ ਪ੍ਰਭਾਵਾਂ ਤੋਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਯੂਥ ਸ਼ਬਦ ਦੀ ਅਰਥਪੂਰਨ ਵਿਆਖਿਆ ਰਾਹੀਂ ਵੀ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਸੁਨੇਹਾ ਦਿੱਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਾਲਜ ਦੇ ਓ ਐੱਸ ਡੀ ਪ੍ਰੋ. (ਡਾ.) ਨਵਜੋਤ ਨੇ ਬ੍ਰਹਮਾਕੁਮਾਰੀਜ਼ ਵੱਲੋਂ ਨਸ਼ਾ ਮੁਕਤੀ ਸਬੰਧੀ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਸਰੀਰਕ, ਮਨੋਵਿਗਿਆਨਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਜਾਗਰੂਕ ਕਰਨਾ ਸਮੇਂ ਦੀ ਵੱਡੀ ਲੋੜ ਹੈ। ਵਿਦਿਆਰਥੀਆਂ ਨੂੰ ਆਪਣੇ ਸਾਥੀਆਂ ਅਤੇ ਸਮਾਜ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਇੱਕ ਸਿਹਤਮੰਦ ਤੇ ਜ਼ਿੰਮੇਵਾਰ ਸਮਾਜ ਦੀ ਉਸਾਰੀ ਵਿੱਚ ਆਪਣੀ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।ਅੰਤ ਵਿੱਚ ਕਾਲਜ ਕਾਮਰਸ ਵਿਭਾਗ ਦੇ ਡਾ. ਸੋਨੀਆ ਕੁੰਦਰਾ ਵੱਲੋਂ ਬ੍ਰਹਮਾਕੁਮਾਰੀਜ਼ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਨੌਜਵਾਨਾਂ ਵਿੱਚ ਨਸ਼ਾ ਮੁਕਤੀ, ਮਾਨਸਿਕ ਤੰਦਰੁਸਤੀ ਅਤੇ ਸਮੁੱਚੇ ਵਿਅਕਤੀਤਵ ਦੇ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ।




## ਸੁਤੰਤਰਤਾ ਦਿਵਸ ਉਤਸ਼ਾਹ ਤੇ ਚਾਵਾਂ ਨਾਲ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)**-ਬੀ ਐੱਨ ਡੀ ਸੀ ਸੈਕੰਡਰੀ ਸਕੂਲ ਵਿਖੇ 80ਵਾਂ ਸੁਤੰਤਰਤਾ ਦਿਵਸ ਬੜੇ ਹੀ ਉਤਸ਼ਾਹ ਅਤੇ ਚਾਵਾਂ ਨਾਲ ਮਨਾਇਆ ਗਿਆ।ਇਸ ਮੌਕੇ ਤੇ ਸਕੂਲ ਦੇ ਸਰਪ੍ਰਸਤ ਜੈ ਕ੍ਰਿਸ਼ਨ ਮਹਿਤਾ ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਤਿਰੰਗੇ ਨੂੰ ਸਲਾਮੀ ਦਿੱਤੀ। ਇਸ ਮੌਕੇ ਤੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਦੇਸ਼ ਭਗਤੀ ਦੇ ਗੀਤਾਂ ਤੇ ਖੂਬ ਗਿੱਧਾ, ਭੰਗੜਾ ਅਤੇ ਦੇਸ਼ ਭਗਤੀ ਦੇ ਜਜ਼ਬੇ ਤੇ ਸਕਿਟ ਪੇਸ਼ ਕੀਤੀ। ਇਸ ਮੌਕੇ ਤੇ ਇੰਜੀ: ਅਨਿਲ ਕੁਮਾਰ ਮਹਿਤਾ, ਅਮਿਤ ਕੁਮਾਰ, ਮੈਡਮ ਰੁਕਸਾਨਾ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ, ਅੰਜਨੀ ਸ਼ਰਮਾ, ਨਰਿੰਦਰ ਕੌਰ, ਸੁਨੀਤਾ, ਸਰੋਜ ਮੈਡਮ ਮਨਪ੍ਰੀਤ ਕੌਰ, ਮਨਜਿੰਦਰ ਕੌਰ, ਤਰਸੇਮ ਕੌਰ, ਮਨੀਸ਼ਾ, ਬਲਜੀਤ ਕੌਰ, ਸਰਬਜੀਤ ਕੌਰ, ਸੰਦੀਪ ਕੌਰ, ਦੀਕਸ਼ਾ, ਅਮੀਸ਼ਾ, ਮਨਦੀਪ ਕੌਰ, ਜਸਵੀਰ ਕੌਰ, ਜਾਨਵੀਰ, ਜੀਨਤ ਮੁਸਕਾਨ, ਸਵਾਤੀ, ਅਮਨਜੀਤ ਕੌਰ, ਰਾਜਵਿੰਦਰ ਕੌਰ, ਮਨਿੰਦਰ ਕੌਰ, ਗੁਰਬਖਸ਼ ਕੌਰ, ਵੰਦਨਾ, ਕੋਮਲ , ਪਰਮਜੀਤ ਕੌਰ ਤੇ ਐੱਨ ਸੀ ਸੀ ਫਸਟ ਅਫਸਰ ਜਤਿੰਦਰ ਸਿੰਘ ਤੋਂ ਇਲਾਵਾ ਮਾਤਾ ਪਿਤਾ ਅਤੇ ਸਮੂਹ ਪਤਵੰਤੇ ਸੱਜਣ ਹਾਜ਼ਰ ਸਨ।

**ਜਨਮ ਦਿਨ ਮੁਬਾਰਕ**



**ਮਨਜੋਤ ਜਨਾਗਲ**
ਪਿੰਡ: ਬੀਰਮਪੁਰ ਗੜ੍ਹਸ਼ੰਕਰ

## ਆਜ਼ਾਦੀ ਦਿਵਸ ਦੇ ਸੰਬੰਧ 'ਚ ਕਰਵਾਇਆ ਸਮਾਗਮ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**-ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ (ਰਜਿ.) ਮਾਹਿਲਪੁਰ ਵੱਲੋਂ ਆਜ਼ਾਦੀ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਮੈਂਬਰਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਮਹਾਨ ਦੇਸ਼ ਭਗਤਾਂ ਨੂੰ ਯਾਦ ਕੀਤਾ ਅਤੇ ਭਾਰਤ ਦਾ ਸੰਵਿਧਾਨ ਲਿਖਣ ਵਾਲੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਉ ਅੰਬੇਡਕਰ ਨੂੰ ਪ੍ਰਣਾਮ ਕੀਤਾ। ਇਸ ਮੌਕੇ ਸੁਸਾਇਟੀ ਦੇ ਸੰਸਥਾਪਕ ਨਿਰਮਲ ਸਿੰਘ ਮੁੱਗੋਵਾਲ, ਨਿਰਮਲ ਕੌਰ ਬੋਧ, ਮਾਸਟਰ ਜੈ ਰਾਮ ਬਾੜੀਆਂ, ਰਾਜੀਵ ਬੰਗੜ ਮੈਨੇਜਰ ਸਾਹਿਬ, ਸਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਸੁਮੀਤਾ, ਅਮਰਜੀਤ ਕੌਰ, ਬਲਵਿੰਦਰ ਸਿੰਘ, ਹੰਸ ਰਾਜ ਕਨੇਡਾ, ਸੰਤੋਸ਼ ਕੁਮਾਰੀ, ਗਗਨਦੀਪ ਕੌਰ ਸੋਨੂ, ਅਨਮੋਲ, ਪ੍ਰਵੀਨ ਬਾਲਾ, ਜਸਵਿੰਦਰ ਕੌਰ, ਕਮਲਦੀਪ ਕੌਰ ਆਦਿ ਹਾਜ਼ਰ ਸਨ। ਇਸ ਮੌਕੇ ਸ਼ਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ ਨੇ ਕਿਹਾ ਕਿ ਆਜ਼ਾਦੀ ਦਾ ਦਿਨ ਸਭਨਾਂ ਲਈ ਖੁਸ਼ੀਆਂ ਦਾ ਦਿਨ ਹੈ। ਸਾਨੂੰ ਸਭਨਾਂ ਨੂੰ ਰਲ-ਮਿਲ ਕੇ ਸਮਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਦੇਸ਼ ਦੀ ਤਰੱਕੀ ਵਿੱਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਨਿਰਮਲ ਕਰ ਬੋਧ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਦੇ ਮਾਧਿਅਮ ਰਾਹੀਂ ਜੋ ਔਰਤਾਂ ਨੂੰ ਬਰਾਬਰਤਾ ਦੇ ਹੱਕ ਦਿੱਤੇ ਉਹਨਾਂ ਦੀ ਬਦੌਲਤ ਉਹਨਾਂ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ। ਮਾਸਟਰ ਜੈ ਰਾਮ ਜੀ ਨੇ ਸਾਰੇ ਹੀ ਮੈਂਬਰਾਂ ਅਤੇ ਸਮਰੱਥਕਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅਖੀਰ ਵਿੱਚ ਸਾਰਿਆਂ ਨੇ ਲਾਫਿੰਗ ਮੈਡੀਟੇਸ਼ਨ ਕਰਕੇ ਖੁਸ਼ੀ ਜਾਹਰ ਕੀਤੀ।



# ਤੀਆਂ ਦਾ ਤਿਉਹਾਰ ਮਨਾਇਆ

**ਚੰਡੀਗੜ੍ਹ (ਸੁਰਜੀਤ ਸੁਮਨ)**-ਪੰਜਾਬ ਵਿੱਤੀ ਕਮਿਸ਼ਨਰਜ਼ ਸਕੱਤਰੇਤ ਅਧਿਕਾਰੀ/ਕਰਮਚਾਰੀ ਐਸੋਸੀਏਸ਼ਨ ਦੀ ਜਨਰਲ ਸਕੱਤਰ ਮੈਡਮ ਅਲਕਾ ਚੋਪੜਾ ਦੀ ਅਗਵਾਈ ਹੇਠ ਹੋਟਲ ਸਨਬੀਮ ਪ੍ਰੀਮੀਅਮ ਵਿਖੇ 'ਤੀਆਂ ਦਾ ਤਿਉਹਾਰ' ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਰੰਗਾਰੰਗ ਸਮਾਗਮ ਵਿੱਚ ਮਹਿਲਾ ਮੁਲਾਜ਼ਮ ਪੂਰੇ ਪੰਜਾਬੀ ਪਹਿਰਾਵੇ ਵਿੱਚ ਸੱਜ-ਧੱਜ ਕੇ ਸ਼ਾਮਲ ਹੋਈਆਂ। ਸਮਾਗਮ ਵਿੱਚ ਸਤਨਾਮ ਕੌਰ, ਉਪ ਸਕੱਤਰ ਮਾਲ, ਮਨਜੀਤ ਕੌਰ ਸਹੋਤਰਾ, ਉਪ ਸਕੱਤਰ ਖੇਤੀਬਾੜੀ ਅਤੇ ਮੈਡਮ ਸਰਬਜੀਤ ਕੌਰ, ਅਧੀਨ ਸਕੱਤਰ ਮਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਕੁਲਵਿੰਦਰ ਕੌਰ, ਦਵਿੰਦਰ ਕੌਰ, ਭੁਪਿੰਦਰ ਕੌਰ, ਹਰਪ੍ਰੀਤ ਕੌਰ ਅਤੇ ਸਮੂਹ ਮਹਿਲਾ ਕਰਮਚਾਰੀਆਂ ਸਮੇਤ ਕਈ ਸੇਵਾ-ਮੁਕਤ ਸਾਥਣਾਂ ਨੇ ਵੀ ਆਪਣੀ ਹਾਜ਼ਰੀ ਲਗਵਾਈ। ਇਸ ਦੌਰਾਨ ਜਿੱਥੇ ਮੁਟਿਆਰਾਂ ਨੇ ਗਿੱਧੇ ਅਤੇ ਬੋਲੀਆਂ ਨਾਲ ਰੌਣਕਾਂ ਲਾਈਆਂ, ਉੱਥੇ ਹੀ ਮਹਿਲਾ ਮੁਲਾਜ਼ਮਾਂ ਵੱਲੋਂ ਇੱਕ ਬੇਹੱਦ ਪ੍ਰਭਾਵਸ਼ਾਲੀ ਸਕਿੱਟ (ਨਾਟਕ) ਪੇਸ਼ ਕੀਤੀ ਗਈ। ਇਸ ਰਾਹੀਂ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਜਿਵੇਂ ਕਿ ਮਹਿੰਗਾਈ ਭੱਤਾ, ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ ਅਤੇ ਪੈਨਸ਼ਨਰਾਂ ਦੇ ਮਸਲਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਸਰਕਾਰ ਤੱਕ ਪਹੁੰਚਾਇਆ ਗਿਆ। ਅਖੀਰ ਵਿੱਚ ਜਨਰਲ ਸਕੱਤਰ ਮੈਡਮ ਅਲਕਾ ਚੋਪੜਾ ਨੇ ਸਾਰਿਆਂ ਦਾ ਧੰਨਵਾਦ ਕੀਤਾ।



## ਭਾਈ ਪਰਮਜੀਤ ਸਿੰਘ ਦਾ ਅੰਤਿਮ ਸੰਸਕਾਰ ਸਿੱਖ ਪਰੰਪਰਾਵਾਂ ਅਨੁਸਾਰ ਕੀਤਾ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਉੱਘੇ ਸਿੱਖ ਵਿਦਵਾਨ, ਕਾਲਮ ਨਵੀਸ ਅਤੇ ਪੰਥਕ ਵਿਸ਼ਲੇਸ਼ਕ ਤਲਵਿੰਦਰ ਸਿੰਘ ਬੁੱਟਰ ਦੇ ਪਿਤਾ ਭਾਈ ਪਰਮਜੀਤ ਸਿੰਘ ਨਿਹੰਗ ਸਿੰਘ (74) ਸੇਵਾਮੁਕਤ ਪੰਚਾਇਤ ਅਫਸਰ ਦਾ ਅੰਤਿਮ ਸਸਕਾਰ ਚਰਨ ਗੰਗਾ ਸ਼ਮਸ਼ਾਨ ਘਾਟ ਵਿਖੇ ਵੈਰਾਗਮਈ ਮਾਹੌਲ ਵਿਚ ਸਿੱਖ ਪਰੰਪਰਾਵਾਂ ਦੇ ਅਨੁਸਾਰ ਕੀਤਾ ਗਿਆ। ਉਹ ਸ਼ੁੱਕਰਵਾਰ ਸ਼ਾਮੀਂ ਅਕਾਲ ਚਲਾਣਾ ਕਰ ਗਏ ਸਨ। ਭਾਈ ਪਰਮਜੀਤ ਸਿੰਘ ਨਿਹੰਗ ਸਿੰਘ ਦੇ ਅੰਤਿਮ ਸਸਕਾਰ ਮੌਕੇ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਤਲਵਿੰਦਰ ਸਿੰਘ ਬੁੱਟਰ ਨੇ ਦਿਖਾਈ। ਇਸ ਤੋਂ ਪਹਿਲਾਂ ਅਖੰਡ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ ਅਤੇ ਅੰਤਿਮ ਸਸਕਾਰ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ, ਵਧੀਕ ਮੈਨੇਜਰ ਹਰਦੇਵ ਸਿੰਘ, ਵਧੀਕ ਮੈਨੇਜਰ ਜਸਵੀਰ ਸਿੰਘ, ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਸ਼੍ਰੋਮਣੀ ਅਕਾਲੀ ਦਲ (ਐੱਸ ਸੀ ਵਿੰਗ) ਦੇ ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਲਖਵਿੰਦਰ ਸਿੰਘ ਘੁੰਮਣ, ਨੰਬਰਦਾਰ ਸੰਦੀਪ ਸਿੰਘ ਕਲੌਤਾ, ਦੇਸ ਰਾਜ ਸੈਣੀ, ਕਾਂਗਰਸੀ ਆਗੂ ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਗੁਰਿੰਦਰ ਸਿੰਘ ਬੰਟੀ ਵਾਲੀਆ, ਜਸਬੀਰ ਸਿੰਘ ਜੱਸੂ, ਅਖੰਡ ਕੀਰਤਨੀ ਜਥੇ ਦੇ ਬੁਲਾਰੇ ਭਾਈ ਆਰ.ਪੀ. ਸਿੰਘ, ਭਾਈ ਗੁਰਮੀਤ ਸਿੰਘ ਅਖੰਡ ਕੀਰਤਨੀ ਜਥਾ ਸ੍ਰੀ ਅਨੰਦਪੁਰ ਸਾਹਿਬ, ਭਾਈ ਨਿਰਵੈਰ ਸਿੰਘ ਜ਼ੀਰਕਪੁਰ, ਭਾਈ ਗੁਰਦਰਸ਼ਨ ਸਿੰਘ ਪਟਿਆਲਾ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।



## ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਸੰਤ ਸਮਾਜ ਨੇ ਕੀਤੀ ਮੀਟਿੰਗ

**ਬੰਗਾ (ਅਵਤਾਰ ਕਲੇਰ)**-ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਮੀਟਿੰਗ ਹੋਈ। ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਇੱਕਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਸਾਰੇ ਸੰਤ ਮਹਾਂ-ਪੁਰਸ਼ ਅਤੇ ਡੇਰੇ ਸਨਮਾਨਯੋਗ ਅਤੇ ਸਤਿਕਾਰਯੋਗ ਹੁੰਦੇ ਹਨ, ਸਾਨੂੰ ਸਾਰਿਆ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪਿਛਲੇ ਦਿਨੀਂ ਇੱਕ ਬਰਸੀ ਸਮਾਗਮ ਵਿੱਚ ਪ੍ਰਵਚਨਾਂ ਦੌਰਾਨ ਸਭਾ ਦੇ ਕੈਸ਼ੀਅਰ ਸੰਤ ਜਸਵਿੰਦਰ ਸਿੰਘ ਡਾਂਡੀਆ ਨੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਸਤਿਕਾਰ ਦੀ ਗੱਲ ਕਹੀ ਸੀ। ਸਾਰਾ ਸੰਤ ਸਮਾਜ ਸਨਮਾਨਯੋਗ ਅਤੇ ਇੱਕਜੁੱਟ ਹੈ। ਸੁਸਾਇਟੀ ਦੇ ਚੇਅਰਮੈਨ ਸੰਤ ਮਹਿੰਦਰ ਪਾਲ ਪੰਡਵਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਦਿਹਾੜਾ ਆ ਰਿਹਾ ਹੈ ਉਹ ਸਾਨੂੰ ਸਾਰਿਆ ਨੂੰ ਰਲਕੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਕਰਨੀਆਂ ਚਾਹੀਦੀਆ ਹਨ, ਉਪਰੰਤ ਉਨ੍ਹਾ ਸਾਰਿਆ ਦਾ ਮੀਟਿੰਗ 'ਚ ਆਉਣ ਤੇ ਧੰਨਵਾਦ ਕੀਤਾ । ਇਸ ਮੌਕੇ ਚੇਅਰਮੈਨ ਸੰਤ ਬਾਬਾ ਮਹਿੰਦਰਪਾਲ ਪੰਡਵਾ, ਪੰਜਾਬ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ, ਸੈਕਟਰੀ ਸੰਤ ਨਿਰਮਲ ਦਾਸ ਅਵਾਦਾਨ, ਕੈਸ਼ੀਅਰ ਸੰਤ ਜਸਵਿੰਦਰ ਸਿੰਘ ਸੱਚਖੰਡ ਡਾਂਡੀਆ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੋਆਬਾ, ਸੰਤ ਜਸਵਿੰਦਰ ਦਾਸ ਪੰਡਵਾ, ਸੰਤ ਹਾਕਮ ਦਾਸ ਸੰਧਵਾਂ, ਸੰਤ ਆਤਮਾ ਦਾਸ ਅੱਪਰਾ, ਸੰਤ ਬਲਵੀਰ ਦਾਸ ਸਾਹਰੀ, ਸੰਤ ਹਰਜਿੰਦਰ ਪਾਲ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਸਤਨਾਮ ਸਿੰਘ ਨਰੂੜ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਗੰਗੋਤਰੀ ਦਾਸ ਫਗਵਾੜਾ, ਜਥੇਦਾਰ ਸਰੂਪ ਸਿੰਘ ਖਲਵਾੜਾ, ਰੋਬਨ ਸੈਂਪਲੇ ਜਲੰਧਰ, ਦੇਸ ਰਾਜ ਚੱਕਰੂ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਗੜ੍ਹਸ਼ੰਕਰ, ਮਦਨ ਲਾਲ ਰੰਧਾਵਾ ਬੀਬੀ ਹਰਦੀਪ ਕੌਰ ਮੋਰੇਂ, ਮਹੰਤ ਕੇਸ਼ਵਾ ਨੰਦ ਕੁੱਕੜਾ, ਸੰਤ ਸਰੂਪ ਗਿਰ ਰਾਹੋਂ, ਸੰਤ ਮੋਹਣ ਦਾਸ ਲਖਨਪਾਲ, ਸੰਤ ਸੁਖਦੇਵ ਦਾਸ ਚੱਕ ਕਲਾਲ, ਸੰਤ ਸ਼ਾਮ ਦਾਸ ਝੰਡੇਰਾਂ, ਸੰਤ ਗੁਰਮੀਤ ਦਾਸ, ਸੰਤ ਹਰਵਿੰਦਰ ਲੱਲੀਆ, ਸੰਤ ਮਹਿੰਦਰਪਾਲ ਬੀਰਮਪੁਰ, ਸੰਤ ਨਿਰਮਲ ਸਿੰਘ ਬਘਾਣਾ, ਸੰਤ ਓਮ ਲਾਲ ਨੂਰਪੁਰ ਸੰਤ ਪਵਨ ਕੁਮਾਰ ਮਨਰਾਂਈਆਂ, ਸੰਤ ਕਪੂਰ ਦਾਸ ਜਲੰਧਰ, ਸੰਤ ਬਿਸ਼ੰਬਰ ਦਾਸ, ਸੰਤ ਸੁਰਜੀਤ ਦਾਸ ਹਰਿਆਣਾ, ਸੁਰਜੀਤ ਸਿੰਘ ਖੇੜਾ, ਸੰਤ ਗੁਰਚਰਨ ਸਿੰਘ,ਜਗਦੀਸ਼ ਸੁਮਨ ਆਦਿ ਹਾਜ਼ਰ ਸਨ।



## ਆਜ਼ਾਦੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ ਅਤੇ ਫਾਰਮਾਕਾਮ ਮੈਡੀਸਨ ਵੱਲੋ ਮੈਡੀਸਨ ਮਾਰਕੀਟ ਬਸੀ ਖਵਾਜੂ ਹੁਸ਼ਿਆਰਪੁਰ ਵਿਖੇ ਆਜ਼ਾਦੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ।ਕਲੱਬ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਅਤੇ ਸੰਦੀਪ ਵਿਸ਼ਿਸ਼ਟ ਵੱਲੋ ਰਾਸ਼ਟਰੀ ਤਿਰੰਗਾ ਲਹਿਰਾਉਣ ਦੀ ਰਸਮ ਨਿਭਾਈ ਗਈ।ਉਪਰੰਤ ਰਾਜੇਸ਼ ਰਤਨ,ਅਸ਼ੋਕ ਕੁਮਾਰ, ਪੁਰੋਹਿਤ ਜੈਨ, ਕੁਲਬੀਰ ਸੰਧੂ, ਵਿਕਾਸ ਵੋਹਰਾ, ਸੁਰਿੰਦਰ ਸੈਣੀ, ਪ੍ਰਸ਼ਾਂਤ ਕੈਂਥ, ਸੁਰਜੀਤ ਸਿੰਘ, ਲਵਲੀ ਕੈਂਥ, ਦਿਨੇਸ਼ ਪੰਕੂ, ਹਰਮਨ ਸੈਣੀ, ਭੁਪਿੰਦਰ, ਵਿਸ਼ਾਲੀ ਸੇਠੀ, ਨਿਹਾਰਿਕਾ ਅਰੋੜਾ, ਰਮਨਪ੍ਰੀਤ ਕੌਰ, ਅਨਾਮਿਕਾ, ਸਾਹਿਲ ਕੁਮਾਰ, ਹਰਮਨਪ੍ਰੀਤ ਸਿੰਘ, ਵਿਨੇ ਕੁਮਾਰ, ਓਮ ਪ੍ਰਕਾਸ਼, ਮੁਨੀਸ਼ ਕੁਮਾਰ, ਰਵਿੰਦਰ ਬੰਟੀ , ਅਮਿਤ ਚੋਪੜਾ, ਨਿਤਿਨ ਜੈਨ, ਵਿਨੋਦ ਸੈਣੀ, ਚੇਤਨ, ਰਾਹੁਲ, ਚੰਦਨ, ਪਾਰੁਲ ਸ਼ਰਮਾ, ਬਾਂਕਾਸ਼ੇਰ ਸਿੰਘ, ਧਲਵਿੰਦਰ ਰਿਸ਼ੂ, ਸਾਗਰ, ਸ਼ਾਮਾ, ਕਰਨਵੀਰ , ਡਾਕਟਰ ਤੇਜਬੀਰ ਸਿੰਘ ਧਾਲੀਵਾਲ ਸਕੱਤਰ, ਲਾਇਨ ਐਮ ਪੀ ਸਿੱਧੂ ਡਾਇਰੈਕਟਰ ਸਮਰਪਣ ਨੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਅਤੇ ਮਠਿਆਈ ਵੰਡੀ ਗਈ।ਇਸ ਸਮੇ ਦੇਸ਼ ਦੀ ਅਜ਼ਾਦੀ ਲਈ ਪ੍ਰਾਨਾ ਦੀ ਆਹੂਤੀ ਦੇਣ ਵਾਲੇ ਮਹਾਨ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ, ਉਨ੍ਹਾ ਦੇ ਸੁਪਨਿਆ ਦਾ ਭਾਰਤ ਸਿਰਜਣ ਲਈ ਪ੍ਰਣ ਲਿਆ ਗਿਆ।



## ਅਧਿਆਪਕ ਸਨਮਾਨ ਸਮਾਰੋਹ ਕਰਵਾਇਆ

**ਗੁਰਾਇਆ ਬਿੰਦਰ (ਸੁਮਨ)**-ਜੇ ਐੱਸ ਐੱਫ ਐੱਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅੱਟਾ ਵਿਖੇ ਅਧਿਆਪਕ ਸਨਮਾਨ ਸਮਾਰੋਹ ਐਨ ਆਰ ਆਈ ਸੁੱਚਾ ਸਿੰਘ ਰਾਹੀ ਪਿੰਡ ਰਾਜਪੁਰਾ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਧੁਲੇਤਾ, ਸਰਕਾਰੀ ਹਾਈ ਸਕੂਲ ਅੱਪਰਾ ਅਤੇ ਜੇ ਐੱਸ ਐੱਫ ਐੱਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅੱਟਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਜਪੁਰਾ ਦੇ ਸਮੂਹ ਅਧਿਆਪਕ ਸਾਹਿਬਾਨ ਅਤੇ ਨਾਨ-ਟੀਚਿੰਗ ਸਟਾਫ ਨੂੰ ਸ਼ਾਨਦਾਰ ਮੋਮੈਂਟੋ ਅਤੇ ਗਿਫਟ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ, ਦੇਸ਼ ਭਗਤੀ ਨਾਲ ਸਬੰਧਿਤ ਕੋਰੀਓਗ੍ਰਾਫੀ ਅਤੇ ਗੀਤ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਬੋਲਦਿਆ ਵੱਖ ਵੱਖ ਬੁਲਾਰਿਆ ਨੇ ਐਨ ਆਰ ਆਈ ਸੁੱਚਾ ਸਿੰਘ ਰਾਹੀ ਪਿੰਡ ਰਾਜਪੁਰਾ ਵਲੋਂ ਇਹ ਸਮਾਗਮ ਕਰਵਾਉਣ ਅਤੇ ਸਮੇਂ ਸਮੇਂ ਤੇ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸਕਾਲਰਸ਼ਿਪ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਸੁਭਾਸ਼ ਚੰਦਰ, ਵਿਸ਼ਵਿੰਦਰ ਦੱਤ, ਐਡਵੋਕੇਟ ਸੁਖਪਾਲ ਸਿੰਘ ਡਾਹਰੀ, ਪ੍ਰਿੰਸੀਪਲ ਕੁਲਵਰਨ ਸਿੰਘ, ਡਾ. ਹਰਗੁਣ ਸਿੰਘ, ਜਸਵਿੰਦਰ ਸਿੰਘ ਵਿਰਕ, ਮੱਖਣ ਸਿੰਘ ਵਿਰਕ, ਬਲਜੀਤ ਕੌਰ ਵਿਰਕ, ਕਰਨਵੀਰ ਸਿੰਘ ਵਿਰਕ, ਮਨਜੀਤ ਕੌਰ ਰਾਜਪੁਰਾ, ਸੁਰਿੰਦਰ ਕੁਮਾਰ ਪੁਆਰੀ, ਲੈਕਚਰਾਰ ਅਸ਼ੋਕ ਕੁਮਾਰ, ਜਸਪਾਲ ਸੰਧੂ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਲੈਕਚਰਾਰ ਪ੍ਰਦੀਪ ਸਿੰਘ ਅਤੇ ਲੈਕਚਰਾਰ ਅਵਤਾਰ ਲਾਲ ਨੇ ਨਿਭਾਈ। ਇਸ ਸਮਾਗਮ ਵਿੱਚ ਸੁੱਚਾ ਸਿੰਘ ਰਾਹੀ ਯੂ ਐੱਸ ਏ ਵੱਲੋਂ ਐੱਲ ਐੱਲ ਬੀ ਕਰ ਰਹੀ ਵਿਦਿਆਰਥਣ ਗਗਨਦੀਪ ਕੌਰ ਸਮਰਾੜੀ ਨੂੰ ਹੱਲਾਸ਼ੇਰੀ ਦੇਣ ਲਈ 20 ਹਜ਼ਾਰ ਰੁਪਏ ਦੀ ਸਕਾਲਰਸ਼ਿਪ ਵੀ ਦਿੱਤੀ। ਉਹ ਪਹਿਲਾਂ ਵੀ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਲਈ ਸਕਾਲਰਸ਼ਿਪ ਵੰਡ ਸਮਾਰੋਹ ਕਰਵਾਉਂਦੇ ਰਹਿੰਦੇ ਹਨ।



## ਗੁਰੂ ਨਾਨਕ ਦੇਵ 'ਵਰਸਿਟੀ ਕਾਲਜ 'ਚ ਆਜ਼ਾਦੀ ਦਿਵਸ ਮਨਾਇਆ



**ਫਿਲੌਰ (ਨਿਰਮਲ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਵਿਖੇ 80ਵਾਂ ਆਜ਼ਾਦੀ ਦਿਵਸ ਬੜੇ ਉਤਸ਼ਾਹ, ਜੋਸ਼ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਸਮੇਤ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਕਾਲਜ ਦੇ ਓ ਐੱਸ ਡੀ ਡਾ. ਰਾਜਵਿੰਦਰ ਕੌਰ ਹੁੰਦਲ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਤਿਰੰਗੇ ਨੂੰ ਸਲਾਮੀ ਦਿੱਤੀ ਗਈ। ਤਿਰੰਗਾ ਲਹਿਰਾਉਂਦੇ ਹੀ ਸਮੁੱਚਾ ਕਾਲਜ ਕੈਂਪਸ ਦੇਸ਼ ਭਗਤੀ ਦੇ ਜਜ਼ਬੇ ਨਾਲ ਭਰ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਸਟਾਫ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਕੌਮੀ ਝੰਡੇ ਨੂੰ ਸਲਾਮੀ ਦਿੰਦਿਆਂ ਆਪਣੀ ਖੁਸ਼ੀ ਅਤੇ ਦੇਸ਼ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ। ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ 'ਭਾਰਤ ਮਾਤਾ ਦੀ ਜੈ' ਦੇ ਜੈਕਾਰੇ ਲਗਾ ਕੇ ਆਪਣੇ ਅੰਦਰ ਵੱਸਦੇ ਦੇਸ਼ ਪ੍ਰੇਮ ਦਾ ਪ੍ਰਗਟਾਵਾ ਕੀਤਾ। ਕੈਂਪਸ ਦਾ ਮਾਹੌਲ ਤਿਰੰਗੇ ਦੇ ਰੰਗਾਂ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਸਰਾਬੋਰ ਨਜ਼ਰ ਆਇਆ। ਇਸ ਰਸਮ ਦੇ ਮੌਕੇ ਰਾਸ਼ਟਰੀ ਗੀਤ ਵੀ ਗਾਇਆ ਗਿਆ। ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਆਪਣੇ ਤਿਰੰਗੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੰਦਿਆਂ ਆਜ਼ਾਦੀ ਦਿਵਸ ਦੀ ਖੁਸ਼ੀ ਸਾਂਝੀ ਕੀਤੀ। ਸਾਰਿਆਂ ਨੇ ਪੂਰੀ ਸਮਰਪਣ ਭਾਵਨਾ ਨਾਲ 'ਮੇਰਾ ਦੇਸ਼, ਮੇਰਾ ਮਾਣ' ਦੀ ਭਾਵਨਾ ਨੂੰ ਆਪਣੇ ਅੰਦਰ ਵਸਾਇਆ ਅਤੇ ਦੇਸ਼ ਪ੍ਰਤੀ ਆਪਣੀ ਸ਼ਰਧਾ, ਸਤਿਕਾਰ ਅਤੇ ਦੇਸ਼ ਭਗਤੀ ਦਾ ਪ੍ਰਗਟਾਵਾ ਕੀਤਾ।

# ਸੁਤੰਤਰਤਾ ਦਿਵਸ ਤੇ ਤੀਆਂ ਦਾ ਤਿਉਹਾਰ ਮਨਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਪਤੰਜਲੀ ਯੋਗ ਪਰਿਵਾਰ ਡੇਰਾਬੱਸੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਮਿਊਨਿਟੀ ਸੈਂਟਰ, ਡੇਰਾਬੱਸੀ ਵਿਖੇ 80ਵਾਂ ਸੁਤੰਤਰਤਾ ਦਿਵਸ ਅਤੇ ਤੀਜ ਮਹੋਤਸਵ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਰਾਜ ਇੰਚਾਰਜ ਨਵੀਨ ਚੰਦ ਫੁਲੇਰਾ ਨੇ ਕੀਤੀ। ਇਸ ਸਮਾਗਮ ਵਿੱਚ ਲਗਭਗ 250 ਲੋਕਾਂ ਨੇ ਉਤਸ਼ਾਹਪੂਰਵਕ ਭਾਗ ਲਿਆ। ?ਪ੍ਰੋਗਰਾਮ ਦੇ ਪਹਿਲੇ ਚਰਨ ਵਿੱਚ ਸਵੇਰ ਦੀ ਸਮੂਹਿਕ ਯੋਗ ਕਲਾਸ ਦਾ ਆਯੋਜਨ ਕੀਤਾ ਗਿਆ। ਯੋਗਾਭਿਆਸ ਤੋਂ ਬਾਅਦ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਅਤੇ ਸਾਰੇ ਹਾਜ਼ਰ ਸਾਧਕਾਂ ਨੇ ਮਿਲ ਕੇ ਰਾਸ਼ਟਰੀ ਗਾਣ ਗਾਇਆ। ਇਸ ਦੇ ਨਾਲ ਹੀ ਵੱਖ-ਵੱਖ ਯੋਗ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸਾਧਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਸ਼ਾਮ ਨੂੰ ਸੁਤੰਤਰਤਾ ਦਿਵਸ ਅਤੇ ਤੀਜ ਦੇ ਤਿਉਹਾਰ ਦੇ ਸਬੰਧ ਵਿੱਚ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਗਏ। ਪ੍ਰੋਗਰਾਮ ਦੇ ਪਹਿਲੇ ਹਿੱਸੇ ਵਿੱਚ ਦੇਸ਼ ਭਗਤੀ ਦੇ ਗੀਤਾਂ ਦੀ ਸ਼ਾਨਦਾਰ ਪੇਸ਼ਕਾਰੀ ਨੇ ਹਾਜ਼ਰ ਯੋਗ ਪਰਿਵਾਰ ਦੇ ਮੈਂਬਰਾਂ ਵਿੱਚ ਦੇਸ਼ ਭਗਤੀ ਦਾ ਜੋਸ਼ ਭਰ ਦਿੱਤਾ। ਇਸ ਤੋਂ ਬਾਅਦ ਤੀਜ ਮਹੋਤਸਵ ਦੇ ਤਹਿਤ ਵੱਖ-ਵੱਖ ਯੋਗ ਕਲਾਸਾਂ ਦੀਆਂ ਭੈਣਾਂ ਨੇ ਮਨਮੋਹਕ ਨ੍ਰਿਤ, ਗੀਤ ਅਤੇ ਸੰਗੀਤ ਦੀਆਂ ਪੇਸ਼ਕਾਰੀਆਂ ਦੇ ਕੇ ਸਭ ਦਾ ਮਨ ਮੋਹ ਲਿਆ। ਹਾਜ਼ਰ ਸਾਧਕਾਂ ਨੇ ਵੀ ਉਤਸ਼ਾਹ ਨਾਲ ਨ੍ਰਿਤ ਵਿੱਚ ਭਾਗ ਲਿਆ ਅਤੇ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਇਸ ਮੌਕੇ ਪੂਰਵ ਵਿਧਾਇਕ ਐੱਨ ਕੇ ਸ਼ਰਮਾ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਵਿੱਚ ਪਹੁੰਚੇ। ਉਨ੍ਹਾਂ ਨੇ ਦੀਪ ਪ੍ਰਜਵਲਿਤ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਹਾਜ਼ਰ ਯੋਗ ਪਰਿਵਾਰ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸੁਤੰਤਰਤਾ ਦਿਵਸ ਅਤੇ ਤੀਜ ਮਹੋਤਸਵ ਦੀਆਂ ਮੁਬਾਰਕਾਂ ਦਿੱਤੀਆਂ। ਪਤੰਜਲੀ ਯੋਗ ਪਰਿਵਾਰ ਵੱਲੋਂ ਜ਼ਿਲ੍ਹਾ ਇੰਚਾਰਜ ਸ਼੍ਰੀ ਸੁਖਵਿੰਦਰ ਸਿੰਘ ਨੇ ਪੂਰਵ ਵਿਧਾਇਕ ਸ਼੍ਰੀ ਐੱਨ.ਕੇ. ਸ਼ਰਮਾ ਦਾ ਸਵਾਗਤ ਅਤੇ ਸਨਮਾਨ ਕੀਤਾ। ?ਪ੍ਰੋਗਰਾਮ ਦੇ ਤੀਜੇ ਚਰਨ ਵਿੱਚ ਭਰਾਵਾਂ, ਭੈਣਾਂ ਅਤੇ ਬੱਚਿਆਂ ਲਈ ਚੇਅਰ ਰੇਸ ਪ੍ਰਤੀਯੋਗਤਾ ਕਰਵਾਈ ਗਈ। ਪ੍ਰਤੀਯੋਗਤਾ ਵਿੱਚ ਭਾਗੀਦਾਰਾਂ ਨੇ ਉਤਸ਼ਾਹ ਅਤੇ ਉਮੰਗ ਨਾਲ ਹਿੱਸਾ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਵੱਖ-ਵੱਖ ਯੋਗ ਪ੍ਰਤੀਯੋਗਤਾਵਾਂ ਅਤੇ ਚੇਅਰ ਰੇਸ ਵਿੱਚ ਸਫ਼ਲ ਰਹੇ ਭਾਗੀਦਾਰਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।



## ਲੇਡੀਜ਼ ਜਿਮ ਫਨ ਐਂਡ ਫਿਟਨੈੱਸ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**-ਲੇਡੀਜ਼ ਜਿਮ ਫਨ ਐਂਡ ਫਿਟਨੈੱਸ ਵੱਲੋਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਜਿਮ ਨਾਲ ਜੁੜੀਆਂ ਮਹਿਲਾਵਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਪੰਜਾਬੀ ਸੱਭਿਆਚਾਰ ਦੀਆਂ ਪੁਰਾਤਨ ਰਵਾਇਤਾਂ ਨੂੰ ਯਾਦ ਕਰਦਿਆਂ ਤੀਆਂ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਸਮਾਗਮ ਵਿੱਚ ਅਮਨ ਸੰਧੂ ਨੇ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਅਮਨ ਸੰਧੂ ਨੇ ਸਮੂਹ ਪੰਜਾਬ ਵਾਸੀਆਂ ਨੂੰ ਤੀਆਂ ਦੇ ਪਵਿੱਤਰ ਅਤੇ ਖੁਸ਼ੀਆਂ ਭਰੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੁੜਿਆ ਹੋਇਆ ਮਹੱਤਵਪੂਰਨ ਤਿਉਹਾਰ ਹੈ, ਜਿਸ ਨੂੰ ਮਿਲਜੁਲ ਕੇ ਮਨਾਉਣ ਨਾਲ ਸਾਡੀਆਂ ਸੱਭਿਆਚਾਰਕ ਪਰੰਪਰਾਵਾਂ ਹੋਰ ਮਜ਼ਬੂਤ ਹੁੰਦੀਆਂ ਹਨ।ਇਸ ਮੌਕੇ ਅਮਨ ਕੌਰ, ਨੀਤੂ ਟਿਵੰਕਲ ਖੰਨਾ, ਪ੍ਰੀਤ, ਪਹਿਲਪ੍ਰੀਤ, ਸਾਕਸ਼ੀ, ਕੋਨਿਕਾ ਅਰੋੜਾ, ਅੰਜਲੀ ਮਹਿਰਾ, ਸਾਕਸ਼ੀ ਮਰਵਾਹਾ, ਕਿਰਨਪਾਲ ਕੌਰ, ਅਮਨ ਸੰਧੂ ਅਤੇ ਦੀਪਿਕਾ ਆਵਾ ਸਮੇਤ ਹੋਰ ਮਹਿਲਾਵਾਂ ਵੀ ਹਾਜ਼ਰ ਸਨ।ਸਮਾਗਮ ਦੌਰਾਨ ਮਹਿਲਾਵਾਂ ਨੇ ਪੰਜਾਬੀ ਪਹਿਰਾਵੇ ਵਿੱਚ ਸਜ-ਧਜ ਕੇ ਤੀਆਂ ਦੀ ਰੌਣਕ ਨੂੰ ਹੋਰ ਵਧਾਇਆ ਅਤੇ ਆਪਸੀ ਮਿਲਵਰਤਣ ਰਾਹੀਂ ਇਸ ਤਿਉਹਾਰ ਦੀਆਂ ਖੁਸ਼ੀਆਂ ਮਨਾਈਆਂ।

